## ਅੱਜ ਦਾ ਵਿਚਾਰ

ਭੁੱਖਾ ਢਿੱਡ, ਖਾਲੀ ਜੇਬ ਅਤੇ ਝੂਠਾ ਪਿਆਰ ਇਨਸਾਨ ਨੂੰ ਜੀਵਨ ਵਿਚ ਬਹੁਤ ਕੁਝ ਸਿਖਾ ਜਾਂਦਾ ਹੈ

# PREETNAMA ਪ੍ਰੀਤਨਾਮਾ

ਖਰਾ ਸੱਚ

ਨਿਊਯਾਰਕ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ Online and Print Media +1 201-312-4180

ਰੋਜ਼ਾਨਾ ਦੀਆਂ ਤਾਜ਼ੀਆਂ ਖ਼ਬਰਾਂ, ਲੇਖ ਅਤੇ ਕਾਵਿ ਕਵਿਤਾਵਾਂ ਲਈ ਦੇਖੋ ਸਾਡੀ ਵੈਬਸਾਈਟ www.preetnama.com

ਸਾਲ 1, ਅੰਕ 29, ਮਿਤੀ : 15 ਨਵੰਬਰ, 2019 ਤੋਂ 21 ਨਵੰਬਰ, 2019 ਵੈਬਸਾਈਟ : www.preetnama.com ਈਮੇਲ preetnamausa@gmail.com




# ਰੂਹਾਨੀਅਤ ਦਾ ਅਹਿਸਾਸ ਕਰਵਾਉਂਦਾ ਸੰਗੀਤ ਸੂਫ਼ੀ ਸੰਗੀਤ

ਸੰਗੀਤ ਯਾਨੀ ਸਾਧਨਾਂ ।ਸੰਗੀਤ ਦੇ ਕਈ ਰੰਗ ਹਨ ਜਿਵੇਂ ਲੋਕ ਸ਼ਗੀਤ,ਸਭਿਆਚਾਰਿਕ ਸੰਗੀਤ ,ਸੂਫ਼ੀ ਸੰਗੀਤ ਆਦਿ ।ਸੂਫ਼ੀ ਸੰਗੀਤ ਆਤਮਾ ਨੂੰ ਪਰਮਾਤਮਾ ਨਾਲ ਮਿਲਾਉਣ ਦਾ ਇਕ ਸਾਧਨ ਹੈ। ਦੁਨੀਆ ਤੋਂ ਬੇਖ਼ਬਰ ,ਹਰ ਦੁੱਖ ਸੁੱਖ ਤੋਂ ਬੇਪਰਵਾਹ ਤੇ ਚਿੰਤਾ-ਮੁਕਤ ਹੋ ਕੇ ਸੰਗੀਤ ਦੇ ਰਸ ਵਿੱਚ ਇਸ ਤਰਾ ਖੋ ਜਾਣਾ ਕਿ ਜਿਵੇਂ ਅਸੀਂ ਉਸ ਮਾਲਕ ਦੇ ਦੁਆਰੇ ਦੀ ਹਜ਼ੂਰੀ ਵਿੱਚ ਬੈਠੇ ਹੋਈਏ ਅਜਿਹਾ ਸੰਗੀਤ ਹੈ ਸ਼ੂਫੀ ਸੰਗੀਤ । ਮੁੱਢ ਕਾਲੀਨ ਤੋਂ ਹੀ ਸੂਫ਼ੀ ਸੰਗੀਤ ਨੂੰ ਰੂਹਾਨੀਅਤ ਦਾ ਦਰਜਾ ਪ੍ਰਾਪਤ ਹੈ ।ਫਰੀਦ ਜੀ (1173/1265) ਪਹਿਲੇ ਸੂਫ਼ੀ ਭਗਤ ਸਨ । ਜਿਨਾ ਦੇ ਰਚੇ ਦੋਹੇ ਤੇ ਰਚਨਾਵਾਂ ਅੱਜ ਵੀ ਸਾਡਾ ਮਾਰਗ ਦਰਸ਼ਨ ਕਰਦੇ ਹਨ ।ਤੇ ਜ਼ਿੰਦਗੀ ਦੀ ਸਚਾਈ ਨਾਲ ਸਾਹਮਣਾ ਕਰਵਾਉਂਦੇ ਹਨ ।ਪ੍ਰਭੂ ਬਿਰਹਾ ਵਿੱਚ ਉਹਨਾਂ ਦੀ ਰਚੀ ਅਨਮੋਲ ਬਾਣੀ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਦਰਜ ਹੈ ।ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ 1469-1539)ਜੀ ਦੀ ਸੰਗੀਤਕ ਤੇ ਰੂਹਾਨੀ ਬਾਣੀ ਰੂਹ ਦੇ ਤਾਰ ਪਰਮਾਤਮਾ ਨਾਲ ਮੇਲਦੀ ਹੈ । ਜਪੁ ਸਾਹਿਬ ,ਮਾਝ ਦੀ ਵਾਰ ,ਮੱਲਾਰ ਦੀ ਵਾਰ,ਆਸ਼ਾ ਦੀ ਵਾਰ,ਸਿੱਧ ਗੋਸ਼ਟੀ , ਬਾਰਾਂ ਮਾਂਹ ਤੇ ਸੋਹਿਲਾ ਸਾਹਿਬ ਆਦਿ ਬਾਣੀਆਂ ਸਿੱਧ ਕਰਦੀਆਂ ਹਨ ਕਿ ਸੂਫ਼ੀ ਸ਼ਗੀਤ ਸੰਗੀਤ ਰੂਹ ਦੀ ਖ਼ੁਰਾਕ ਤਾਂ ਹੁੰਦਾ ਹੀ ਸਗੋਂ ਬਾਣੀ ਰਾਹੀਂ ਉਪਦੇਸ਼ ਦੇ ਕੇ ਕਈ ਤਰਾ ਦੀਆ ਬੁਰਾਈਆਂ ਵੀ ਦੂਰ ਕੀਤਾ ਜਾ ਸਕਦਾ ਹੈ। ਭਾਈ ਬਾਲਾ ਤੇ ਭਾਈ ਮਰਦਾਨਾ ਜੇ ਰਬਾਬ ਨਾਲ ਰਚੀ ਮੇਰੇ ਪਾਤਸ਼ਾਹ ਜੀ ਦੀ ਅਦੁਤੀ ਬਾਣੀ ਸੂਫ਼ੀ ਜਗਤ ਵਿੱਚ ਉੱਚਾ ਮੁਕਾਮ ਰੱਖਦੀ ਹੈ ।ਇਸ ਤੋਂ ਇਲਾਵਾ ਸ਼ਾਹ ਹੁਸੈਨ,ਸੁਲਤਾਨ ਬਾਹੂ,ਬੁੱਲੇ ਸ਼ਾਹ ,ਵਾਰਿਸ ਸ਼ਾਹ ,ਸਾਡੇ ਸੰਗੀਤ ਇਤਿਹਾਸ ਦੇ ਚਮਕਦੇ ਸਿਤਾਰੇ ਹਨ । ਸਮੇਂ ਦੀ ਬਦਲਵੀ ਚਾਲ ਦਾ ਅਸਰ ਸ਼ਗੀਤ ਉੱਤੇ ਵੀ ਪਿਆਂ ।ਬੁੱਲੇ ਸ਼ਾਹ ਤੇ ਵਾਰਿਸ ਦੀ ਹੀਰ ਨੂੰ ਭੁੱਲ ਕੇ ਲੋਕਾਂ ਦਾ ਧਿਆਨ ਪੱਛਮੀ ਪੋਪ ਸ਼ਗੀਤ ਵੱਲ ਮੁੱੜ ਗਿਆ ਪਰ ਉਸ ਸੰਗੀਤਾਂ ਵੱਚ ਸਾਡੇ ਸ਼ੂਫੀ ਸੰਗੀਤ ਵਰਗੀ ਨਾ ਤਾਂ ਮਿਠਾਸ ਹੈ ਤੇ ਨਾ ਹੀ ਸ਼ਾਂਤੀ ।ਬੱਸ ਐਵੇਂ ਰੋਲਾ ਰੱਪਾ ਤੇ ਸ਼ੋਰ ਸ਼ਰਾਬਾਂ ।ਪਰ ਉਸਤਾਦ ਪੂਰਨ ਸ਼ਾਹ ਕੋਟੀ ਜੀ ਨੇ ਆਪਣੀ ਇਤਿਹਾਸਕ ਸੰਗੀਤ ਦੀ ਲੜੀ ਨੂੰ ਟੁੱਟਣ ਨਹੀਂ ਦਿੱਤਾ ।ਉੱਚ ਦਰਜੇ ਵਾਲੇ ਸੂਫ਼ੀ ਗਾਇਕ ਹੰਸਰਾਜ ਹੰਸ ਤੇ ਮਾਸਟਰ ਸਲੀਮ ਵਰਗੇ ਮੋਤੀ ਪੰਜਾਬ ਦੀ ਝੋਲੀ ਪਾ ਦਿੱਤੇ ।ਜੋ ਸਾਡੇ ਰੂਹਾਨੀ ਸੰਗੀਤ ਦੇ ਪਹਿਰੇਦਾਰ ਹੋ ਗੁਜ਼ਰੇ । ਗੁਰਦਾਸ ਮਾਨ ਜੀ ਸੂਫ਼ੀ ਗਾਇਕੀ ਦੇ ਵਿਲੱਖਣ ਸਿਤਾਰੇ ਹਨ ਤੇ ਸੁਰਿੰਦਰ ਸ਼ਿੰਦਾ ਜੀ ਨੇ ਵੀ ਬਹੁੱਤ ਵਧੀਆਂ ਸੂਫ਼ੀ ਗਾਣੇ ਗਾ ਕੇ ਚੰਗਾ ਨਾਮਣਾ ਖੱਟਿਆ ਹੈ । ਪਿਛਲੇ ਕੁੱਝ ਸਮੇਂ ਵਿੱਚ ਗਾਇਕੀ ਦਾ ਮਿਆਰ ਬਹੁੱਤ ਨੀਵਾ ਮਹਿਸੂਸ ਹੋਣ ਲੱਗਾ ਸੀ ਕਾਰਣ ਗੀਤਾ ਦੇ ਬੋਲਾ ਵਿੱਚਲੀ ਲੱਚਰਤਾ ਸੀ ।ਰਾਤੋ ਰਾਤ ਪੈਸਾ ਖਰਚ ਕੇ ਬਿਨਾ ਸੰਗੀਤ ਵਿੱਦਿਆ ਸਿੱਖੇ ਕੁੱਝ ਕੁ ਗਾਇਕਾ ਨੇ ਸਾਡੇ ਪੰਜਾਬੀ ਸੰਗੀਤ ਨੂੰ ਇੰਨਾਂ ਕੁ ਮਾੜਾ ਕਰ ਦਿੱਤਾ ਕਿ ਪਰਿਵਾਰ ਵਿੱਚ ਬੈਠ ਕੇ ਸੁਣਨ ਵਿੱਚ ਖੁੱਦ ਨੂੰ ਸ਼ਰਮਿੰਦਗੀ ਮਹਿਸੂਸ ਹੋਣ ਲੱਗੀ।ਪਰ ਭਲਾ ਹੋਵੇ ਨੋਜਵਾਨ ਪੀੜੀ ਦੇ ਸਰਤਾਜ, ਕੰਨਵਰ ਗਰੇਵਾਲ਼,ਨੂਰਾਂ ਸਿਸਟਰ ,ਵਡਾਲੀ ਭਰਾ ਵਰਗੇ ਸੂਫ਼ੀ ਗਾਇਕਾ ਦਾ ਜਿਨਾ ਨੇ ਸੰਗੀਤ ਪਤਨ ਹੋਣ ਤੋਂ ਬਚਾ ਲਿਆ ।ਅੱਜ ਇੱਕ ਵਾਰ ਫੇਰ ਪੰਜਾਬ ਦਾ ਰੂਹਾਨੀ ਸ਼ਗੀਤ ਆਪਣੇ ਉਸੇ ਉੱਚੇ ਸੁੱਚੇ ਮੁਕਾਮ ਤੇ ਹੈ ਜੋ ਸੰਗੀਤ ਵਿੱਚ ਰੱਬ ਦਾ ਅਹਿਸਾਸ ਕਰਵਾਉਂਦਾ ਹੈ। ਵਿਰਸੇ ਦੇ ਵਾਰਿਸ,ਲੋਕ ਸੰਗੀਤ ,ਸੂਫ਼ੀ ਗਾਉਣ ਵਾਲੇ ਸਾਡੇ ਇਹ ਗਾਇਕਾ ਤੇ ਗੀਤਕਾਰਾਂ ਨੂੰ ਰੱਬ ਤਰੱਕੀਆਂ ਬਖ਼ਸ਼ੇ ਤਾਂ ਜੋ ਅਸੀਂ ਇੰਨਾਂ ਨੂੰ ਸੁਣਦੇ ਰਹੀਏ ਤੇ ਆਪਣੇ ਵਿਰਸੇ ਨਾਲ ਜੁੱੜੇ ਰਹੀਏ ।ਅੱਜ ਪੰਜਾਬੀ ਲੋਕ ਤੇ ਸੂਫ਼ੀ ਸੰਗੀਤ ਦੇਸ਼ ਵਿਦੇਸ਼ ਵਿੱਚ ਆਪਣੀ ਪਹਿਚਾਣ ਬਣਾ ਚੁੱਕਿਆਂ ਹੈ ।ਕੁੱਝ ਇੱਕ ਮਾੜੀ ਸੋਚ ਤੇ ਘਟੀਆ ਗਾਣੇ ਗਾ ਕੇ ਰਾਤੋ ਰਾਤ ਸਟਾਰ ਬਣਨ ਦਾ ਸੁਪਨਾ ਦੇਖਣ ਵਾਲੇ ਗਾਇਕ ਜੋ ਮਰਜ਼ੀ ਕਰ ਲੈਣ ਜਦੋਂ ਸਾਡੇਂ ?ਹ ਅਨਮੋਲ ਸੂਫ਼ੀ ,ਲੋਕ ਤੇ ਸੱਭਿਆਚਾਰਿਕ ਗਾਇਕੀ ਵਾਲੇ ਗਾਇਕ ਹਨ ਸੰਗੀਤ ਦਾ ਮਿਆਰ ਉੱਚਾ ਤੇ ਸੁੱਚਾ ਹੀ ਰਹੇਗਾ ।



ਪ੍ਰਿਤਪਾਲ ਕੋਰ ਪ੍ਰੀਤ
ਮੁੱਖ ਸੰਪਾਦਕ

## ਸੰਸਾਰ ਭਰ 'ਚ ਸਿੱਖ ਕੌਮ ਵੱਲੋਂ ਨਸਲਕੁਸ਼ੀ ਵਿਰੁੱਧ ਮੁਹਿੰਮ

# 'ਨਸਲਕੁਸ਼ੀ 1984' ਦੀ ਯਾਦ ਵਿੱਚ ਖ਼ੂਨਦਾਨ ਕਰਕੇ 140,000 ਤੋਂ ਵੱਧ ਜਾਨਾਂ ਬਚਾਈਆਂ

ਸੰਨ 1984, ਵਿੱਚ ਹਿੰਦੋਸਤਾਨ ਦੀ ਰਾਜਧਾਨੀ ਅਤੇ ਦੇਸ਼ ਵਿਚਲੇ ਹੋਰਨਾਂ ਭਾਗਾਂ ਵਿੱਚ ਵਾਪਰੇ ਤੀਜੇ ਘਲੂਘਾਰੇ ਅਖੌਤੀ ਲੋਕਤੰਤਰ ਦੀਆਂ ਗਲੀਆਂ ਵਿੱਚ ਚਿੱਟੇ ਦਿਨ 30,000 ਤੋਂ ਜ਼ਿਆਦਾ (ਹੁਣ ਤੱਕ ਦੀ ਜਾਣਕਾਰੀ ਮੁਤਾਬਿਕ) ਸਿਖਾਂ ਦਾ ਭਿਆਨਕ ਕਤਲੇਆਮ ਅਤੇ ਉਸ ਪਿੱਛੋਂ ਲਗਾਤਾਰ ਅੱਜ ਤੱਕ ਸਮੁੱਚੀ ਕੌਮ ਦਾ ਘਾਣ ਅਤੇ ਜ਼ਲੀਲ ਕਰਨ ਵਾਲੇ ਚਾਲਬਾਜ਼ ਵਹਿਸ਼ੀ ਚਿਹਰੇ ਨੂੰ ਬੇ-ਨਕਾਬ ਕਰਨ ਲਈ ਦੁਨੀਆਂ ਭਰ ਵਿੱਚ ਉੱਠੀ ਇਨਸਾਫ਼-ਪਸੰਦ ਲੋਕਾਂ ਦੀ ਅਵਾਜ਼ ਐਮਨਾਬਾਦ ਦੀ ਧਰਤੀ ਦੇ ਇਤਿਹਾਸ ਨੂੰ ਦੁਹਰਾ ਰਹੀ ਹੈ। ਬਿਪ੍ਰਵਾਦੀ ਜ਼ਾਬਰ ਸੋਚ ਦੇ ਖ਼ੂਨੀਂ-ਪੰਜੇ ਚੋਂ ਮਨੁੱਖਤਾ ਨੂੰ ਬਚਾਉਣ ਲਈ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਸੋਚ ਦੇ ਵਾਰਿਸ ਆਪਣਾ ਖ਼ੂਨ ਦਾਨ ਕਰਕੇ ਜੀਉ ਅਤੇ ਜਿਉਣ ਦਿਉ ਦੇ ਸਿਧਾਂਤ ਤੇ ਪਹਿਰਾ ਦੇ ਰਹੇ ਹਨ।ਨਸਲਕੁਸ਼ੀ ਵਿਰੁੱਧ ਅਰੰਭੀ ਇਸ ਖ਼ੂਨਦਾਨ ਮੁਹਿੰਮ ਤਹਿਤ ਸਿੱਖ ਕੌਮ ਹੁਣ ਤੱਕ 140000 ਤੋਂ ਵੱਧ ਵਿਅਕਤੀਆਂ ਨੂੰ ਨਵੀਂ ਜਿੰਦਗੀ ਦੇ ਚੁੱਕੀ ਹੈ। ਕੁਝ ਸਾਲ ਪਹਿਲਾਂ ਕੈਨੇਡੀਅਨ ਬਲੱਡ ਸਰਵਿਸ (ਫੈਡਰਲ ਅਦਾਰਾ) ਵੱਲੋਂ ਕੈਨੇਡੀਅਨ ਸਿੱਖਾਂ ਨੂੰ ਦੇਸ਼ ਭਰ ਵਿੱਚ ਸਭ ਤੋਂ ਵੱਧ ਖ਼ੂਨਦਾਨ ਕਰਕੇ ਕੀਮਤੀ ਜਾਨਾਂ ਬਚਾਉਣ ਲਈ ਕੈਨੇਡਾ ਦੀ ਰਾਜਧਾਨੀ ਆਟਵਾ ਵਿੱਚ ਸਨਮਾਨਿਤ ਕੀਤਾ ਗਿਆ ਹੈ। ਖ਼ੂਨਦਾਨ ਮੁਹਿੰਮ ਜਿਸ ਉਤਸ਼ਾਹ ਨਾਲ 'ਸਿੱਖ ਨਸਲਕੁਸ਼ੀ 1984' ਨੂੰ ਯਾਦ ਕਰਦੀ ਹੋਈ ਸਿੱਖ ਕੌਮ ਦੁਨੀਆਂ ਭਰ ਵਿੱਚ ਖ਼ੂਨਦਾਨ ਕਰ ਰਹੀ ਹੈ, ਜਾਨਾਂ ਬਚਾਉਣ ਦੀ ਇਹ ਗਿਣਤੀ ਜਲਦੀ ਹੀ ਲੱਖਾਂ ਦਾ ਅੰਕੜਾ ਪਾਰ ਕਰ ਜਾਵੇਗੀ ਅਤੇ ਸਿੱਖ ਕੌਮ ਦੁਨੀਆਂ ਭਰ 'ਚ ਮਨੁੱਖੀ ਹੱਕਾਂ ਦੀ ਅਲੰਬਰਦਾਰ ਵਜੋਂ ਜਾਣੀ ਜਾਵੇਗੀ। ਇਹ ਮੁਹਿੰਮ ਹਮੇਸ਼ਾ ਹੀ ਉਨ੍ਹਾਂ ਵਿਆਕਤੀਆਂ, ਸੰਸਥਾਵਾਂ ਜਾਂ ਸਰਕਾਰਾਂ ਨੂੰ ਪ੍ਰਣਾਮ ਕਰਦੀ ਹੈ ਜੋ ਮਨੁੱਖੀ ਜਾਨਾਂ ਅਤੇ ਮਨੁੱਖੀ ਅਧਿਕਾਰਾਂ ਨੂੰ ਬਚਾਉਣ ਲਈ ਕੰਮ ਕਰਦੇ ਹਨ। ਪਿਛਲੇ ਸਾਲਾਂ ਵਾਂਗ ਇਸ ਸਾਲ ਵੀ ਇਸ ਮੁਹਿੰਮ ਤਹਿਤ ਨਵੰਬਰ ਵਿੱਚ ਕੈਨੇਡਾ ਦੇ ਸਾਰੇ ਪ੍ਰਮੁੱਖ ਸ਼ਹਿਰਾਂ ਜਿਵੇਂ ਕੇ ਵੈਨਕੂਵਰ, ਟਰੰਟੋ, ਕੈਲਗਰੀ, ਐਡਮਿੰਟਨ, ਵਿਨੀਪੈਗ, ਸਿਸਕਾਟੂਨ, ਰਿਜ਼ਾਇਨਾਂ ਅਤੇ ਅਮਰੀਕਾ ਵਿੱਚ ਸਿਆਟਲ ਸ਼ਿਕਾਗੋ, ਵਿਸਕਾਸਨ, ਬੇਕਰਸਫੀਲਡ ਤੋਂ ਇਲਾਵਾ ਅਸਟਰੇਲੀਆ ਅਤੇ ਨਿਉਜ਼ੀਲੈਂਡ ਦੇ ਵੱਖ ਵੱਖ ਸ਼ਹਿਰਾਂ ਵਿੱਚ ਖ਼ੂਨਦਾਨ ਮੁਹਿੰਮ ਚਲੇਗੀ।ਦੁਨੀਆਂ ਦੇ 122 ਤੋਂ ਵੱਧ ਮੁਲਕਾਂ ਵਿੱਚ ਵੱਸਦੀ ਸਿੱਖ ਕੌਮ ਦਾ ਇਹ ਅਟੱਲ ਵਿਸ਼ਵਾਸ਼ ਅਤੇ ਭਰੋਸਾ ਹੈ ਕਿ ਲੋਕਾਂ ਦੀ ਤਾਕਤ ਤੋਂ ਵੱਡੀ ਕੋਈ ਤਾਕਤ ਨਹੀਂ ਅਤੇ ਜ਼ਾਬਰ ਕਿੰਨਾਂ ਵੀ ਤਾਕਤਵਾਰ ਅਤੇ ਮਕਾਰ ਕਿਉਂ ਨਾ ਹੋਵੇ ਉਹ ਸੱਚ ਨੂੰ ਖਤਮ ਨਹੀਂ ਕਰ ਸਕਦਾ।




## ਪਾਕਿਸਤਾਨ ਗਈਆਂ ਸੰਗਤਾਂ ਹੋਈਆਂ ਧਨ-ਧਨ, ਹਜ਼ਾਰਾਂ ਸ਼ਰਧਾਲੂ ਵਤਨ ਪਰਤੇ

ਅਟਾਰੀ: ਪਾਕਿਸਤਾਨ ਵਿਚਲੇ ਗੁਰਧਾਮਾਂ ਦੇ ਦਰਸ਼ਨ ਦੀਦਾਰੇ ਕਰਨ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਗੁਰਪੁਰਬ ਮਨਾਉਣ ਲਈ ਭਾਰਤ ਤੋਂ ਪਾਕਿਸਤਾਨ ਗਏ ਸਿੱਖ ਸ਼ਰਧਾਲੂਆਂ ਦੇ ਜਥੇ ਭਾਰਤ ਵਾਪਸ ਪਰਤਣੇ ਸ਼ੁਰੂ ਹੋ ਗਏ ਹਨ। ਪਾਕਿਸਤਾਨ ਸਰਕਾਰ ਨੇ ਇਸ ਮੌਕੇ ਵੱਡੀ ਗਿਣਤੀ ਵਿੱਚ ਭਾਰਤੀਆਂ ਨੂੰ ਵੀਜ਼ੇ ਜਾਰੀ ਕੀਤੇ ਸਨ। ਪਾਕਿਸਤਾਨ ਸਰਕਾਰ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਵਾਰ 1200 ਦੇ ਕਰੀਬ ਵੀਜ਼ੇ ਜਾਰੀ ਕੀਤੇ ਸਨ। ਇਸ ਤੋਂ ਇਲਾਵਾ ਦਿੱਲੀ ਤੋਂ 1300 ਦੇ ਕਰੀਬ ਸਿੱਖ ਸੰਗਤਾਂ ਦਾ ਜੱਥਾ ਪਾਕਿਸਤਾਨ ਗਿਆ ਸੀ ਜਦਕਿ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਹੋਰ ਯੂਰਪੀ ਦੇਸ਼ਾਂ ਵਿੱਚ ਰਹਿ ਰਹੇ ਐਨਆਰਆਈਜ਼ ਨੇ ਵੀ ਇਸ ਵਾਰ ਵੱਡੀ ਗਿਣਤੀ ਵਿੱਚ ਪਾਕਿਸਤਾਨ ਸਰਕਾਰ ਕੋਲੋਂ ਵੀਜ਼ੇ ਪ੍ਰਾਪਤ ਕੀਤੇ। ਇਨ੍ਹਾਂ ਦੀ ਗਿਣਤੀ ਤਿੰਨ ਹਜ਼ਾਰ ਕਰੀਬ ਸੀ। ਇਹ ਜੱਥੇ ਨਵੰਬਰ ਮਹੀਨੇ ਦੇ ਸ਼ੁਰੂ ਵਿੱਚ ਪਾਕਿਸਤਾਨ ਰਵਾਨਾ ਹੋਏ ਸਨ। ਇਸ ਦੇ ਨਾਲ ਹੀ ਦਿੱਲੀ ਦੀ ਸੰਗਤ ਬਾਕਾਇਦਾ ਨਗਰ ਕੀਰਤਨ ਨਨਕਾਣਾ ਸਾਹਿਬ ਲੈ ਕੇ ਗਈ ਸੀ। ਬੀਤੀ ਰਾਤ ਗੁਰਪੁਰਬ ਨਾਲ ਸਬੰਧਤ ਸਮਾਗਮ ਦੀ ਸਮਾਪਤੀ ਉਪਰੰਤ ਹੁਣ ਇਹ ਸੰਗਤ ਭਾਰਤ ਪਰਤਣਾ ਸ਼ੁਰੂ ਹੋ ਗਈ ਹੈ। ਇਸ ਦੇ ਚੱਲਦੇ ਵੱਖ-ਵੱਖ ਜਥਿਆਂ ਵਿੱਚ ਸੰਗਤ ਅੱਜ ਵਾਹਗਾ-ਅਟਾਰੀ ਸਰਹੱਦ ਰਾਹੀਂ ਭਾਰਤ ਵਿੱਚ ਦਾਖ਼ਲ ਹੋਈ। ਤਕਰੀਬਨ ਢਾਈ ਹਜ਼ਾਰ ਦੇ ਕਰੀਬ ਸਿੱਖ ਸ਼ਰਧਾਲੂ ਅੱਜ ਭਾਰਤ ਵਾਪਸ ਪਰਤੇ।




(ਸੰਖੇਪ ਖ਼ਬਰਾਂ 2-3 'ਤੇ ਦੇਖੋ)

## ਇਸ ਮਹੀਨੇ ਦੇ ਦਿਨ ਤਿਉਹਾਰ

| | |
|---|---|
| ਈਦ ਏ ਮਿਲਾਦ | 10 ਨਵੰਬਰ |
| ਅਵਤਾਰ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ | 12 ਨਵੰਬਰ |
| ਸ਼ਹੀਦੀ ਦਿਵਸ ਬਾਬਾ ਦੀਪ ਸਿੰਘ ਜੀ | 15 ਨਵੰਬਰ |
| ਜਨਮ ਦਿਵਸ ਬਾਬਾ ਜ਼ੋਰਾਵਰ ਫਸੰਘ ਜੀ | 30 ਨਵੰਬਰ |
| ਪੰਚਮੀ | 01 ਨਵੰਬਰ |
| ਸੰਗਰਾਂਦ | 16 ਨਵੰਬਰ |
| ਪੂਰਨਮਾਸੀ | 12 ਨਵੰਬਰ |
| ਮੱਸਿਆ | 26 ਨਵੰਬਰ |

## ਇਸ ਅੰਕ ਦਾ ਸਵਾਲ

**ਕੀ ਕਰਤਾਰਪੁਰ ਸਾਹਿਬ ਦੇ ਲਾਂਘੇ 'ਤੇ ਪਾਕਿਸਤਾਨ ਵੱਲੋਂ 20 ਡਾਲਰ ਫੀਸ ਵਸੂਲ ਕਰਨਾ ਜਾਇਜ਼ ਹੈ ?**

**ਜਵਾਬ** :-

**ਹਾਂ ਜਾਂ ਨਾਂਹ ਵਿੱਚ ਦੱਸੋ**

ਤੁਸੀਂ ਸਾਨੂੰ ਆਪਣੇ ਜੁਆਬ ਈਮੇਲ ਕਰ ਸਕਦੇ ਹੋ
preetnamausa@gmail.com

# ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਿਆ

## ਪ੍ਰਧਾਨ ਮੰਤਰੀ ਮੋਦੀ ਨੇ ਉਦਘਾਟਨ ਤੋਂ ਬਾਅਦ ਇਮਰਾਨ ਖ਼ਾਨ ਦਾ ਕੀਤਾ ਧੰਨਵਾਦ







ਡੇਰਾ ਬਾਬਾ ਨਾਨਕ : 72 ਸਾਲਾ ਤੋਂ ਸੰਗਤਾਂ ਵਲੋਂ ਕੀਤੀਆਂ ਜਾ ਰਹੀਆਂ ਅਰਦਾਸਾਂ ਅੱਜ ਪੂਰੀਆਂ ਹੋ ਗਈਆਂ , ਇਨ੍ਹਾਂ ਅਰਦਾਸਾਂ ਸਦਕਾ ਹੀ ਸ੍ਰੀ ਕਰਤਾਰਪੁਰ ਸਾਹਿਬ ਦਾ ਦੁਆਰ ਅੱਜ ਖੁੱਲ੍ਹ ਗਿਆ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਕਰਤਾਰਪੁਰ ਲਾਂਘੇ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਪ੍ਰਧਾਨ ਮੰਤਰੀ ਮੋਦੀ ਨਾਲ ਰਾਜਪਾਲ ਵੀ. ਪੀ. ਬਦਨੌਰ, ਕੇਂਦਰੀ ਰਾਜ ਮੰਤਰੀ ਹਰਦੀਪ ਸਿੰਘ ਪੁਰੀ, ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ, ਸੰਸਦ ਮੈਂਬਰ ਸੰਨੀ ਦਿਓਲ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਡਾ. ਦਲਜੀਤ ਸਿੰਘ ਚੀਮਾ, ਬਿਕਰਮ ਸਿੰਘ ਮਜੀਠੀਆ ਵੀ ਮੌਜੂਦ ਸਨ।

ਦੂਜੇ ਪਾਸੇ ਪਾਕਿ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਪਾਕਿਸਤਾਨ ਵਾਲੇ ਪਾਸਿਓਂ ਇਸ ਲਾਂਘੇ ਦਾ ਉਦਘਾਟਨ ਕੀਤਾ। ਇਸ ਉਦਘਾਟਨ ਮੌਕੇ ਜਿਥੇ ਪਾਕਿਸਤਾਨ ਤੋਂ ਆਏ ਸਿੱਖ ਜਥੇ ਅਤੇ ਉਥੇ ਦੀ ਲੀਡਰਸ਼ਿਪ ਮੌਜੂਦ ਸੀ ਉਥੇ ਹੀ ਭਾਰਤ ਵੱਲੋਂ ਗਿਆ ਪਹਿਲਾ ਜਥਾ ਵੀ ਉਸ ਉਦਘਾਟਨ ਸਮਾਰੋਹ ਵਿਚ ਸ਼ਾਮਲ ਹੋਇਆ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਸਵੇਰੇ ਪੰਜਾਬ ਪਹੁੰਚੇ ਸਨ, ਜਿਥੇ ਸਭ ਤੋਂ ਪਹਿਲਾਂ ਉਹ ਸੁਲਤਾਪੁਰ ਲੋਧੀ ਵਿਖੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ 'ਚ ਨਤਮਸਤਕ ਹੋਏ। ਇਸ ਤੋਂ ਉਪਰੰਤ ਮੋਦੀ ਡੇਰਾ ਬਾਬਾ ਨਾਨਕ ਵਿਖੇ ਪਹੁੰਚੇ। ਡੇਰਾ ਬਾਬਾ ਨਾਨਕ ਵਿਖੇ ਕਰਤਾਰਪੁਰ ਸਾਹਿਬ ਲਾਂਘੇ ਦੇ ਉਦਘਾਟਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦੀ ਸਿੱਖ ਸੰਗਤ ਦੇ ਨਾਲ-ਨਾਲ ਰਾਸ਼ਟਰ ਨੂੰ ਸੰਬੋਧਨ ਕੀਤਾ। ਉਨ੍ਹਾਂ ਆਪਣੇ ਇਸ ਸੰਬੋਧਨ ਦੌਰਾਨ ਜਿੱਥੇ ਇਸ ਲਾਂਘੇ ਦੀ ਉਸਾਰੀ ਦਾ ਕੰਮ ਸਮੇਂ-ਸਿਰ ਮੁਕੰਮਲ ਕਰਨ ਵਾਲੀਆਂ ਨਿਰਮਾਣ-ਟੀਮਾਂ ਦਾ ਧੰਨਵਾਦ ਕੀਤਾ; ਉੱਥੇ ਉਨ੍ਹਾਂ ਇਸ ਲਈ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ੍ਰੀ ਇਮਰਾਨ ਖ਼ਾਨ ਦਾ ਵੀ ਸ਼ੁਕਰੀਆ ਅਦਾ ਕੀਤਾ। ਉਨ੍ਹਾਂ ਕਿਹਾ ਕਿ ਇਹ ਲਾਂਘਾ ਖੁੱਲ੍ਹਣ ਨਾਲ ਹੁਣ ਕਰਤਾਰਪੁਰ ਸਾਹਿਬ ਸਥਿਤ ਗੁਰੂਘਰ ਦੇ ਦਰਸ਼ਨ ਸੁਖਾਲ਼ੇ ਹੋ ਜਾਣਗੇ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਕਰਤਾਰਪੁਰ ਸਾਹਿਬ ਦੀ ਧਰਤੀ ਦੇ ਕਣ-ਕਣ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਸੀਨੇ ਦੀ ਮਹਿਕ ਮਹਿਸੂਸ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਗੁਰੂ ਜੀ ਮਨੁੱਖਤਾ ਦੇ ਪੁੰਜ ਹਨ। ਸ੍ਰੀ ਮੋਦੀ ਨੇ ਕਿਹਾ ਕਿ ਧਾਰਾ-370 ਖ਼ਤਮ ਹੋਣ ਤੋਂ ਬਾਅਦ ਹੁਣ ਜੰਮੂ-ਕਸ਼ਮੀਰ ਤੇ ਲੱਦਾਖ ਜਿਹੇ ਖੇਤਰਾਂ ਵਿੱਚ ਵੀ ਸਿੱਖਾਂ ਨੂੰ ਉਨ੍ਹਾਂ ਦੇ ਪੂਰੇ ਅਧਿਕਾਰ ਆਸਾਨੀ ਨਾਲ ਮਿਲ ਸਕਣਗੇ। ਸ੍ਰੀ ਮੋਦੀ ਨੇ ਕਿਹਾ ਸਾਨੂੰ ਸਭ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਉੱਤੇ ਚੱਲਦਿਆਂ ਪਾਣੀ ਨੂੰ ਪਿਤਾ ਤੇ ਧਰਤੀ ਨੂੰ ਮਾਤਾ ਮੰਨਣਾ ਤੇ ਸਮਝਣਾ ਚਾਹੀਦਾ ਹੈ ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਨੇ ਸਦਾ ਵਹਿਮਾਂ-ਭਰਮਾਂ ਦਾ ਟਾਕਰਾ ਕੀਤਾ ਤੇ ਇਨ੍ਹਾਂ ਵਿੱਚ ਕਦੇ ਵੀ ਨਾ ਫਸਣ ਦਾ ਸੱਦਾ ਦਿੱਤਾ। ਸ੍ਰੀ ਮੋਦੀ ਨੇ ਕਿਹਾ ਕਿ ਜਿਹੋ ਜਿਹੀਆਂ ਸਿੱਖਿਆਵਾਂ ਗੁਰੂ ਨਾਨਕ ਦੇਵ ਜੀ ਨੇ ਦਿੱਤੀਆਂ, ਉਹ ਕਦੇ ਵੀ ਖ਼ਤਮ ਨਹੀਂ ਹੋਇਆ ਕਰਦੀਆਂ। ਗੁਰੂ ਜੀ ਦੀ ਬਾਣੀ ਯਕੀਨੀ ਤੌਰ ਸਮੂਹ ਦੇਸ਼ ਵਾਸੀਆਂ ਨੂੰ ਊਰਜਾ ਦਿੰਦੀ ਹੈ। ਪ੍ਰਧਾਨ ਮੰਤਰੀ ਸ੍ਰੀ ਮੋਦੀ ਨੇ ਇਸ ਮੌਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ 550 ਰੁਪਏ ਦਾ ਇੱਕ ਵਿਸ਼ੇਸ਼ ਸਿੱਕਾ ਅਤੇ ਡਾਕ-ਟਿਕਟਾਂ ਵੀ ਜਾਰੀ ਕੀਤੀਆਂ। ਇਸ ਉਪਰੰਤ ਸ੍ਰੀ ਮੋਦੀ ਨੇ ਲੰਗਰ ਹਾਲ ਵਿੱਚ ਬਹਿ ਕੇ ਆਮ ਸੰਗਤ ਨਾਲ ਲੰਗਰ ਛਕਿਆ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਦੇ ਨਾਲ ਬੈਠੇ ਸਨ। ਉਨ੍ਹਾਂ ਤੋਂ ਅੱਗੇ ਪੰਜਾਬ ਦੇ ਰਾਜਪਾਲ ਸ੍ਰੀ ਵੀਪੀਐੱਸ ਬਦਨੌਰ ਵੀ ਹੇਠਾਂ ਫ਼ਰਸ਼ 'ਤੇ ਬੈਠੇ ਸਨ।

## ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤਾ ਕਰਤਾਰਪੁਰ ਕਾਰੀਡੋਰ ਦਾ ਉਦਘਾਟਨ

ਡੇਰਾ ਬਾਬਾ ਨਾਨਕ- ਭਾਰਤ ਦੇ ਡੇਰਾ ਬਾਬਾ ਨਾਨਕ ਤੋਂ ਪਾਕਿਸਤਾਨ ਸਥਿਤ ਗੁਰੂਦੁਆਰਾ ਸ੍ਰੀ ਕਰਤਾਪੁਰ ਸਾਹਿਬ ਲਈ ਬਣਾਏ ਗਏ ਲਾਂਘੇ ਦਾ ਭਾਰਤ ਵਾਲੇ ਪਾਸਿਓਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਕਰਤਾਰਪੁਰ ਲਾਂਘੇ ਦਾ ਉਦਘਾਟਨ ਉਦਘਾਟਨੀ ਪੱਥਰ ਤੋਂ ਪਰਦਾ ਹਟਾ ਕੇ ਕੀਤਾ ਤੇ ਪਹਿਲੇ ਜਥੇ ਨੂੰ ਝੰਡੀ ਦਿੱਖਾ ਕੇ ਰਵਾਨਾ ਕੀਤਾ। ਪ੍ਰਧਾਨ ਮੰਤਰੀ ਨੇ ਕਰਤਾਰਪੁਰ ਕੋਰੀਡੋਰ ਦੇ ਉਦਘਾਟਨ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਉਤੇ ਬਣਾਈਆਂ ਗਈਆਂ ਦਸਤਾਵੇਜੀ (ਆਡੀਓ ਵਿਜੀਊਲ) ਫਿਲਮਾਂ ਵੀ ਵੇਖੀਆਂ। ਜਿਸ ਦੇ ਨਾਲ ਹੀ ਭਾਰਤ ਵਾਲੇ ਪਾਸਿਓਂ ਪਹਿਲਾਂ ਜੱਥਾ ਪਾਕਿਸਤਾਨ ਲਈ ਰਵਾਨਾ ਹੋ ਗਿਆ। ਇਸ ਜਥੇ ਵਿਚ ਦੇਸ਼ ਦੇ ਕਈ ਵੀ. ਵੀ. ਆਈ. ਪੀਜ਼. ਸ਼ਾਮਲ ਹਨ। ਜਿਨ੍ਹਾਂ ਵਿਚ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਐੱਮ. ਪੀ. ਸੰਨੀ ਦਿਓਲ, ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਸਣੇ ਵੱਡੀ ਗਿਣਤੀ ਵਿਚ ਸੰਗਤਾਂ ਤੇ ਵਿਧਾਇਕ, ਮੰਤਰੀ ਆਦਿ ਸ਼ਾਮਲ ਹਨ। ਇਸ ਪਹਿਲੇ ਜਥੇ ਦੀ ਅਗਵਾਈ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਕੀਤੀ ਜਾ ਰਹੀ ਹੈ। ਇਸ ਤੋਂ ਪਹਿਲਾਂ ਸਮਾਗਮ ਨੂੰ ਸੰਬੋਧਨ ਕਰਨ ਵੇਲੇ ਪ੍ਰਧਾਨ ਮੰਤਰੀ ਨਰਿੰਦਰ



ਮੋਦੀ ਨੇ ਫਤਿਹ ਬੁਲਾ ਕੇ ਆਪਣਾ ਭਾਸ਼ਣ ਸ਼ੁਰੂ ਕੀਤਾ। ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਇਹ ਮੇਰੇ ਲਈ ਭਾਗਾਂ ਵਾਲੀ ਗੱਲ ਹੈ ਜਦ ਮੈਂ ਇਸ ਕਾਰੀਡੋਰ ਦਾ ਉਦਘਾਟਨ ਕਰ ਰਹਾ ਹੈ। ਮੋਦੀ ਨੇ ਕਿਹਾ ਕਿ ਜਿਵੇਂ ਦਾ ਅਹਿਸਾਸ ਤਹਾਨੂੰ ਕਾਰ ਸੇਵਾ ਕਰਨ ਵੇਲੇ ਹੁੰਦਾ ਹੈ ਉਸੇ ਤਰ੍ਹਾਂ ਦਾ ਅਹਿਸਾਸ ਮੈਂ ਮਹਿਸੂਸ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਮੈਨੂੰ ਕੌਮੀ ਸੇਵਾ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਹੈ। ਮੈਂ ਇਸ ਪੁਰਸਕਾਰ ਨੂੰ ਗੁਰੂ ਨਾਨਕ ਦੇਵ ਜੀ ਦੇ ਚਰਨ ਵਿਚ ਸਮਰਪਿਤ ਕਰਦਾ ਹਾਂ। ਗੁਰੂ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਤੋਂ ਪਹਿਲਾਂ ਕਰਤਾਰਪੁਰ ਲਾਂਘੇ ਦਾ ਉਦਘਾਟਨ ਹੋਣਾ ਸਾਡੇ ਸਾਰੀਆਂ ਲਈ ਖੁਸ਼ੀਆਂ ਲੈ ਕੇ ਆਇਆ ਹੈ। ਕਾਰਤਰਪੁਰ ਕਾਰੀਡੋਰ ਬਣਨ ਤੋਂ ਬਾਅਦ ਗੁਰੂਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਹੁਣ ਸੌਖਾਲੇ ਹੋ ਜਾਣਗੇ। ਉਨ੍ਹਾਂ ਇਮਰਾਨ ਖਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਕਰਤਾਰਪੁਰ ਕਾਰੀਡੋਰ ਦੇ ਵਿਸ਼ੇ ਵਿਚ ਭਾਰਤੀਆਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਕੰਮ ਕੀਤਾ ਹੈ। ਗੁਰੂ ਨਾਨਕ ਦੇਵ ਜੀ ਸਿਰਫ ਸਿੱਖ ਪੰਥ ਦੀ ਹੀ ਧਰੋਹਰ ਨਹੀਂ ਸਗੋਂ ਸਮੂਹ ਲੋਕਾਈ ਲਈ ਪ੍ਰੇਰਨਾ ਕੁੰਜ ਹਨ। ਸਾਡੇ ਸੰਸਕਾਰ ਸਾਡੀ ਸੰਸਕ੍ਰਿਤੀ ਤੇ ਸਾਡੀ ਸੋਚ, ਸਾਡੇ ਵਿਚਾਰ, ਬੋਲ ਤੇ ਬਾਣੀ ਇਹ ਸਭ ਗੁਰੂ ਨਾਨਕ ਦੇਵ ਜੀ ਵਰਗੇ ਗੁਰੂਆਂ ਕਾਰਨ ਹੀ ਹੋਂਦ ਵਿਚ ਆਈ ਹੈ। ਉਨ੍ਹਾਂ ਕਿਹਾ ਕਿ ਗੁਰੂ ਜੀ ਨੇ "ਕੀਰਤ ਕਰੋ, ਨਾਮ ਜਪੋ, ਵੰਡ ਛਕੋ" ਦਾ ਮੂਲ ਮੰਤਰ ਦਿੱਤਾ ਹੈ। ਜਦੋਂ ਗੁਰੂ ਜੀ ਸੁਲਤਾਨਪੁਰ ਲੋਧੀ ਲਈ ਗਏ ਸਨ ਤਾਂ ਕਿਸ ਨੂੰ ਪਤਾ ਸੀ ਕਿ ਉਹ ਯੁਗ ਬਦਲਣ ਦੀ ਸ਼ੁਰੂਆਤ ਕਰਨ ਵਾਲੇ ਹਨ।

## ਅਸੀਂ ਸਿੱਖਾਂ ਲਈ ਸਰਹੱਦ ਨਹੀਂ ਆਪਣੇ ਦਿਲ ਖੋਲ੍ਹ ਰਹੇ ਹਾਂ: ਇਮਰਾਨ ਖ਼ਾਨ

ਕਰਤਾਰਪੁਰ ਸਾਹਿਬ (ਪਾਕਿਸਤਾਨ), : ਅੱਜ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ੍ਰੀ ਇਮਰਾਨ ਖ਼ਾਨ ਨੇ ਆਪਣੇ ਦੇਸ਼ ਵਾਲੇ ਪਾਸੇ ਕਰਤਾਰਪੁਰ ਸਾਹਿਬ ਲਾਂਘੇ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਸਿੱਖ ਕੌਮ ਨੂੰ ਮੁਬਾਰਕਾਂ ਦਿੱਤੀਆਂ। ਉਨ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਵੀ ਦਿੱਤੀਆਂ। ਖ਼ਬਰ ਏਜੰਸੀ ਅਨੁਸਾਰ ਉਦਘਾਟਨ ਮੌਕੇ ਆਪਣੇ ਸੰਦੇਸ਼ ਵਿੱਚ ਪ੍ਰਧਾਨ ਮੰਤਰੀ ਸ੍ਰੀ ਖ਼ਾਨ ਨੇ ਕਿਹਾ ਕਿ ਇਸ ਲਾਂਘੇ ਰਾਹੀਂ ਆਉਣ ਵਾਲੀਆਂ ਨਸਲਾਂ ਜ਼ਰੂਰ ਅਮਨ-ਚੈਨ ਦਾ ਸਬਕ ਸਿੱਖਣਗੀਆਂ। ਉਨ੍ਹਾਂ ਕਿਹਾ ਕਿ ਅੱਜ ਅਸੀਂ ਸਿਰਫ਼ ਇਹ ਸਰਹੱਦ ਹੀ ਨਹੀਂ, ਸਗੋਂ ਸਿੱਖ ਕੌਮ ਲਈ ਆਪਣੇ ਦਿਲ ਵੀ ਖੋਲ੍ਹ ਰਹੇ ਹਾਂ। ਸ੍ਰੀ ਇਮਰਾਨ ਖ਼ਾਨ ਨੇ ਕਿਹਾ ਕਿ



ਉਨ੍ਹਾਂ ਦੀ ਸਰਕਾਰ ਬਾਬਾ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੇ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਦਾ ਬਹੁਤ ਸਤਿਕਾਰ ਕਰਦੀ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਏਕਤਾ ਤੇ ਸਦਭਾਵਨਾ ਇਸ ਖ਼ਿੱਤੇ ਦੀ ਸ਼ਾਂਤੀ ਲਈ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿ ਮੁਸਲਿਮ ਭਾਈਚਾਰਾ ਕਿਸੇ ਵੀ ਧਾਰਮਿਕ ਅਸਥਾਨ ਦੀ ਪਵਿੱਤਰਤਾ ਨੂੰ ਬਾਖ਼ੂਬੀ ਸਮਝਦਾ ਹੈ। ਉਨ੍ਹਾਂ ਕਿਹਾ ਕਿ 9 ਨਵੰਬਰ ਤੇ 12 ਨਵੰਬਰ ਨੂੰ ਕਿਸੇ ਸ਼ਰਧਾਲੂ ਲਈ ਨਾ ਤਾਂ ਕਿਸੇ ਪਾਸਪੋਰਟ ਦੀ ਜ਼ਰੂਰਤ ਹੋਵੇਗੀ ਤੇ ਨਾ ਹੀ 20 ਡਾਲਰ ਸਰਵਿਸ ਫ਼ੀਸ ਦੀ। ਇੱਥੇ ਵਰਨਣਯੋਗ ਹੈ ਕਿ ਬੀਤੀ 5 ਅਗਸਤ ਨੂੰ ਜਦ ਤੋਂ ਭਾਰਤ ਸਰਕਾਰ ਨੇ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ-370 ਦਾ ਖ਼ਾਤਮਾ ਕੀਤਾ ਹੈ, ਤਦ ਤੋਂ ਭਾਰਤ ਤੇ ਪਾਕਿਸਤਾਨ ਵਿਚਾਲੇ ਆਪਸੀ ਸਬੰਧ ਕਾਫ਼ੀ ਤਣਾਅ ਭਰੇ ਹੋ ਗਏ ਹਨ। ਇਸ ਦੇ ਬਾਵਜੂਦ ਕਰਤਾਰਪੁਰ ਸਾਹਿਬ ਲਾਂਘਾ ਦੋਵੇਂ ਦੇਸ਼ਾਂ ਲਈ ਆਸ ਦੀ ਇੱਕ ਕਿਰਨ ਲੈ ਕੇ ਆਇਆ ਹੈ। ਕਰਤਾਰਪੁਰ ਸਾਹਿਬ ਲਾਂਘੇ ਲਈ ਰੋਜ਼ਾਨਾ 5,000 ਸ਼ਰਧਾਲੂ ਜਾ ਸਕਣਗੇ।

## ਗੁਰੂ ਜੀ ਨੇ ਪੂਰੀ ਦੁਨੀਆ ਨੂੰ ਦਿੱਤਾ ਸਾਂਝੀਵਾਲਤਾ ਦਾ ਸੁਨੇਹਾ : ਜਥੇ. ਗਿਆਨੀ ਹਰਪ੍ਰੀਤ ਸਿੰਘ

ਡੇਰਾ ਬਾਬਾ ਨਾਨਕ : ਪਾਕਿਸਤਾਨ ਦੀ ਧਰਤੀ 'ਤੇ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਉਦਘਾਟਨ ਸਮਾਗਮ 'ਚ ਪਹੁੰਚੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਖੁਸ਼ੀਆਂ ਵਾਲਾ ਦਿਨ ਹੈ, ਕਿਉਂਕਿ 72 ਸਾਲ ਬਾਅਦ ਸਾਡੀ ਮੁਰਾਦ ਪੂਰੀ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਦੇ ਲਈ ਉਹ ਦੋਵਾਂ ਦੇਸ਼ਾਂ ਦਾ ਤਹਿ ਦਿਲੋਂ ਸ਼ੁਕਰਾਨਾ ਕਰਦੇ ਹਨ। ਇਸ ਦੇ ਨਾਲ ਹੀ ਉਹ ਪ੍ਰਧਾਨ ਮੰਤਰੀ ਇਮਰਾਨ ਖਾਨ ਅਤੇ



ਪਾਕਿ ਦੀ ਪੂਰੀ ਟੀਮ ਦਾ ਵੀ ਧੰਨਵਾਦ ਕਰਦੇ ਹਨ। ਉਨ੍ਹਾਂ ਕਿਹਾ ਕਿ ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਦੁਆਰਾ ਕਰਤਾਰਪੁਰ ਸਾਹਿਬ 'ਚ ਬਹੁਤ ਸਾਰੀ ਬਾਣੀ ਉਚਾਰੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੂਰੀ ਦੁਨੀਆ ਨੂੰ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ। ਉਨ੍ਹਾਂ ਕਿਹਾ ਕਿ ਜਿਵੇਂ ਭਾਰਤ ਦੇ ਸਿੱਖਾਂ ਲਈ ਕਰਤਾਰਪੁਰ ਲਾਂਘਾ ਖੋਲ੍ਹਿਆ ਗਿਆ ਹੈ, ਉਸੇ ਤਰ੍ਹਾਂ ਪਾਕਿਸਤਾਨ ਦੇ ਸਿੱਖਾਂ ਲਈ ਵੀ ਡੇਰਾ ਬਾਬਾ ਨਾਨਕ ਦਾ ਲਾਂਘਾ ਖੁੱਲ੍ਹਣਾ ਚਾਹੀਦਾ ਹੈ। ਇਸ ਨਾਲ ਪਾਕਿ ਸੰਗਤ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰ ਸਕਦੀ ਹੈ।

# ਕਰਤਾਰਪੁਰ ਲਾਂਘਾ ਖੋਲ੍ਹ ਕੇ ਇਮਰਾਨ ਖਾਨ ਨੇ ਯਾਰੀ ਨਿਭਾਈ : ਨਵਜੋਤ



ਲਾਹੌਰ, ਸਿੱਧੂ ਨੇ ਕਿਹਾ ਕਿ ਸਿੱਖ ਕੌਮ ਇਕ ਫੀਸਦ ਹੈ ਪਰ ਇਸ ਦਾ ਦਬਦਬਾ 50 ਫੀਸਦੀ ਹੈ। ਸਿੱਖ ਕੌਮ ਲਈ ਜੋ ਕੰਮ ਇਮਰਾਨ ਖਾਨ ਨੇ ਕੀਤਾ ਉਨ੍ਹਾਂ ਲਈ ਸਾਰੀ ਕੌਮ ਸ਼ੁਕਰਗੁਜਾਰ ਹੈ। ਉਨ੍ਹਾਂ ਕਿਹਾ ਕਿ ਅੱਜ ਤਕ ਸਿੱਖ ਇਸ ਥਾਂ ਉਤੇ ਆਉਣ ਲਈ ਬਹੁਤ ਤਰਸੇ ਹਨ। ਚਾਰ ਪੀੜੀਆ ਇਥੇ ਆਉਣ ਲਈ ਤਰਸਦੀਆ ਰਹਿੰਦੀਆਂ ਹਨ। ਉਨ੍ਹਾਂ ਕਿਹਾ ਕਿ 10 ਮਹੀਨੇ ਵਿਚ ਬਾਬਾ ਨਾਨਕ ਦੇ ਘਰ (ਕਰਤਾਰਪੁਰ ਸਾਹਿਬ) ਨੂੰ ਸਵਰਗ ਦੇ ਬਰਾਬਰ ਬਣਾ ਦਿੱਤਾ ਗਿਆ ਹੈ। ਅੱਜ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਇਮਰਾਨ ਖਾਨ ਨੇ ਮਿਲ ਕੇ ਸਿੱਖਾਂ ਦੇ ਜ਼ਖਮਾਂ ਉਤੇ ਮਰਹਮ ਲਗਾਉਣ ਵਾਲਾ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਅੱਜ ਸਿੱਧੂ ਦੀ ਜੱਫੀ ਕੰਮ ਲਿਆਈ ਹੈ। ਅੱਜ ਸਿੱਧੂ ਇਕ ਵਾਰ ਫਿਰ ਇਮਰਾਨ ਖਾਨ ਨੂੰ ਮੈਂ ਬੇਨਤੀ ਕਰਦਾਂ ਹਾਂ ਕਿ ਭਾਜੀ ਬਾਰਡਰ ਖੋਲ੍ਹੋ। ਨਵਜੋਤ ਸਿੰਘ ਸਿੱਧੂ ਨੇ ਖੁਦ ਨੂੰ ਬਾਬਾ ਨਾਨਕ ਦਾ ਨੌਕਰ ਦੱਸਦੇ ਹੋਏ ਕਿਹਾ ਕਿ ਮੈਂ ਇਮਰਾਨ ਖਾਨ ਦਾ ਧੰਨਵਾਦ ਕਰਦਾ ਹਾਂ। ਸਿੱਧੂ ਨੇ ਕਿਹਾ ਕਿ ਇਮਰਾਨ ਖਾਨ ਨੇ ਯਾਰੀ ਨਿਭਾਈ ਹੈ। ਉਨ੍ਹਾਂ ਕਿਹਾ ਕਿ ਮੇਰਾ ਸੁਪਨਾ ਹੈ ਕਿ ਸਵੇਰੇ ਕੋਈ ਅੰਮ੍ਰਿਤਸਰ ਤੋਂ ਮੱਕੀ ਦੀ ਰੋਟੀ ਤੇ ਸਾਗ ਖਾ ਕੇ ਤੁਰੇ ਤੇ ਦੁਪਿਹਰ ਦੇ ਸਮੇਂ ਲਾਹੌਰ ਆ ਕੇ ਬਿਰਆਨੀ ਖਾ ਕੇ ਸ਼ਾਮ ਨੂੰ ਵਾਪਸ ਅੰਮ੍ਰਿਤਸਰ ਪਰਤੇ। ਸਿੱਧੂ ਨੇ ਇਸ ਮੌਕੇ ਭਾਰਤੀ ਪ੍ਰਧਾਨ ਮੰਤਰੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਮੋਦੀ ਸਾਹਿਬ ਮੈਂ ਤਹਾਨੂੰ ਵੀ ਇਸ ਕੰਮ ਕਾਰਨ ਮੁੰਨਾ ਭਾਈ ਐੱਮ. ਬੀ. ਬੀ. ਐੱਸ. ਵਾਲੀ ਜੱਫੀ ਭੇਜ ਰਿਹਾ ਹਾਂ।

## ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੇ ਉਦਘਾਟਨ ਮੌਕੇ ਅਯੁੱਧਿਆ ਫ਼ੈਸਲਾ ਦੇਣਾ ਗ਼ਲਤ: ਪਾਕਿ ਵਿਦੇਸ਼ ਮੰਤਰੀ



ਭਾਰਤ ਦੇ ਸਭ ਤੋਂ ਪੁਰਾਣੇ ਅਤੇ ਵਿਵਾਦਗ੍ਰਸਤ ਅਯੁੱਧਿਆ ਮਾਮਲੇ 'ਤੇ ਸ਼ਨੀਵਾਰ ਨੂੰ ਸੁਪਰੀਮ ਕੋਰਟ ਵੱਲੋਂ ਆਪਣਾ ਫ਼ੈਸਲਾ ਸੁਣਾਇਆ ਗਿਆ ਹੈ। ਜਿਸ ਵਿੱਚ ਸੁਪਰੀਮ ਕੋਰਟ ਨੇ ਅਯੁੱਧਿਆ ਮਾਮਲੇ ਵਿੱਚ ਫੈਸਲਾ ਸੁਣਾਉਂਦੇ ਹੋਏ ਵਿਵਾਦਗ੍ਰਸਤ ਜ਼ਮੀਨ ਰਾਮ ਜਨਮ-ਭੂਮੀ ਟਰੱਸਟ ਨੂੰ ਦੇਣ ਦਾ ਐਲਾਨ ਕੀਤਾ। ਇਸ ਤੋਂ ਇਲਾਵਾ ਸੁਪਰੀਮ ਕੋਰਟ ਵੱਲੋਂ ਮੁਸਲਿਮ ਧਿਰ ਨੂੰ ਅਯੁੱਧਿਆ ਵਿੱਚ ਹੀ ਇੱਕ ਵੱਖਰੇ ਸਥਾਨ 'ਤੇ ਜ਼ਮੀਨ ਦੇਣ ਲਈ ਕਿਹਾ ਗਿਆ ਹੈ। ਇਸ ਮਾਮਲੇ 'ਤੇ ਸਿਰਫ਼ ਦੇਸ਼ ਦੀ ਹੀ ਨਹੀਂ, ਸਗੋਂ ਗੁਆਂਢੀ ਦੇਸ਼ ਪਾਕਿਸਤਾਨ ਦੀਆਂ ਵੀ ਨਜ਼ਰਾਂ ਟਿਕੀਆਂ ਹੋਈਆਂ ਸਨ। ਦਰਅਸਲ, ਪਾਕਿਸਤਾਨ ਦੇ ਜ਼ਿਆਦਾਤਰ ਪ੍ਰਮੁੱਖ ਅਖ਼ਬਾਰਾਂ ਵਿੱਚ ਅਯੁੱਧਿਆ ਮਾਮਲੇ ਨੂੰ ਪ੍ਰਮੁੱਖਤਾ ਨਾਲ ਜਗ੍ਹਾ ਦਿੱਤੀ ਗਈ ਹੈ। ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਵੱਲੋਂ ਅਯੁੱਧਿਆ ਮਾਮਲੇ ਦੇ ਫ਼ੈਸਲੇ ਦੀ ਟਾਈਮਿੰਗ ਨੂੰ ਲੈ ਕੇ ਨਾਰਾਜ਼ਗੀ ਪ੍ਰਗਟਾਈ ਗਈ ਹੈ। ਉਨ੍ਹਾਂ ਕਿਹਾ ਕਿ ਜਿਸ ਦਿਨ ਕਰਤਾਰਪੁਰ ਸਾਹਿਬ ਲਾਂਘੇ ਦਾ ਉਦਘਾਟਨ ਹੋ ਰਿਹਾ ਹੈ, ਉਸੇ ਸਮੇਂ ਅਯੁੱਧਿਆ ਮਾਮਲੇ 'ਤੇ ਫ਼ੈਸਲਾ ਸੁਣਾਇਆ ਜਾ ਰਿਹਾ ਹੈ, ਜੋ ਕਿ ਗਲਤ ਹੈ। ਇਸ ਤੋਂ ਇਲਾਵਾ ਕੁਰੈਸ਼ੀ ਨੇ ਕਿਹਾ ਕਿ ਅਯੁੱਧਿਆ ਮਾਮਲੇ 'ਤੇ ਫ਼ੈਸਲੇ ਲਈ ਕੁਝ ਦਿਨਾਂ ਦੀ ਉਡੀਕ ਵੀ ਕੀਤੀ ਜਾ ਸਕਦੀ ਸੀ। ਉਨ੍ਹਾਂ ਕਿਹਾ ਕਿ ਉਹ ਅਜਿਹੀ ਖ਼ੁਸ਼ੀ ਦੇ ਮੌਕੇ 'ਤੇ ਗ਼ੈਰ-ਸੰਵੇਦਨਸ਼ੀਲਤਾ ਵੇਖ ਕੇ ਬਹੁਤ ਦੁਖੀ ਹਨ। ਪਾਕਿਸਤਾਨੀ ਵਿਦੇਸ਼ ਮੰਤਰੀ ਨੇ ਕਿਹਾ ਕਿ ਸਾਰਿਆਂ ਨੂੰ ਇਸ ਖ਼ੁਸ਼ੀ ਦੇ ਇਸ ਮੌਕੇ ਵਿੱਚ ਸ਼ਾਮਿਲ ਹੋਣਾ ਚਾਹੀਦਾ ਸੀ ਨਾ ਕਿ ਲੋਕਾਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਸੀ।

## ਕਰਤਾਰਪੁਰ ਸਾਹਿਬ ਵਿਖੇ ਇਮਰਾਨ ਖਾਨ ਨੇ ਮੁੜ ਛੇੜਿਆ ਕਸ਼ਮੀਰ ਦਾ ਰਾਗ

ਲਾਹੌਰ- ਤੁਸੀਂ ਜਦ ਕਿਸੇ ਨੂੰ ਖੁਸ਼ੀ ਦਿੰਦੇ ਹੋ ਤਾਂ ਅੱਲਾ ਖੁਸ਼ ਹੁੰਦਾ ਹੈ। ਜੋ ਵੀ ਅੱਲਾ ਦੇ ਪੈਗੰਬਰ ਇਸ ਦੁਨਿਆ ਤੇ ਆਏ ਉਹ ਸਿਰਫ ਦੋ ਪੈਗਾਮ ਲੈ ਕੇ ਆਏ। ਇਕ ਇਨਸਾਨਿਅਤ ਦਾ ਤੇ ਦੂਜਾ ਇਨਸਾਫ ਦਾ। ਇਹ ਦੋ ਚੀਜਾ ਆਦਮੀ ਨੂੰ ਜਾਨਵਰਾਂ ਨਾਲੋਂ ਵੱਖ ਕਰਦਿਆਂ ਹਨ। ਉਨ੍ਹਾਂ ਕਿਹਾ ਕਿ ਇਕ ਲੀਡਰ ਦਾ ਕੰਮ ਨਫਰਤ ਫੈਲਾ ਕੇ ਵੋਟ ਲੈਣਾ ਨਹੀਂ ਸਗੋਂ ਲੋਕਾਂ ਨੂੰ ਇੱਕਠੇ ਕਰਨ ਦਾ ਕੰਮ ਕਰਦਾ ਹੈ। ਉਨ੍ਹਾਂ ਨੇ ਇਸ ਮੌਕੇ ਨੈਲਸਨ ਮੰਡੇਲਾ ਦੀ ਗੱਲ ਕਰਦਿਆਂ ਕਿਹਾ ਕਿ ਜਿਨੀਂ ਦੇਰ ਤਕ ਸਾਊਥ ਅਫਰੀਕਾ ਰਹੇਗਾ, ਨੈਲਸਨ ਮੰਡੇਲਾ ਨੂੰ ਉਥੋਂ ਦੇ ਲੋਕ ਯਾਦ ਰਹਿਣਗੇ। ਉਨ੍ਹਾਂ ਕਿਹਾ ਕਿ ਨਵਜੋਤ ਸਿੰਘ ਸਿੱਧੂ ਦੇ ਕਹਿਣ ਉਤੇ ਮੈਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲ ਕੀਤੀ।ਜਿਨ੍ਹਾਂ ਨਾਲ ਬਾਰਡਰ ਖੋਲ੍ਹਣ ਬਾਰੇ ਗੱਲ ਹੋਈ। ਸਿਰਫ ਇਕ ਮਸਲਾ ਸੀ ਕਸ਼ਮੀਰ ਦਾ। ਜਿਸ ਦਾ ਹੱਲ ਅਸੀਂ ਗੱਲਬਾਤ ਕਰਕੇ ਕਰ ਸਕਦੇ ਹਾਂ। ਉਨ੍ਹਾਂ ਮਨਮੋਹਨ ਸਿੰਘ ਨਾਲ ਗੱਲ ਕਰਦਿਆਂ ਕਿਹਾ ਕਿ ਮਨਮੋਹਨ ਸਿੰਘ ਵੀ ਇਹ ਮੰਨਦੇ ਹਨ ਕਿ ਦੋਵਾਂ ਦੇਸ਼ਾਂ ਦੇ ਵਿਚਕਾਰ ਜੇਕਰ ਕਸ਼ਮੀਰ ਮਸਲਾ ਹੱਲ ਹੋ ਜਾਵੇ ਤਾਂ ਦੋਵੇਂ ਦੇਸ਼ ਤਰੱਕੀ ਕਰਨਗੇ। ਕਸ਼ਮੀਰ ਰਾਗ ਅਲਾਪਦੇ ਹੋਏ ਉਨ੍ਹਾਂ ਕਿਹਾ ਕਿ ਇਸ ਵੇਲੇ ਕਸ਼ਮੀਰ ਵਿਚ ਜੋ ਹੋ ਰਿਹਾ ਹੈ ਉਹ ਠੀਕ ਨਹੀਂ ਹੈ। ਲੋਕਾਂ ਤੋਂ ਹੱਕ ਖੋਹ ਲਏ ਗਏ ਹਨ। ਜਿਸ ਵਜ੍ਹਾ ਨਾਲ ਸਾਡੇ ਸਾਰੇ ਤਾਲੁਕਾਤ ਰੁਕ ਗਏ। ਇਮਰਾਨ ਖਾਨ ਨੇ ਕਿਹਾ ਕਿ ਮੋਦੀ ਸਾਨੂੰ ਇਸ ਮਸਲੇ ਤੋਂ ਆਜਾਦ ਕਰ ਦੇਣ ਤਾਂ ਦੋਵਾਂ ਦੇਸ਼ਾਂ ਵਿਚਕਾਰਲੇ ਬਾਰਡਰ ਖੁਲ੍ਹ ਜਾਣਗੇ। ਜਿਸ ਨਾਲ ਦੋਵੇਂ ਪਾਸੇ ਖੁਸ਼ਹਾਲੀ ਆਵੇਗੀ। ਉਨ੍ਹਾਂ ਅੰਤ ਵਿਚ ਕਿਹਾ ਕਿ ਮੈਂ ਉਮੀਦ ਕਰਦਾ ਹਾਂ ਕਿ ਇਕ ਨਾ ਇਕ ਦਿਨ ਭਾਰਤ ਨਾਲ ਸਾਡੇ ਰਿਸ਼ਤੇ ਠੀਕ ਹੋ ਜਾਣਗੇ। ਉਨ੍ਹਾਂ ਇਸ ਸੰਬੰਧੀ ਫਰਾਂਸ ਤੇ ਜਰਮਨੀ ਦੀ ਉਦਾਹਰਨ ਦਿੰਦੇ ਹੋਏ ਕਿਹਾ ਕਿ ਕਸ਼ਮੀਰ ਮਸਲਾ ਹੱਲ ਹੁੰਦੇ ਹੋਏ ਭਾਰਤ ਪਾਕਿਸਤਾਨ ਵਿਚਕਾਰ ਵੀ ਸਭ ਕੁਝ ਆਮ ਵਾਂਗ ਹੋ ਜਾਵੇਗਾ।

### ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ

# ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਸਜਾਇਆ ਅਲੌਕਿਕ ਨਗਰ ਕੀਰਤਨ



ਗੁਰਦੁਆਰਾ ਸ੍ਰੀ ਸੰਤ ਘਾਟ ਸਾਹਿਬ ਤੋਂ ਗੁਰਦੁਆਰਾ ਸ੍ਰੀ ਬੇਰ ਸਾਹਿਬ ਤੱਕ ਕੱਢੇ ਗਏ ਵਿਸ਼ਾਲ ਨਗਰ ਕੀਰਤਨ ਦੀ ਅਗਵਾਈ ਕਰਦੇ ਹੋਏ ਪੰਜ ਪਿਆਰੇ।

ਸੁਲਤਾਨਪੁਰ ਲੋਧੀ : ਮਾਨਵਤਾ ਦੇ ਸਰਬ ਸਾਂਝੇ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜ ਗੁਰਦੁਆਰਾ ਸ੍ਰੀ ਸੰਤ ਘਾਟ ਸਾਹਿਬ ਤੋਂ ਗੁਰਦੁਆਰਾ ਸ੍ਰੀ ਬੇਰ ਸਾਹਿਬ ਤੱਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਸਮੇਂ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਗ੍ਰੰਥੀ ਭਾਈ ਹਰਜਿੰਦਰ ਸਿੰਘ ਨੇ ਅਰਦਾਸ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਸਜਾਏ ਗਏ ਇਸ ਨਗਰ ਕੀਰਤਨ ਦੀ ਆਰੰਭਤਾ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਫੁੱਲਾਂ ਨਾਲ ਸਜੀ ਸੁੰਦਰ ਬੱਸ ਵਿੱਚ ਸਜਾਈ ਸੁਨਹਿਰੀ ਪਾਲਕੀ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਸੁਸ਼ੋਭਿਤ ਕੀਤਾ। ਆਰੰਭਤਾ ਤੋਂ ਪਹਿਲਾਂ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਗੌਹਰ, ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਮੁੱਖ ਸਕੱਤਰ ਡਾ. ਰੂਪ ਸਿੰਘ, ਸ. ਜਰਨੈਲ ਸਿੰਘ ਡੋਗਰਾਂਵਾਲਾ, ਬੀਬੀ ਗੁਰਪ੍ਰੀਤ ਕੌਰ ਰੂਹੀ, ਸ. ਸਰਵਨ ਸਿੰਘ ਕੁਲਾਰ ਤੇ ਭਾਈ ਮਹਿੰਦਰ ਸਿੰਘ ਨਿਸ਼ਕਾਮ ਸੇਵਾ ਜਥਾ ਬਰਮਿੰਘਮ ਵੱਲੋਂ ਪੰਜ ਪਿਆਰੇ ਅਤੇ ਨਿਸ਼ਾਨਚੀ ਸਿੰਘਾਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਭੇਟ ਕੀਤੇ ਗਏ। ਨਗਰ ਕੀਰਤਨ ਵਿਚ ਸੰਗਤਾਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ, ਜਦਕਿ ਵੱਖ-ਵੱਖ ਪੜਾਵਾਂ 'ਤੇ ਸੰਗਤਾਂ ਨੇ ਨਗਰ ਕੀਰਤਨ ਦਾ ਸ਼ਾਨਦਾਰ ਸਵਾਗਤ ਵੀ ਕੀਤਾ। ਨਗਰ ਕੀਰਤਨ ਵਿਚ ਗਤਕਾ ਪਾਰਟੀਆਂ ਵੱਲੋਂ ਸਿੱਖ ਸ਼ਸਤਰ ਕਲਾ ਦੇ ਬਾਖ਼ੂਬੀ ਜ਼ੌਹਰ ਦਿਖਾਏ ਗਏ। ਨਗਰ ਕੀਰਤਨ ਦੇ ਸਾਰੇ ਰਸਤੇ ਥਾਂ-ਥਾਂ 'ਤੇ ਵੱਖ-ਵੱਖ ਤਰ੍ਹਾਂ ਦੇ ਲੰਗਰ ਲਗਾਏ ਗਏ ਸਨ ਅਤੇ ਸਾਰੇ ਮਾਰਗ ਨੂੰ ਖ਼ੂਬਸੂਰਤ ਲੜੀਆਂ ਅਤੇ ਸਵਾਗਤੀ ਗੇਟਾਂ ਨਾਲ ਵੀ ਸਜਾਇਆ ਗਿਆ ਸੀ। ਨਗਰ ਕੀਰਤਨ ਦੌਰਾਨ ਫੁੱਲ ਪੱਤੀਆਂ ਦੀ ਵਰਖਾ ਵੀ ਖਿੱਚ ਦਾ ਕੇਂਦਰ ਰਹੀ। ਨਗਰ ਕੀਰਤਨ ਦੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਪੁੱਜਣ 'ਤੇ ਪ੍ਰਮੁੱਖ ਸ਼ਖ਼ਸੀਅਤਾਂ ਸਮੇਤ ਵੱਡੀ ਗਿਣਤੀ ਸੰਗਤਾਂ ਨੇ ਭਰਵਾਂ ਸਵਾਗਤ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਸ. ਗੁਰਬਚਨ ਸਿੰਘ ਕਰਮੂੰਵਾਲਾ, ਭਾਈ ਮਨਜੀਤ ਸਿੰਘ, ਸ. ਅਮਰੀਕ ਸਿੰਘ ਕੋਟਸ਼ਮੀਰ, ਭਾਈ ਗੁਰਚਰਨ ਸਿੰਘ ਗਰੇਵਾਲ, ਸ. ਅਵਤਾਰ ਸਿੰਘ ਵਣਵਾਲਾ, ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਸ. ਅਮਰੀਕ ਸਿੰਘ ਵਿਛੋਆ, ਸ. ਬਲਦੇਵ ਸਿੰਘ ਚੂੰਘਾ, ਸ. ਖੁਸ਼ਵਿੰਦਰ ਸਿੰਘ ਭਾਟੀਆ, ਸ. ਸੁਖਵਰਸ਼ ਸਿੰਘ ਪੰਨੂ, ਬੀਬੀ ਗੁਰਪ੍ਰੀਤ ਕੌਰ ਰੂਹੀ, ਸ. ਸਰਵਣ ਸਿੰਘ ਕੁਲਾਰ, ਇੰਜੀਨੀਅਰ ਸਵਰਨ ਸਿੰਘ, ਵਧੀਕ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ, ਸ. ਮਹਿੰਦਰ ਸਿੰਘ ਆਹਲੀ, ਮੀਤ ਸਕੱਤਰ ਸ. ਸਕੱਤਰ ਸਿੰਘ, ਸ. ਕੁਲਵਿੰਦਰ ਸਿੰਘ ਰਮਦਾਸ, ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਮੈਨੇਜਰ ਸ. ਸਤਨਾਮ ਸਿੰਘ, ਸ. ਜਰਨੈਲ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਵਧੀਕ ਮੈਨੇਜਰ ਸ. ਸੁਖਰਾਜ ਸਿੰਘ, ਸਮੇਤ ਵੱਖ-ਵੱਖ ਸਕੂਲਾਂ, ਕਾਲਜਾਂ ਦਾ ਸਟਾਫ਼, ਵਿਦਿਆਰਥੀਆਂ ਅਤੇ ਸੰਗਤਾਂ ਮੌਜੂਦ ਸਨ।

## ਮਨੋਹਰ ਲਾਲ, ਜੈ ਰਾਮ ਠਾਕੁਰ ਤੇ ਚੌਟਾਲਾ ਸ੍ਰੀ ਬੇਰ ਸਾਹਿਬ ਵਿਖੇ ਨਤਮਸਤਕ ਹੋਏ

ਸੁਲਤਾਨਪੁਰ ਲੋਧੀ, : 550ਵੇਂ ਪ੍ਰਕਾਸ਼ ਪੁਰਬ ਮੌਕੇ ਇਤਿਹਾਸਕ ਅਸਥਾਨ ਗੁਰਦੁਆਰਾ ਬੇਰ ਸਾਹਿਬ ਵਿਖੇ ਮੱਥਾ ਟੇਕਣ ਲਈ ਸੰਗਤਾਂ ਦਾ ਆਉਣਾ ਜਾਰੀ ਹੈ। ਇਸੇ ਦੌਰਾਨ ਅੱਜ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ, ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਤੇ ਹਿਮਾਚਲ ਦੇ ਮੁੱਖ ਮੰਤਰੀ ਜੈ ਰਾਮ ਠਾਕੁਰ ਨੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਮੱਥਾ ਟੇਕਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸਾਰਿਆਂ ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ ਆਉਣ 'ਤੇ ਜੀ ਆਇਆਂ ਕਿਹਾ।

ਗੁਰੂ ਘਰ ਵੱਲੋਂ ਮਨੋਹਰ ਲਾਲ ਖੱਟਰ, ਦੁਸ਼ਯੰਤ ਚੌਟਾਲਾ ਤੇ ਜੈ ਰਾਮ ਠਾਕੁਰ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਗਿਆ। ਚੌਟਾਲਾ ਨੇ ਸੰਗਤ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਉੱਤੇ ਚੱਲਣ ਲਈ ਕਿਹਾ। ਇਨ੍ਹਾਂ ਤੋਂ ਇਲਾਵਾ ਸਾਂਸਦ ਸ੍ਰੀ ਹੰਸ ਰਾਜ ਹੰਸ, ਮੱਧ ਪ੍ਰਦੇਸ਼ ਹਾਈ ਕੋਰਟ ਦੇ ਜੱਜ ਗੁਰਪਾਲ ਸਿੰਘ ਆਹਲੂਵਾਲੀਆ, ਪੰਜਾਬ ਦੇ ਡਿਪਟੀ ਸਪੀਕਰ ਅਜੈਬ ਸਿੰਘ ਭੱਟੀ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਬੀਬੀ ਜਗੀਰ ਕੌਰ ਸਣੇ ਕਈ ਹੋਰ ਸ਼ਖ਼ਸੀਅਤਾਂ ਨੇ ਵੀ ਗੁਰੂ ਘਰ ਸ਼ਰਧਾ ਪ੍ਰਗਟਾਈ।

## ਗੁਰਦੁਆਰਿਆਂ 'ਚ ਸੰਗਤਾਂ ਦਾ ਸੈਲਾਬ, ਅਟੁੱਟ ਵਰਤ ਰਿਹਾ ਲੰਗਰ

ਲੁਧਿਆਣਾ: ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਬਹੁਤ ਧੂਮਧਾਮ ਅਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਸ਼ਹਿਰ ਦੇ ਸਾਰੇ ਗੁਰੂਦੁਆਰਾ ਸਾਹਿਬ ਸਜਾਏ ਗਏ ਹਨ। ਜਿੱਥੇ ਵੱਖ ਵੱਖ ਰਾਗੀ ਜੱਥੇ ਗੁਰਬਾਣੀ ਕੀਰਤਨ ਨਾਲ ਸੰਗਤ ਨੂੰ ਨਿਹਾਲ ਕਰ ਰਹੇ ਹਨ। ਗੁਰਦੁਆਰਾ ਸ਼੍ਰੀ ਸਿੰਘ ਸਭਾ ਗੌਘਾਟ ਵਿਖੇ ਦੀਵਾਨ ਤਿੰਨ ਦਿਨ ਤੱਕ ਸਜਾਇਆ ਜਾਵੇਗਾ। ਗੁਰਦੁਆਰੇ 'ਚ ਮੈਡੀਕਲ ਕੈਂਪ ਵੀ ਲਗਾਇਆ ਗਿਆ ਹੈ। ਗੁਰੂਦਵਾਰਾ ਸ਼੍ਰੀ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਵਿਚ ਭਾਈ ਸ਼ੌਕੀਨ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ ਅਤੇ ਭਾਈ ਬਲਵੀਰ ਸਿੰਘ ਕੀਰਤਨ ਨਾਲ ਗਿਆਨੀ ਸਾਹਿਬ ਸਿੰਘ ਸ਼ਾਹਬਾਦ ਨੇ ਮਾਰਕੰਡੇ ਵਾਲੇ ਕਥਾ ਨਾਲ ਸੰਗਤ ਨੂੰ ਨਿਹਾਲ ਕੀਤਾ। ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ 'ਤੇ ਗੁਰਦੁਆਰਾ ਸਾਹਿਬ ਨੂੰ ਬਹੁਤ ਸੋਹਣੀ ਲਾਈਟਾਂ ਨਾਲ ਸਜਾਇਆ ਗਿਆ ਹੈ। ਇਸ ਮੌਕੇ 'ਤੇ ਵੱਡੀ ਗਿਣਤੀ ਵਿਚ ਪਹੁੰਚੇ ਸ਼ਰਧਾਲੂਆਂ ਲਈ ਸ਼ਾਨਦਾਰ ਪ੍ਰਬੰਧ ਕੀਤਾ ਗਿਆ ਹੈ। ਜ਼ਿਲ੍ਹੇ ਦੇ ਸਾਰੇ ਗੁਰੂਦੁਆਰਿਆਂ ਵਿਚ ਵੱਡੀ ਗਿਣਤੀ ਵਿਚ ਸੰਗਤ ਪਹੁੰਚ ਰਹੀ ਹੈ। ਸਾਰੇ ਗੁਰੂ ਦੇ ਸ਼ਬਦ ਗਾ ਰਹੇ ਹਨ ਅਤੇ ਗੁਰੂ ਦਾ ਲੰਗਰ ਅਟੁੱਟ ਵਰਤਾਇਆ ਜਾ ਰਿਹਾ ਹੈ। ਦੂਜੇ ਪਾਸੇ ਗੁਰੂਦਵਾਰਾ ਸ਼ਹੀਦ ਬਾਬਾ ਦੀਪ ਸਿੰਘ ਮਾਡਲ ਟਾਊਨ ਵਿੱਚ, ਭਾਈ ਸੁਰੇਂਦਰ ਸਿੰਘ ਜੋਧਪੁਰੀ, ਭਾਈ ਦਵਿੰਦਰ ਸਿੰਘ, ਭਾਈ ਗੁਰਕੀਰਤ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ ਅੰਮ੍ਰਿਤਸਰ, ਮੀਰੀ ਪੀਰੀ ਯਮੁਨਾ ਨਗਰ ਵਾਲੇ ਕੀਰਤਨ ਕਰਨਗੇ। ਗੁਰੂਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਫੇਜ਼ -1 ਅਰਬਨ ਸਟੇਟ ਵਿੱਚ ਭਾਈ ਹਰਜੀਤ ਸਿੰਘ, ਭਾਈ ਸਤਨਾਮ ਸਿੰਘ, ਭਾਈ ਹਰਪ੍ਰੀਤ ਸਿੰਘ, ਹਜੂਰੀ ਰਾਗੀ ਦਰਬਾਰ ਸਾਹਿਬ ਕੀਰਤਨ ਕਰ ਕੇ ਸੰਗਤਾਂ ਨੂੰ ਨਿਹਾਲ ਕਰਨਗੇ।

# ਸਿੱਖਸ ਆਫ਼ ਅਮਰੀਕਾ ਨਵਜੋਤ ਸਿੰਘ ਸਿੱਧੂ ਦਾ ਗੋਲ੍ਡ ਮੈਡਲ ਨਾਲ ਕਰੇਗੀ ਵਿਸ਼ੇਸ਼ ਸਨਮਾਨ



ਨਿਊਯਾਰਕ/ਅੰਮ੍ਰਿਤਸਰ (ਰਾਜ ਗੋਗਨਾ)— ਭਾਰਤ ਦੇ ਰਾਜਨੀਤਿਕ ਪਿਤਾਮਾ ਅਤੇ ਕਰਤਾਰਪੁਰ ਕੋਰੀਡੋਰ ਦੇ ਮੁੱਖ ਨਾਇਕ ਨਵਜੋਤ ਸਿੰਘ ਸਿੱਧੂ ਦੇ ਸੱਦੇ 'ਤੇ ਸਿੱਖਸ ਆਫ ਅਮਰੀਕਾ ਦਾ ਤਿੰਨ ਮੈਂਬਰੀ ਵਫਦ ਨਵਜੋਤ ਸਿੰਘ ਸਿੱਧੂ ਦੀ ਰਿਹਾਇਸ਼ 'ਤੇ ਮਿਲਿਆ।ਇਸ ਵਫਦ ਦੀ ਅਗਵਾਈ ਸ: ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਨੇ ਕੀਤੀ। ਉਨ੍ਹਾਂ ਦੇ ਨਾਲ ਬਲਜਿੰਦਰ ਸਿੰਘ ਸ਼ੰਮੀ ਅਤੇ ਡਾ. ਸੁਰਿੰਦਰ ਸਿੰਘ ਗਿੱਲ ਡਾਇਰੈਕਟਰ ਸਿੱਖਸ ਆਫ ਅਮਰੀਕਾ ਵੀ ਹਾਜ਼ਰ ਹੋਏ। ਨਵਜੋਤ ਸਿੰਘ ਸਿੱਧੂ ਵਲੋਂ ਵਫਦ ਨੂੰ ਨਿੱਘਾ ਜੀ ਆਇਆਂ ਕਿਹਾ ਗਿਆ ਅਤੇ ਪੰਜਾਬ ਲਈ ਕੁਝ ਕਰ ਗੁਜ਼ਰਨ ਲਈ ਵਿਚਾਰਾਂ ਦੀ ਵੀ ਸਾਂਝ ਪਾਈ ਗਈ। ਸ: ਜਸਦੀਪ ਸਿੰਘ ਜੱਸੀ ਨੇ ਜਿੱਥੇ ਉਨ੍ਹਾਂ ਦੀ ਕਰਤਾਰਪੁਰ ਕੋਰੀਡੋਰ ਖੁਲ੍ਹਵਾਉਣ ਵਿੱਚ ਨਿਭਾਈਆਂ ਸੇਵਾਵਾਂ ਦੀ ਖੂਬ ਸ਼ਲਾਘਾ ਕੀਤੀ, ਉੱਥੇ ਉਨ੍ਹਾਂ ਨੂੰ ਅਮਰੀਕਾ ਵਿਖੇ ਸਿੱਖਸ ਆਫ ਅਮਰੀਕਾ ਦੇ ਉਤਸਵ (ਗਾਲਾ) ਵਿੱਚ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਣ ਦਾ ਸੱਦਾ ਵੀ ਦਿੱਤਾ।ਸ: ਜਸਦੀਪ ਸਿੰਘ ਜੱਸੀ ਚੇਅਰਮੈਨ ਸਿੱਖਸ ਆਫ ਅਮਰੀਕਾ ਨੇ ਕਿਹਾ ਕਿ ਤੁਹਾਡੇ ਸਨਮਾਨ ਦੇ ਅਸੀਂ ਕਰਜਾਈ ਹਾਂ। ਜਿਸ ਦਾ ਐਲਾਨ ਅਸੀਂ ਪਹਿਲੀ ਜੱਫੀ 'ਤੇ ਹੀ ਕਰ ਦਿੱਤਾ ਸੀ। ਜਿਸ ਨੂੰ ਅਮਰੀਕਾ ਦੀਆਂ ਸੰਗਤਾਂ ਦੀ ਹਾਜ਼ਰੀ ਵਿੱਚ ਗੋਲਡ ਮੈਡਲ ਦੇ ਰੂਪ ਵਿੱਚ ਤੁਹਾਡੇ ਸਨਮੁਖ ਕਰਾਂਗੇ।ਸਿੱਧੂ ਨੇ ਕਿਹਾ ਕਿ ਮੈਂ ਪੰਜਾਬ ਨੂੰ ਅਜਿਹਾ ਸੂਬਾ ਬਣਾ ਦੇਵਾਂਗਾ, ਜਿਸ ਦੀ ਪੰਜਾਬ ਦੇ ਵਾਸੀ ਸ਼ਾਇਦ ਕਲਪਨਾ ਵੀ ਨਾ ਕਰਦੇ ਹੋਣ। ਲੋੜ ਹੈ ਇਕੱਠੇ ਹੋਣ ਦੀ ਅਤੇ ਹੰਭਲਾ ਮਾਰਨ ਦੀ। ਜਿਸ ਲਈ ਸਮਾਂ ਢੁਕਵਾਂ ਹੈ।ਚੇਅਰਮੈਨ ਜੱਸੀ ਨੇ ਕਿਹਾ ਕਿ ਅਮਰੀਕਾ ਦੀਆਂ ਸੰਗਤਾਂ ਤੁਹਾਡੇ ਦੀਦਾਰ ਤੇ ਤੁਹਾਨੂੰ ਸੁਣਨ ਲਈ ਇੰਤਜ਼ਾਰ ਕਰ ਰਹੀਆਂ ਹਨ। ਸੋ ਖੁਲ੍ਹਾ ਸਮਾਂ ਕੱਢ ਕੇ ਆਓ। ਡਾ: ਸੁਰਿੰਦਰ ਸਿੰਘ ਗਿੱਲ ਡਾਇਰੈਕਟਰ ਸਿੱਖਸ ਆਫ ਅਮਰੀਕਾ ਨੇ ਕਿਹਾ ਕਿ ਸਿੱਖਸ ਆਫ ਅਮਰੀਕਾ ਪੰਜਾਬ ਲਈ ਕੁਝ ਕਰਨ ਗੁਜ਼ਰਨ ਲਈ ਉਤਾਵਲੀ ਹੈ। ਜਿਸ ਲਈ ਨਵਜੋਤ ਸਿੰਘ ਸਿੱਧੂ ਦੀਆਂ ਸੇਵਾਵਾਂ ਦੀ ਸਾਨੂੰ ਲੋੜ ਹੈ। ਬਲਜਿੰਦਰ ਸਿੰਘ ਸ਼ੰਮੀ ਨੇ ਡਰੱਗ ਮੁਕਤ ਆਧੁਨਿਕ ਸੈਂਟਰ ਦੀ ਗੱਲ ਕੀਤੀ।ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪੱਕਾ ਮਨ ਬਣਾ ਕੇ ਆਓ। ਸਾਡੇ ਦਰਵਾਜ਼ੇ ਹਰ ਸਖਸ਼ੀਅਤ ਲਈ ਖੁੱਲ੍ਹੇ ਹਨ, ਜੋ ਪੰਜਾਬ ਦੀ ਬਿਹਤਰੀ ਲਈ ਕੁਝ ਕਰਨਾ ਚਾਹੁੰਦੇ ਹਨ। ਉਨ੍ਹਾਂ ਨੇ ਕਿਹਾ ਕਿ ਅਗਲੀ ਮੀਟਿੰਗ 27 ਨਵੰਬਰ ਤੋਂ ਪਹਿਲਾਂ ਮੁੜ ਮੇਰੇ ਨਾਲ ਕਰੋ ਅਤੇ ਬਜਟ ਨੂੰ ਅਵਾਮ ਦੇ ਸਾਹਮਣੇ ਪੇਸ਼ ਕਰੋ। ਜਸਦੀਪ ਸਿੰਘ ਜੱਸੀ ਵਲੋਂ ਧੰਨਵਾਦ ਕਰਨ ਉਪਰੰਤ ਬਜਟ ਭੇਜਣ ਦੀ ਸਹਿਮਤੀ ਪ੍ਰਗਟਾਈ ਗਈ। ਕੌਫੀ ਦੇ ਕੱਪ ਦੀ ਸਾਂਝ ਨਾਲ ਮੀਟਿੰਗ ਆਪਣਾ ਮੁਕਾਮ ਹਾਸਲ ਕਰ ਗਈ। ਇਸ ਮੀਟਿੰਗ ਨੂੰ ਆਯੋਜਿਤ ਕਰਨ ਵਿੱਚ ਡਾਕਟਰ ਜਤਿੰਦਰ ਸਿੰਘ ਪੰਨੂ, ਰਣਜੀਤ ਸਿੰਘ ਰਾਣਾ ਅਤੇ ਪ੍ਰਿੰਸੀਪਲ ਸਵਿੰਦਰ ਸਿੰਘ ਪੰਨੂ ਦਾ ਅਹਿਮ ਯੋਗਦਾਨ ਰਿਹਾ, ਜੋ ਕਿ ਧੰਨਵਾਦ ਦੇ ਪਾਤਰ ਹਨ।

# ਗੂਗਲ ਵਲੋਂ ਕੀਤਾ ਜਾ ਰਿਹਾ ਹੈ ਤੁਹਾਡਾ ਨਿੱਜੀ ਡਾਟਾ ਸਟੋਰ

ਜੇਕਰ ਤੁਸੀਂ ਐਂਡਰਾਇਡ ਸਮਾਰਟਫੋਨ ਜਾਂ ਕਿਸੇ ਗੂਗਲ ਡਿਵਾਈਸ ਦਾ ਇਸਤੇਮਾਲ ਕਰਦੇ ਹੋ ਤਾਂ ਤੁਸੀਂ ਹਮੇਸ਼ਾ ਗੂਗਲ ਦੀ ਨਜ਼ਰ 'ਚ ਹੋ। ਗੂਗਲ ਆਪਣੇ ਯੂਜ਼ਰਜ਼ ਦੀ ਲਗਭਗ ਹਰ ਐਕਟੀਵਿਟੀ ਨੂੰ ਟ੍ਰੈਕ ਕਰਦਾ ਹੈ। ਇਸ ਵਿਚ ਕੋਈ ਦੋ ਰਾਏ ਨਹੀਂ ਕਿ ਗੂਗਲ ਅੱਜ ਸਾਡੀ ਜ਼ਰੂਰਤ ਬਣ ਗਿਆ ਹੈ ਪਰ ਆਪਣੀਆਂ ਕਈ ਜ਼ਰੂਰੀ ਸੇਵਾਵਾਂ ਦੇ ਬਦਲੇ ਉਹ ਯੂਜ਼ਰਜ਼ ਦੇ ਨਿੱਜੀ ਡਾਟਾ ਦੀ ਜਾਣਕਾਰੀ ਰੱਖਦਾ ਹੈ। ਗੂਗਲ ਜਾਣਦਾ ਹੈ ਕਿ ਤੁਸੀਂ ਕਦੋਂ ਕਿਹੜੀ ਵੈੱਬਸਾਈਟ ਵਿਜ਼ੀਟ ਕੀਤੀ ਅਤੇ ਤੁਸੀਂ ਆਨਲਾਈਨ ਕੀ ਖਰੀਦਾਰੀ ਕੀਤੀ। ਇਥੇ ਅਸੀਂ ਤੁਹਾਨੂੰ ਗੂਗਲ ਨਾਲ ਜੁੜੀਆਂ ਕੁਝ ਗੱਲਾਂ ਦੱਸ ਰਹੇ ਹਾਂ ਜਿਨ੍ਹਾਂ ਨੂੰ ਜਾਣਨਾ ਤੁਹਾਡੇ ਲਈ ਜ਼ਰੂਰੀ ਹੈ।

**ਕਦੋਂ ਕਿੱਥੇ ਗਏ ਸਭ ਜਾਣਦੇ ਹੈ ਗੂਗਲ**

ਇੰਟਰਨੈੱਟ ਅਤੇ ਵੈੱਬ 'ਤੇ ਤੁਸੀਂ ਜੋ ਕੁਝ ਕਰਦੇ ਹੋ ਉਹ ਸਭ ਗੂਗਲ ਨੋਟ ਕਰਦਾ ਹੈ। ਅਜਿਹਾ ਉਸ ਮਾਮਲੇ 'ਚ ਜ਼ਿਆਦਾ ਹੁੰਦਾ ਹੈ ਜਦੋਂ ਤੁਸੀਂ ਗੂਗਲ ਕ੍ਰੋਮ ਨਾਲ ਸਾਈਨ ਇਨ ਹੋਵੋ। ਇਸ ਵਿਚ ਉਹ ਸਾਰੀਆਂ ਚੀਜ਼ਾਂ ਸ਼ਾਮਲ ਹਨ ਜਿਨ੍ਹਾਂ ਨੂੰ ਤੁਸੀਂ ਗੂਗਲ ਸਰਚ ਜਾਂ ਗੂਗਲ ਦੇ ਐਪਸ 'ਚ ਕਰਦੇ ਹੋ। ਗੂਗਲ ਯੂਜ਼ਰ ਦੇ ਫੋਨ ਤੋਂ ਲੋਕੇਸ਼ਨ ਹਿਸਟਰੀ ਦੇ ਡਾਟਾ ਨੂੰ ਐਕਸੈਸ ਕਰ ਲੈਂਦਾ ਹੈ। ਇਸ ਕਾਰਨ ਗੂਗਲ ਨੂੰ ਇਹ ਪਤਾ ਰਹਿੰਦਾ ਹੈ ਕਿ ਤੁਸੀਂ ਕਿਹੜੀ ਤਰੀਕ ਨੂੰ, ਕਿੰਨੇ ਵਜੇ, ਕਿਹੜੀ ਜਗ੍ਹਾ 'ਤੇ ਸੀ। ਗੂਗਲ ਉਨ੍ਹਾਂ ਸਾਰੇ ਡਿਵਾਈਸਿਜ਼ ਦੇ ਡਾਟਾ 'ਤੇ ਨਜ਼ਰ ਰੱਖਦਾ ਹੈ ਜਿਨ੍ਹਾਂ 'ਚ ਗੂਗਲ ਅਕਾਊਂਟ ਨਾਲ ਸਾਈਨ ਇਨ ਕੀਤਾ ਗਿਆ ਹੋਵੇ।

**ਆਨਲਾਈਨ ਸ਼ਾਪਿੰਗ ਦੀ ਵੀ ਕਰਦਾ ਹੈ ਟ੍ਰੈਕ**

ਆਨਲਾਈਨ ਸ਼ਾਪਿੰਗ ਦਾ ਜੇਕਰ ਤੁਸੀਂ ਸ਼ੌਕ ਰੱਖਦੇ ਹੋ ਤਾਂ ਗੂਗਲ ਦੀ ਨਜ਼ਰ ਇਥੇ ਵੀ ਤੁਹਾਡੇ 'ਤੇ ਬਣੀ ਹੋਈ ਹੈ। ਤੁਹਾਡੇ ਵਲੋਂ ਕੀਤੀ ਜਾਣ ਵਾਲੀ ਖਰੀਦਾਰੀ, ਹਵਾਈ ਟਿਕਟ, ਯਾਤਰਾ, ਅਪਕਮਿੰਗ ਬਿੱਲ ਦੇ ਨਾਲ ਹੀ ਉਹ ਕਈ ਹੋਰ ਨਿੱਜੀ ਜਾਣਕਾਰੀਆਂ ਬਾਰੇ ਵੀ ਪੂਰੀ ਖਬਰ ਰੱਖਦਾ ਹੈ। ਹਾਲਾਂਕਿ, ਇਸ ਦੇ ਕੁਝ ਫਾਇਦੇ ਵੀ ਹਨ। ਜਿਵੇਂ- ਜੇਕਰ ਤੁਹਾਡੀ ਫਲਾਈਟ ਡੀਲੇ ਹੋ ਗਈ ਤਾਂ ਉਹ ਤੁਹਾਨੂੰ ਇਸ ਦੀ ਜਾਣਕਾਰੀ ਦੇਵੇਗਾ। ਇਸ ਦੇ ਨਾਲ ਹੀ ਜੇਕਰ ਤੁਹਾਡੇ ਕਿਸੇ ਬਿੱਲ ਨੂੰ ਭਰਨ ਦੀ ਆਖਰੀ ਤਰੀਕ ਆ ਗਈ ਹੈ, ਤਾਂ ਉਹ ਇਸ ਬਾਰੇ ਵੀ ਤੁਹਾਨੂੰ ਨੋਟੀਫਾਈ ਕਰ ਦੇਵੇਗਾ। ਗੂਗਲ ਦੀਆਂ ਸੇਵਾਵਾਂ ਅੱਜ ਦੇ ਸਮੇਂ 'ਚ ਸਾਰਿਆਂ ਲਈ ਜ਼ਰੂਰੀ ਹੋ ਗਈਆਂ ਹਨ ਪਰ ਡਾਟਾ ਲੀਕ ਦੇ ਵਧਦੇ ਮਾਮਲੇ ਨੂੰ ਦੇਖਦੇ ਹੋਏ ਇਸ ਦੀ ਚਿੰਦਾ ਹੋਣਾ ਕੋਈ ਅਜੀਬ ਗੱਲ ਨਹੀਂ ਹੈ।

# ਅਮਰੀਕਾ 'ਚ ਬਰ.ਫਬਾਰੀ ਕਾਰਨ 1200 ਤੋਂ ਜ਼ਿਆਦਾ ਉਡਾਣਾਂ ਰੱਦ



ਵਾਸ਼ਿੰਗਟਨ: ਅਮਰੀਕਾ ਦੇ ਸ਼ਿਕਾਗੋ ਵਿੱਚ ਓਹਾਰਾ ਤੇ ਮਿਡਵੇ ਹਵਾਈ ਅੱਡਿਆ 'ਤੇ ਭਾਰੀ ਬਰਫਬਾਰੀ ਹੋ ਰਹੀ ਹੈ। ਜਿਸ ਕਾਰਨ ਸੋਮਵਾਰ ਨੂੰ 1200 ਤੋਂ ਜ਼ਿਆਦਾ ਉਡਾਣਾਂ ਨੂੰ ਰੱਦ ਕਰ ਦਿੱਤਾ ਗਿਆ। ਇਸ ਖੇਤਰ ਵਿੱਚ ਤਿੰਨ ਤੋਂ ਛੇ ਇੰਚ ਤੱਕ ਬਰਫ ਦੀ ਚਾਦਰ ਵਿੱਛੀ ਹੋਈ ਹੈ ।ਸ਼ਿਕਾਗੋ ਡਿਪਾਰਟਮੈਂਟ ਆਫ ਐਵੀਏਸ਼ਨ ਅਨੁਸਾਰ ਸ਼ਾਮ 5 ਵਜੇ ਤਕ ਓਹਾਰਾ ਇੰਟਰਨੈਸ਼ਨਲ ਅੱਡੇ 'ਤੇ 1,114 ਉਡਾਣਾਂ ਰੱਦ ਕੀਤੀਆਂ ਗਈਆਂ ਹਨ , ਜਦਕਿ ਮਿਡਵੇ 'ਤੇ 98 ਉਡਾਣਾਂ ਰੱਦ ਕੀਤੀਆਂ ਗਈਆਂ ਹਨ ।ਅਮਰੀਕੀ ਮੌਸਮ ਵਿਭਾਗ ਅਨੁਸਾਰ ਸ਼ਿਕਾਗੋ ਦੇ ਉੱਤਰੀ ਤੇ ਮੱਧ ਇਲਾਕੇ ਵਿੱਚ ਭਾਰੀ ਬਰਫਬਾਰੀ ਹੋਈ ਹੈ। ਮੌਸਮ ਵਿਭਾਗ ਵੱਲੋਂ ਇਸ ਮਾਮਲੇ ਵਿੱਚ ਮੰਗਲਵਾਰ ਦੁਪਹਿਰ ਬਾਅਦ ਵੀ ਬਰਫਬਾਰੀ ਦੀ ਸੰਭਾਵਨਾ ਜਤਾਈ ਗਈ ਹੈ । ਨਿਊਜ਼ ਏਜੰਸੀ ਅਨੁਸਾਰ ਸੋਮਵਾਰ ਨੂੰ ਰਨਵੇ 'ਤੇ ਜੰਮੀ ਬਰਫ ਕਰਕੇ ਇੱਕ ਜਹਾਜ਼ ਨੂੰ ਖਿੱਚ ਕੇ ਲਿਆਂਦਾ ਗਿਆ । ਸੂਤਰਾਂ ਅਨੁਸਾਰ ਸੋਮਵਾਰ ਨੂੰ ਸ਼ਿਕਾਗੋ ਦੀਆਂ ਸੜਕਾਂ 'ਤੇ ਅੱਧਾ ਫੁੱਟ ਤੱਕ ਬਰਫ ਜੰਮੀ ਹੋਈ ਸੀ । ਇਸ ਤੋਂ ਇਲਾਵਾ ਉੱਤਰੀ-ਪੱਛਮੀ ਇੰਡੀਆਨਾ ਵਿੱਚ ਵੀ ਛੇ ਇੰਚ ਤੱਕ ਬਰਫਬਾਰੀ ਹੋਈ ਹੈ । ਇਸ ਭਾਰੀ ਬਰ.ਫਬਾਰੀ ਕਾਰਨ ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਸ ਵਾਰ ਸਰਦ ਰੁੱਤ ਜਲਦੀ ਆ ਗਈ ਹੈ।

# 33 ਹਜ਼ਾਰ ਕਿਲੋਮੀਟਰ ਦਾ ਸ.ਫਰ ਤੈਅ ਕਰਕੇ ਟਰਬਨ ਟਰੈਵਲ ਪੁੱਜਾ ਅੰਮ੍ਰਿਤਸਰ




ਚੰਡੀਗੜ੍ਹ, - ਦਿੱਲੀ ਦਾ ਇੱਕ ਸਿੱਖ ਅਮਰਜੀਤ ਸਿੰਘ ਚਾਵਲਾ ਫਾਰਚੂਨਰ ਕਾਰ 'ਚ ਕਰੀਬ 33 ਹਜ਼ਾਰ ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਦਾ ਹੋਇਆ ਵਾਹਘਾ ਬਾਰਡਰ ਰਾਹੀਂ ਅੰਮ੍ਰਿਤਸਰ ਪੁੱਜਾ। 61 ਸਾਲ ਦੇ ਅਮਰਜੀਤ ਸਿੰਘ ਚਾਵਲਾ ਆਪਣੀ ਪਤਨੀ ਗੁਰਸ਼ਰਨ ਕੌਰ ਨੇ ਭਾਰਤ ਦੇ 22 ਸੂਬਿਆਂ ਤੋਂ ਇਲਾਵਾ ਬੰਗਲਾਦੇਸ਼, ਮਿਆਨਮਾਰ, ਭੂਟਾਨ ਅਤੇ ਨੇਪਾਲ ਵਰਗੇ ਦੇਸ਼ਾਂ 'ਚੋਂ ਹੁੰਦੇ ਹੋਏ ਸ਼੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਦਾ ਦੌਰਾ ਕੀਤਾ। ਦੱਸਣਯੋਗ ਹੈ ਕਿ ਅਮਰਜੀਤ ਹੁਣ ਤੱਕ ਕੁੱਲ 33 ਹਜ਼ਾਰ ਕਿਲੋਮੀਟਰ ਦਾ ਸਫ਼ਰ ਤੈਅ ਕਰ ਚੁੱਕਾ ਹੈ ਅਤੇ ਜਿੰਨ੍ਹਾਂ ਅਸਥਾਨਾਂ ਤੇ ਸ਼੍ਰੀ ਗੁਰੂ ਨਾਨਕ ਸਾਹਿਬ ਨੇ ਪੈਰ ਪਾਏ ਸਨ ਉਨ੍ਹਾਂ ਪਵਿੱਤਰ ਅਸਥਾਨਾਂ ਦੇ ਦਰਸ਼ਨ ਕੀਤੇ ਹਨ। ਪਹਿਲੇ ਪੜਾਅ ਨੂੰ ਪਾਰ ਕਰਦਿਆਂ ਅਮਰਜੀਤ ਨੇ ਕਿਹਾ ਕਿ ਉਹ ਆਪਣੇ ਅਗਲੇ ਤੇ ਅਖੀਰਲੇ ਪੜਾਅ 'ਚ ਅਫਗਾਨਿਸਤਾਨ, ਇਰਾਨ, ਇਰਾਕ, ਮੱਕਾ ਮਦੀਨਾ, ਚੀਨ ਅਤੇ ਰਸ਼ੀਆ ਲਈ ਮਾਰਚ 2020 'ਚ ਰਵਾਨਾ ਹੋਏਗਾ। ਇਸ ਯਾਤਰਾ ਕਾਰਨ ਸਿੰਘ ਨੂੰ 'ਟਰਬਨ ਟ੍ਰੈਵਲਰ' ਦੇ ਨਾਮ ਨਾਲ ਜਾਣਿਆ ਜਾਣ ਲੱਗਿਆ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਚਾਵਲਾ ਨੇ ਨਵੀਂ ਦਿੱਲੀ ਤੋਂ ਲੰਡਨ ਤੱਕ ਦਾ ਸਫ਼ਰ ਤੈਅ ਕੀਤਾ ਸੀ। ਉਸ ਨੇ 135 ਦਿਨਾਂ ਵਿੱਚ 30 ਦੇਸ਼ਾਂ ਵਿੱਚੋਂ 150 ਤੋਂ ਵੱਧ ਸ਼ਹਿਰਾਂ ਵਿੱਚੋਂ ਹੁੰਦੇ ਹੋਏ 40,000 ਕਿਲੋਮੀਟਰ ਦੀ ਯਾਤਰਾ ਤੈਅ ਕੀਤੀ।

## ਜਦੋਂ ਫਲਾਇਟ 'ਚ ਮਹਿਲਾ ਨਾਲ ਵਿਅਕਤੀ ਨੇ ਕੀਤੀ ਗੰਦੀ ਹਰਕਤ

ਏਅਰਲਾਈਨ 'ਚ ਛੇੜਛਾੜ ਦੇ ਮਾਮਲੇ ਆਮ ਹੁੰਦੇ ਜਾ ਰਹੇ ਹਨ , ਤਾਜ਼ਾ ਮਾਮਲਾ ਸਾਹਮਣੇ ਨਾਰਥ ਕੈਰੋਲੀਨਾ ਅਮਰੀਕੀ ਏਅਰਲਾਈਨ ਦੀ ਇਕ ਫਲਾਈਟ 'ਚ ਜਿੱਥੇ ਇੱਕ ਮਹਿਲਾ ਯਾਤਰੀ ਨਾਲ ਇੱਕ ਨਾਲ ਬੈਠੇ ਪੁਰਸ਼ ਯਾਤਰੀ ਨੇ ਛੇੜਛਾੜ ਕੀਤੀ। ਮਹਿਲਾ ਮੁਤਾਬਕ ਪਹਿਲਾਂ ਉਸਨੇ ਉਸਦਾ ਹੱਥ ਫੜਨ ਦੀ ਕੋਸ਼ਿਸ਼ ਕੀਤੀ। ਪਹਿਲਾਂ ਉਸਨੂੰ ਸਾਵਧਾਨ ਵੀ ਕੀਤਾ ਪਰ ਉਹ ਨਹੀਂ ਹਟਿਆ ਅਤੇ ਜਿਸਦਾ ਵਿਰੋਧ ਕਰਨ 'ਤੇ ਉਸਨੇ ਜਬਰਦਸਤੀ ਕਰਨ ਦੀ ਕੋਸ਼ਿਸ਼ ਵੀ ਕੀਤੀ। ਜਿਸ ਤੋਂ ਬਾਅਦ ਉਸਨੇ ਆਪਣੀ ਸ਼ਿਕਾਇਤ ਕਰੂ ਮੈਂਬਰਾਂ ਨੂੰ ਕੀਤੀ। ਕਰੂ ਮੈਂਬਰਾਂ ਨੇ ਫਲਾਈਟ ਨੂੰ ਡਾਇਵਰਟ ਕਰਦਿਆਂ ਐਮਰਜੰਸੀ ਲੈਂਡਿੰਗ ਕਰਵਾਈ ਗਈ ।ਜਾਣਕਾਰੀ ਮੁਤਾਬਕ ਨਾਰਥ ਕੈਰੋਲੀਨਾ ਤੋਂ ਇਹ ਫਲਾਇਟ ਉਟਾ ਦੀ ਸਾਲਟ ਲੇਕ ਸਿਟੀ ਲੈਂਡ ਕਰਨੀ ਸੀ। ਇਸ ਪੂਰੀ ਘਟਨਾ ਤੋਂ ਬਾਅਦ ਪੁਲਿਸ ਵੱਲੋਂ ਛੇੜਛਾੜ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ। ਵਿਅਕਤੀ ਦਾ ਨਾਮ ਜੇਮਸ ਕਲੇਟਾਨ ਹੈ। ਹਾਲਾਂਕਿ ਇਸ ਸਬੰਧੀ ਅਮਰੀਕਨ ਏਅਰਲਾਈਨ ਵੱਲੋਂ ਹਜੇ ਤੱਕ ਕੋਈ ਅਧਿਕਾਰਤ ਬਿਆਨ ਨਹੀਂ ਦਿੱਤਾ ਗਿਆ। ਉਹਨਾਂ ਵੱਲੋਂ ਐਮਰਜੇਂਸੀ ਲੈਂਡਿੰਗ ਲਈ ਬਸ ਨਿਯਮਾਂ ਦਾ ਹਵਾਲਾ ਦਿੱਤਾ ਗਿਆ ।

# ਵਿਗਿਆਨੀਆਂ ਨੇ ਜਲਵਾਯੂ ਐਮਰਜੈਂਸੀ ਐਲਾਨੀ




ਨਵੀਂ ਦਿੱਲੀ : ਆਲਮੀ ਪੱਧਰ 'ਤੇ ਜਲਵਾਯੂ ਐਮਰਜੈਂਸੀ ਐਲਾਨਦਿਆਂ 153 ਮੁਲਕਾਂ ਦੇ 11 ਹਜ਼ਾਰ ਤੋਂ ਵੱਧ ਵਿਗਿਆਨੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਮਨੁੱਖੀ ਸਰਗਰਮੀਆਂ 'ਚ ਬਦਲਾਅ ਕਾਰਨ ਗਰੀਨ ਹਾਊਸ ਗੈਸਾਂ ਨਿਕਲਣ ਅਤੇ ਹੋਰ ਸਬੰਧਤ ਕਾਰਨਾਂ ਨਾਲ ਜਲਵਾਯੂ 'ਚ ਬਦਲਾਅ ਹੋ ਰਿਹਾ ਹੈ। ਮੰਗਲਵਾਰ ਨੂੰ ਬਾਇਓ ਸਾਇੰਸ ਜਰਨਲ 'ਚ ਪ੍ਰਕਾਸ਼ਤ ਰਿਪੋਰਟ 'ਚ ਭਾਰਤ ਦੇ 69 ਵਿਗਿਆਨੀਆਂ ਸਮੇਤ 11258 ਹੋਰਾਂ ਦੇ ਦਸਤਖ਼ਤ ਹਨ ਜਿਸ 'ਚ ਜਲਵਾਯੂ ਬਦਲਾਅ ਦੇ ਮੌਜੂਦਾ ਰੁਝਾਨਾਂ ਅਤੇ ਉਨ੍ਹਾਂ 'ਤੇ ਨੱਥ ਪਾਉਣ ਦੀਆਂ ਢੁਕਵੀਆਂ ਕਾਰਵਾਈਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਜਲਵਾਯੂ ਐਮਰਜੈਂਸੀ ਦਾ ਐਲਾਨਨਾਮਾ 40 ਸਾਲ ਤੋਂ ਵੱਧ ਸਮੇਂ ਤੱਕ ਜਨਤਕ ਤੌਰ 'ਤੇ ਮੌਜੂਦ ਅੰਕੜਿਆਂ ਦੇ ਵਿਗਿਆਨਕ ਅਧਿਐਨ 'ਤੇ ਆਧਾਰਿਤ ਹੈ। ਇਸ 'ਚ ਊਰਜਾ ਦੀ ਵਰਤੋਂ, ਧਰਤੀ ਦੇ ਤਾਪਮਾਨ, ਵਧਦੀ ਅਬਾਦੀ, ਦਰੱਖ਼ਤ ਕੱਟਣ, ਜਨਮ ਦਰ, ਕੁੱਲ ਘਰੇਲੂ ਉਤਪਾਦ (ਜੀਡੀਪੀ) ਅਤੇ ਕਾਰਬਨ ਨਿਕਲਣ ਆਦਿ ਜਿਹੇ ਅੰਕੜੇ ਸ਼ਾਮਲ ਹਨ। ਅਮਰੀਕਾ ਦੇ ਓਰੇਗਨ ਸਟੇਟ ਯੂਨੀਵਰਸਿਟੀ ਕਾਲਜ਼ ਆਫ਼ ਫੋਰੈਸਟਰੀ ਦੇ ਇਕੋਲੌਜੀ ਦੇ ਪ੍ਰੋਫੈਸਰ ਵਿਲੀਅਮ ਜੇ ਰਿਪਲ ਨੇ ਕਿਹਾ, ਆਲਮੀ ਪੱਧਰ 'ਤੇ 40 ਸਾਲ ਤੱਕ ਵਾਰਤਾ ਦੇ ਬਾਵਜੂਦ ਅਸੀਂ ਆਪਣਾ ਕਾਰ-ਵਿਹਾਰ ਆਮ ਵਾਂਗ ਜਾਰੀ ਰੱਖਿਆ ਹੋਇਆ ਹੈ ਅਤੇ ਇਸ ਸੰਕਟ ਨੂੰ ਨਜਿੱਠਣ 'ਚ ਅਸੀਂ ਨਾਕਾਮ ਰਹੇ ਹਾਂ। ਜਲਵਾਯੂ ਬਦਲਾਅ ਹੋਣ ਲੱਗ ਪਿਆ ਹੈ ਅਤੇ ਇਹ ਕਈ ਵਿਗਿਆਨੀਆਂ ਦੀਆਂ ਉਮੀਦਾਂ ਤੋਂ ਤੇਜ਼ੀ ਨਾਲ ਫੈਲ ਰਿਹਾ ਹੈ। ਰਿਪਲ ਅਤੇ ਕ੍ਰਿਸਟੋਫਰ ਵੂਲਫ ਦੀ ਅਗਵਾਈ ਹੇਠ ਆਲਮੀ ਵਿਗਿਆਨੀਆਂ ਦੇ ਗੱਠਜੋੜ ਨੇ ਗਰਮ ਹੁੰਦੀ ਜਾ ਰਹੀ ਧਰਤੀ ਨੂੰ ਬਚਾਉਣ ਲਈ ਫੌਰੀ ਛੇ ਕਦਮ ਉਠਾਉਣ 'ਤੇ ਜ਼ੋਰ ਦਿੱਤਾ ਹੈ। ਇਹ ਊਰਜਾ, ਕੁਦਰਤ, ਭੋਜਨ, ਅਰਥਚਾਰਾ, ਅਬਾਦੀ ਅਤੇ ਘੱਟ ਪ੍ਰਦੂਸ਼ਣ ਵਾਲੀਆਂ ਵਸਤਾਂ ਹਨ। ਦਿੱਲੀ ਯੂਨੀਵਰਸਿਟੀ ਦੇ ਸਹਾਇਕ ਪ੍ਰੋਫੈਸਰ ਗਿਆਨ ਪ੍ਰਕਾਸ਼ ਸ਼ਰਮਾ ਨੇ ਕਿਹਾ, ਸਾਡੇ ਸਾਰਿਆਂ ਲਈ ਜ਼ਰੂਰੀ ਲੋਕਾਂ ਨੂੰ ਢੁਕਵਾਂ ਭੋਜਨ ਅਤੇ ਊਰਜਾ ਮੁਹੱਈਆ ਕਰਾਉਣਾ ਹੈ। ਇਨ੍ਹਾਂ ਮਕਸਦਾਂ ਲਈ ਅਸੀਂ ਆਪਣੀ ਕੁਦਰਤ ਨਾਲ ਛੇੜਛਾੜ ਕਰ ਰਹੇ ਹਾਂ। ਭਾਰਤ ਦੇ ਸੰਦਰਭ 'ਚ ਉਨ੍ਹਾਂ ਕਿਹਾ ਕਿ ਮੌਨਸੂਨ ਸਮੇਤ ਕਈ ਹੋਰ ਕਾਰਨਾਂ ਨਾਲ ਵਾਤਾਵਰਨ 'ਚ ਬਦਲਾਅ ਹੋ ਰਿਹਾ ਹੈ। ਇਸ ਕਾਰਨ ਖੇਤੀ ਕਰਨ ਦੇ ਢੰਗ 'ਚ ਵੀ ਕਈ ਬਦਲਾਅ ਹੋਏ ਹਨ। ਵਿਗਿਆਨੀਆਂ ਨੇ ਕਿਹਾ ਕਿ ਦੁਨੀਆਂ 'ਚ ਵਾਤਾਵਰਨ ਪ੍ਰਤੀ ਵੱਧ ਰਹੀ ਜਾਗਰੂਕਤਾ ਨਾਲ ਕੁਝ ਸੁਧਾਰ ਹੋਣ ਦੀ ਉਮੀਦ ਬੱਝੀ ਹੈ।

## ਭਾਰਤੀ ਮੁਸਲਿਮ ਔਰਤ ਨੇ ਅਮਰੀਕਾ 'ਚ ਹਾਸਲ ਕੀਤਾ ਖਾਸ ਅਹੁਦਾ, ਸਿਰਜਿਆ ਇਤਿਹਾਸ

ਨਵੀਂ ਦਿੱਲੀ: ਇੱਕ ਮੁਸਲਿਮ ਮਹਿਲਾ ਤੇ ਇੱਕ ਸਾਬਕਾ ਵ੍ਹਾਈਟ ਹਾਊਸ ਤਕਨੀਕ ਪਾਲਿਸੀ ਐਡਵਾਈਜ਼ਰ ਸਣੇ ਚਾਰ ਭਾਰਤੀ ਅਮਰੀਕੀਆਂ ਨੇ ਮੰਗਲਵਾਰ ਨੂੰ ਸੰਯੁਕਤ ਰਾਸ਼ਟਰ ਅਮਰੀਕਾ 'ਚ ਹੋਏ ਸੂਬੇ ਤੇ ਸਥਾਨਕ ਚੋਣਾਂ ਜਿੱਤੀਆਂ ਹਨ। ਭਾਰਤੀ-ਅਮਰੀਕੀ ਤੇ ਸਾਬਕਾ ਕੰਯੂਨਿਟੀ ਕਾਲਜ ਪ੍ਰੋਫੈਸਰ ਗਜ਼ਾਲਾ ਹਾਸ਼ਮੀ ਨੇ ਵਰਜੀਨੀਆ ਸਟੇਟ ਸੀਨੇਟ 'ਚ ਚੁਣੀ ਜਾਣ ਵਾਲੀ ਪਹਿਲੀ ਮੁਸਲਿਮ ਮਹਿਲਾ ਬਣਕੇ ਇਤਿਹਾਸ ਰਚਿਆ ਹੈ। ਆਪਣੀ ਪਹਿਲੀ ਕੋਸ਼ਿਸ਼ 'ਚ ਇੱਕ ਡੈਮੋਕ੍ਰੈਟਿਕ ਹਾਸ਼ਮੀ ਨੇ ਵਰਜੀਨੀਆ ਦੇ 10ਵੇਂ ਸੈਨੇਟ ਜ਼ਿਲ੍ਹੇ ਲਈ ਰਿਪਬਲਿਕਨ ਰਾਜ ਸੈਨੇਟਰ ਗਲੇਨ ਸਟੂਰਵੇਂਟ ਨੂੰ ਹਰਾਇਆ ਜਿਸ ਸਭ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਆਪਣੇ ਇਤਿਹਾਸਕ ਜਿੱਤ ਤੋਂ ਬਾਅਦ ਗਜਾਲਾ ਨੇ ਕਿਹਾ, ਇਹ ਜਿੱਤ ਮੇਰੀ ਇਕਲੀ ਦੀ ਨਹੀਂ। ਇਹ ਤੁਸੀਂ ਸਭ ਦੀ ਜਿੱਤ ਹੈ ਜਿਨ੍ਹਾਂ ਮੰਨਿਆ ਕਿ ਅਸੀਂ ਵਰਜੀਨੀਆ 'ਚ ਤੱਰਕੀ ਲਈ ਬਦਲਾਅ ਲਿਆਉਣ ਦੀ ਲੋੜ ਹੈ ।

# ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰਕੈਦ 'ਚ ਤਬਦੀਲ



ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ ਵਿੱਚ ਸਜ਼ਾ ਭੁਗਤ ਰਹੇ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿੱਚ ਤਬਦੀਲ ਕਰ ਦਿੱਤੀ ਹੈ। ਇਸ ਸਬੰਧੀ ਰਸਮਾਂ ਪੂਰੀਆਂ ਕਰਨ ਲਈ ਹੁਕਮ ਜਾਰੀ ਕਰ ਦਿੱਤੇ ਗਏ ਹਨ। ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਅਤੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਹੁਕਮ ਜਾਰੀ ਕੀਤੇ ਗਏ ਹਨ। ਇਸ ਦੇ ਨਾਲ ਹੀ ਹੁਕਮ ਲਾਗੂ ਕਰਵਾਉਣ ਦੀ ਜ਼ਿੰਮੇਵਾਰੀ ਚੰਡੀਗੜ੍ਹ ਪ੍ਰਸ਼ਾਸਨ ਨੂੰ ਸੌਂਪੀ ਹੈ। ਰਾਜੋਆਣਾ ਨੂੰ ਸਾਲ 2007 ਵਿੱਚ ਸਾਬਕਾ ਸੀ.ਐਮ. ਬੇਅੰਤ ਸਿੰਘ ਦੇ ਕਤਲ ਦੇ ਮਾਮਲੇ ਵਿੱਚ ਸੀ.ਬੀ.ਆਈ. ਅਦਾਲਤ ਨੇ ਫਾਂਸੀ ਦੀ ਸਜ਼ਾ ਸੁਣਾਈ ਸੀ। 31 ਅਗੱਸਤ, 1995 ਨੂੰ ਚੰਡੀਗੜ੍ਹ ਵਿੱਚ ਸਿਵਲ ਸਕੱਤਰੇਤ ਦੇ ਬਾਹਰ ਤੱਤਕਾਲੀਨ ਮੁੱਖ ਮੰਤਰੀ ਬੇਅੰਤ ਸਿੰਘ ਦਾ ਕਤਲ ਕਰ ਦਿੱਤਾ ਗਿਆ ਸੀ। ਇਸ ਘਟਨਾ ਵਿੱਚ 16 ਹੋਰ ਲੋਕਾਂ ਦੀ ਮੌਤ ਹੋਈ ਸੀ।

# ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

**242-25 Braddock Ave., Bellerose, NY 11426**




## ਜਗਤ ਗੁਰੂ ਪ੍ਰਥਮ ਪਾਤਿਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਅਤੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦੀ ਸੰਗਤਾਂ ਨੂੰ ਲੱਖ-ਲੱਖ ਵਧਾਈ

## ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਵਿਸ਼ੇਸ਼ ਪ੍ਰੋਗਰਾਮ

### 16 ਨਵੰਬਰ ਦਾ ਵਿਸ਼ੇਸ਼ ਪ੍ਰੋਗਰਾਮ

16 ਨਵੰਬਰ, ਸਨਿਚਰਵਾਰ ਨੂੰ ਵਿਸ਼ੇਸ਼ ਪ੍ਰੋਗਰਾਮ ਵਾਈ.ਐਮ.ਸੀ.ਏ. ਪਾਰਕ, ਹਿਲਸਾਈਡ ਐਵੇਨਿਊ 'ਤੇ ਹੋਵੇਗਾ। ਗੁਰਦੁਆਰਾ ਸੰਤ ਸਾਗਰ ਤੋਂ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸਵੇਰੇ 10 ਵਜੇ ਰਵਾਨਾ ਹੋਵੇਗੀ। ਬਾਕੀ ਸੰਗਤ ਗੱਡੀਆਂ ਵਿਚ ਪਿਛੇ ਪਿਛੇ ਜਾਵੇਗੀ। 10:30 ਤੋਂ ਬਾਅਦ ਦੁਪਹਿਰ 3:30 ਵਜੇ ਤੱਕ ਮਹਾਨ ਕੀਰਤਨ ਦੀਵਾਨ ਹੋਵੇਗਾ, ਜਿਸ ਵਿਚ ਭਾਈ ਅਮਰੀਕ ਸਿੰਘ ਗੁਰਦਾਸਪੁਰੀ ਤੇ ਭਾਈ ਬਲਜਿੰਦਰ ਸਿੰਘ ਪਿਹੋਵੇ ਵਾਲੇ ਦਾ ਕੀਰਤਨੀ ਜਥਾ; ਭਾਈ ਮੋਹਣ ਸਿੰਘ ਬਡਾਨਾ ਦਾ ਢਾਡੀ ਜਥਾ; ਕਥਾਵਾਚਕ ਭਾਈ ਸੁਖਦੇਵ ਸਿੰਘ ਪਾਉਂਟਾ ਸਾਹਿਬ ਵਾਲੇ ਤੇ ਗਿਆਨੀ ਦਲਜੀਤ ਸਿੰਘ ਦਮਦਮੀ ਟਕਸਾਲ ਵਾਲੇ ਗੁਰਬਾਣੀ ਕੀਰਤਨ, ਢਾਡੀ ਵਾਰਾਂ ਅਤੇ ਕਥਾ ਵਿਆਖਿਆ ਰਾਹੀਂ ਸੰਗਤਾਂ ਨਿਹਾਲ ਕਰਨਗੇ। ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਲੋਂ ਕੀਰਤਨ ਇਕ ਵਜੇ ਤੋਂ ਦੋ ਵਜੇ ਤੱਕ ਹੋਵੇਗਾ।

**ਵਿਸ਼ੇਸ਼ ਬੁਲਾਰੇ:** ਡਾ. ਅਮਰਜੀਤ ਸਿੰਘ ਅਤੇ ਡਾ. ਇਕਤਦਾਰ ਕਰਾਮਾਤ ਚੀਮਾ (ਪਾਕਿਸਤਾਨ) ਵਿਸ਼ੇਸ਼ ਤੌਰ 'ਤੇ ਪਹੁੰਚਣਗੇ। ਇਸ ਦਿਨ ਪਾਰਕ 'ਚ ਲੰਗਰ ਦੀ ਸੇਵਾ ਬਲ ਪਰਿਵਾਰ, ਪੱਡਾ ਪਰਿਵਾਰ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਹੋਵੇਗੀ।

**ਸਾਰੇ ਪ੍ਰੋਗਰਾਮਾਂ 'ਚ ਗੁਰੂ ਕਾ ਲੰਗਰ ਅਤੁੱਟ ਵਰਤੇਗਾ**



### 17 ਨਵੰਬਰ, ਐਤਵਾਰ ਦੇ ਪ੍ਰੋਗਰਾਮ

ਇਨ੍ਹਾਂ ਸਾਰੇ ਪ੍ਰੋਗਰਾਮਾਂ ਦੀ ਸਮਾਪਤੀ 17 ਨਵੰਬਰ, ਐਤਵਾਰ ਨੂੰ ਹੋਵੇਗੀ। ਅਖੰਡ ਪਾਠ ਦੇ ਭੋਗ ਉਪਰੰਤ 9:30 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਦੀਵਾਨ ਸਜਾਏ ਜਾਣਗੇ। ਬਾਕੀ ਜਥਿਆਂ ਤੋਂ ਇਲਾਵਾ 1:30 ਤੋਂ 2:30 ਵਜੇ ਤੱਕ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਕੀਰਤਨ ਕਰਨਗੇ। ਐਤਵਾਰ ਦੇ ਅਖੰਡ ਪਾਠ ਤੇ ਲੰਗਰ ਦੀ ਸੇਵਾ ਭਾਈ ਜਸਵੀਰ ਸਿੰਘ ਲਾਲੀ ਤੇ ਪਰਿਵਾਰ ਵਲੋਂ ਹੋਵੇਗੀ।

## ਸੰਗਤਾਂ ਨੂੰ ਬੇਨਤੀ ਹੈ ਕਿ ਇਨ੍ਹਾਂ ਪ੍ਰੋਗਰਾਮਾਂ ਵਿਚ ਸ਼ਾਮਲ ਹੋ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

**ਗੁਰੂ-ਸੰਗਤਾਂ ਦਾ ਦਾਸ: ਭਾਈ ਸੱਜਣ ਸਿੰਘ, ਫੋਨ: ਫੋਨ: 718-347-5659 ਜਾਂ 718-343-1030**
ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ, ਗੁਰਦੁਆਰਾ ਸੰਤ ਸਾਗਰ, ਬੈਲਰੋਜ਼ (ਨਿਊ ਯਾਰਕ)

# ਗੁਰਦੁਆਰਾ ਸੰਤ ਸਾਗਰ ਵਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 14ਵਾਂ ਮਹਾਨ ਨਗਰ ਕੀਰਤਨ

**ਬੈਲਰੋਜ਼, ਨਿਊ ਯਾਰਕ (ਬਿਊਰੋ):** ਸਥਾਨਕ ਗੁਰਦੁਆਰਾ ਸੰਤ ਸਾਗਰ ਵੱਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ 14ਵਾਂ ਮਹਾਨ ਨਗਰ ਕੀਰਤਨ ਸੰਗਤ ਦੇ ਸਹਿਯੋਗ ਨਾਲ ਲੰਘੀ 2 ਨਵੰਬਰ ਨੂੰ ਧੂਮ ਧਾਮ ਨਾਲ ਸਜਾਇਆ ਗਿਆ।

ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਦਾ ਅਰੰਭ ਜੈਕਾਰਿਆਂ ਦੀ ਗੂੰਜ ਵਿਚ ਹੋਇਆ। ਨਗਰ ਕੀਰਤਨ ਦੀ ਅਗਵਾਈ ਗੁਰੂ ਘਰ ਦੇ ਹੈਡ ਗ੍ਰੰਥੀ ਬਾਬਾ ਸੱਜਣ ਸਿੰਘ ਨੇ ਬੜੀ ਸ਼ਰਧਾ ਭਾਵਨਾ ਨਾਲ ਨਿਭਾਈ। ਗੁਰੂ ਗ੍ਰੰਥ ਸਾਹਿਬ ਵਾਲੀ ਪਾਲਕੀ ਨੂੰ ਸੇਵਾਦਾਰਾਂ ਨੇ ਬੜੇ ਸਿਦਕ ਨਾਲ ਸਜਾਇਆ ਹੋਇਆ ਸੀ। ਨਗਰ ਕੀਰਤਨ ਦੌਰਾਨ ਸੰਗਤਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਉਤੇ ਗੁਲਾਬ ਦੇ ਫੁੱਲਾਂ ਦੀ ਵਰਖਾ ਕੀਤੀ। ਜਿੱਥੋਂ ਜਿੱਥੋਂ ਫਲੋਟ ਲੰਘ ਰਿਹਾ ਸੀ, ਸੰਗਤਾਂ ਰਾਹ ਦੀ ਸਫਾਈ ਕਰ ਰਹੀਆਂ ਸਨ।

ਸੰਗਤ ਦੀ ਸੁਰੱਖਿਆ ਦੇ ਮੱਦੇਨਜ਼ਰ ਪੁਲਿਸ ਵੱਲੋਂ ਵੀ ਪੂਰੇ ਨਗਰ ਕੀਰਤਨ ਵਿਚ ਦੋ ਗੱਡੀਆਂ ਦਾ ਪ੍ਰਬੰਧ ਕੀਤਾ ਗਿਆ ਸੀ। ਰਸਤੇ ਵਿਚ ਹਰ ਚੌਕ 'ਤੇ ਪੁਲਿਸ ਦੀ ਗੱਡੀ ਟ੍ਰੈਫਿਕ ਕੰਟਰੋਲ ਕਰਨ ਲਈ ਖੜੀ ਕੀਤੀ ਗਈ ਸੀ। ਪੁਲਿਸ ਵੱਲੋਂ ਹੀ ਅਮਰੀਕਨ ਬੈਂਡ ਦੀ ਸੇਵਾ ਨਿਭਾਈ ਗਈ। ਨਗਾਰਿਆਂ ਦੀ ਗੂੰਜ ਅਸਮਾਨ ਵਿਚ ਵਾਹਿਗੁਰੂ ਦਾ ਸੰਦੇਸ਼ ਪਹੁੰਚਾ ਰਹੀ ਸੀ। ਰਾਗੀ-ਢਾਡੀ ਜਥਿਆਂ ਨੇ ਗੁਰਬਾਣੀ ਸਰਵਣ ਕਰਵਾਈ।

ਗਤਕਾ ਜਥੇ ਦੇ ਬੱਚਿਆਂ ਨੇ ਬਹੁਤ ਹੀ ਵਧੀਆ ਪ੍ਰਦਰਸ਼ਨ ਕੀਤਾ, ਜਿਨ੍ਹਾਂ ਨੂੰ ਗਤਕੇ ਦੀ ਸਿਖਲਾਈ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵੱਲੋਂ ਦਿਤੀ ਗਈ ਸੀ। ਭਾਂਤ ਭਾਂਤ ਦਾ ਲੰਗਰ ਸੇਵਾਦਾਰਾਂ ਵੱਲੋਂ ਬੜੀ ਸ਼ਰਧਾ ਨਾਲ ਵਰਤਾਇਆ ਜਾ ਰਿਹਾ ਸੀ। ਗੁਰਦੁਆਰਾ ਸੰਤ ਸਾਗਰ ਦੀ ਪ੍ਰਬੰਧਕ ਕਮੇਟੀ ਵੱਲੋਂ ਉਲੀਕੇ ਗਏ ਕੰਮ ਕਾਜ ਕਾਬਿਲੇ-ਤਾਰੀਫ ਸਨ। ਨਗਰ ਕੀਰਤਨ ਤੇ ਗੁਰਪੁਰਬ ਸਬੰਧੀ ਸਮਾਗਮਾਂ ਦੌਰਾਨ ਦਿੱਤੇ ਸਹਿਯੋਗ ਲਈ ਬਾਬਾ ਸੱਜਣ ਸਿੰਘ ਨੇ ਸੰਗਤਾਂ ਦਾ ਧੰਨਵਾਦ ਕੀਤਾ।


























ਤਸਵੀਰਾਂ: ਠਾਕੁਰ ਵੀਡੀਓ

ਕੋਰੀ-ਕਰਾਰੀਗੱਲ

# ਭਾਰਤ ਸਰਕਾਰ ਦੇ ਲਾਂਘੇ ਸੰਬਧੀ ਸਮਾਗਮ 'ਚੋਂ ਗੁਰੂ ਤੇ ਗੁਰਮੁਖੀ ਨੂੰ ਮਨਫ਼ੀ ਕਰਨ ਪਿੱਛੇ ਕੀ ਮਜ਼ਬੂਰੀ ?



ਮਨਦੀਪ ਖੁਰਮੀ ਹਿੰਮਤਪੁਰਾ

ਕਹਿੰਦੇ ਹਨ ਕਿ ਇੱਕ ਪੁੱਤ ਨੇ ਆਪਣੇ ਸਿਆਸਤਦਾਨ ਪਿਓ ਕੋਲੋਂ ਸਿਆਸਤ ਦੇ ਗੁਰ ਸਿੱਖਣ ਦੀ ਰਟ ਲਾ ਰੱਖੀ ਸੀ। ਉਹਦਾ ਆਪਣੇ ਪਿਓ ਅੱਗੇ ਹਰ ਵਾਰ ਇਹੀ ਰੋਣਾ ਰਹਿੰਦਾ ਕਿ ਉਹਨੇ ਵੀ ਸਿਆਸਤਦਾਨ ਬਣਨਾ ਹੈ ਤੇ ਉਸਨੂੰ ਸਿਆਸੀ ਬਿਸਾਤ ਦੀਆਂ ਚਾਲਾਂ ਚੱਲਣ ਦਾ ਵੱਲ ਸਿਖਾਇਆ ਜਾਵੇ। ਨਿਰੋਲ ਸਿਆਸੀ ਪਿਓ ਐਨਾ ਕੁ ਮਜ਼ਬੂਰ ਹੋ ਗਿਆ ਕਿ ਉਸਨੇ ਮੁੰਡੇ ਦੀ ਜ਼ਿਦ ਅੱਗੇ ਗੋਡੇ ਟੇਕ ਦਿੱਤੇ। ਪੁੱਤਰ ਨੂੰ ਸਿਆਸੀ ਕਾਇਦੇ ਦੇ ਪਹਿਲੇ ਸਬਕ ਦਾ ਗਿਆਨ ਦੇਣ ਲਈ ਹੁਕਮ ਦਿੱਤਾ ਕਿ ਪੌੜੀ ਰਾਂਹੀਂ ਕੋਠੇ ਦੀ ਛੱਤ 'ਤੇ ਚੜ੍ਹ ਜਾਵੇ। ਮੁੰਡੇ ਦੇ ਛੱਤ 'ਤੇ ਚੜ੍ਹਨ ਤੋਂ ਬਾਅਦ ਪਿਓ ਨੇ ਪੌੜੀ ਚੁੱਕ ਲਈ ਅਤੇ ਮੁੰਡੇ ਨੂੰ ਛੱਤ ਤੋਂ ਵਿਹੜੇ 'ਚ ਛਾਲ ਮਾਰਨ ਦਾ ਹੁਕਮ ਕੀਤਾ। ਮੁੰਡਾ ਡੌਰ ਭੌਰ ਕੇ ਬਾਪੂ ਅੱਜ ਲੱਤਾਂ ਬਾਂਹਾਂ ਜ਼ਰੂਰ ਤੁੜਵਾਵੇਗਾ। ਪਿਓ ਨੇ ਉਹਦਾ ਫਿਕਰ ਦੂਰ ਕਰਨ ਲਈ ਬਾਂਹਾਂ ਖਿਲਾਰ ਲਈਆਂ ਕਿ "ਤੂੰ ਛਾਲ ਮਾਰ, ਮੈਂ ਆਪਣੀਆਂ ਬਾਂਹਾਂ ਵਿੱਚ ਬੋਚ ਲਵਾਂਗਾ।" ਮੁੰਡੇ ਨੇ ਪਿਓ 'ਤੇ ਯਕੀਨ ਕਰਦਿਆਂ ਛਾਲ ਮਾਰ ਦਿੱਤੀ ਪਰ ਪਿਓ ਛੜੱਪਾ ਮਾਰ ਕੇ ਪਿਛਾਂਹ ਹਟ ਗਿਆ। ਮੁੰਡੇ ਦੇ ਗੋਡੇ ਗਿੱਟੇ ਛਿੱਲੇ ਗਏ ਤੇ ਹੋਰ ਵੀ ਸੱਟਾਂ ਵੱਜੀਆਂ। ਕੁਰਲਾਉਂਦਾ ਹੋਇਆ ਬੋਲਿਆ, "ਬਾਪੂ, ਆਹ ਕੀ ਕੀਤਾ ? ਮੈਨੂੰ ਛਾਲ ਮਾਰਨ ਲਈ ਕਹਿ ਕੇ ਆਪ ਮੈਨੂੰ ਬਚਾਇਆ ਕਿਉਂ ਨਹੀਂ ?" ਤਾਂ ਬਾਪੂ ਦਾ ਦਿੱਤਾ ਜਵਾਬ ਹਰ ਸਮੇਂ ਦੀ ਸਿਆਸਤ 'ਤੇ ਢੁਕਦਾ ਆ ਰਿਹਾ ਹੈ ਤੇ ਢੁਕਦਾ ਹੀ ਰਹੇਗਾ। ਬਾਪੂ ਦਾ ਜਵਾਬ ਸੀ ਕਿ "ਇਹੀ ਸਿਆਸਤ ਦਾ ਪਹਿਲਾ ਸਬਕ ਹੈ ਕਿ ਜੋ ਦਿਸਦੀ ਹੈ, ਓਹ ਹੁੰਦੀ ਨਹੀਂ। ਜੋ ਹੁਦੀ ਹੈ, ਓਹ ਦਿਸਦੀ ਨਹੀਂ।"

ਸਚਮੁੱਚ ਹੀ ਅਜਿਹੀ ਸਿਆਸਤ ਦੇ ਪੈਂਤੜੇ ਹੀ ਬੀਤੇ ਦਿਨੀਂ ਹੋਏ ਭਾਰਤ ਸਰਕਾਰ ਵੱਲੋਂ ਆਯੋਜਿਤ ਲਾਂਘਾ ਸਮਾਗਮਾਂ ਵਿੱਚ ਦੇਖਣ ਨੂੰ ਮਿਲੇ। ਸਿਆਸਤ ਤਾਂ ਸਕੇ ਪੁੱਤ ਦੀ ਸਕੀ ਨਹੀਂ ਹੁੰਦੀ, ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਿਵੇਂ ਬਖ਼ਸ਼ ਦਿੰਦੀ ? ਸਮਾਗਮਾਂ ਵਿੱਚ ਕੋਈ ਅਜਿਹਾ ਵਰਤਾਰਾ ਦੇਖਣ ਨੂੰ ਮਿਲਿਆ, ਜਿਹੜਾ ਗੁਰੂ ਜੀ ਦੀਆਂ ਸਿੱਖਿਆਵਾਂ 'ਤੇ ਆਧਾਰਿਤ ਹੋਵੇ ? ਪਾਠਕ ਵੀ ਜਵਾਬ ਵਜੋਂ ਸਿਰ ਨਾਂਹ 'ਚ ਹੀ ਹਿਲਾਵੇਗਾ। ਭਾਗੋ ਦੇ ਪਕਵਾਨ ਠੁਕਰਾ ਕੇ ਲਾਲੋ ਦੀ ਕੋਧਰੇ ਦੀ ਰੋਟੀ ਸਵੀਕਾਰਨ ਵਾਲੇ ਬਾਬੇ ਦੀ ਕਿਹੜੀ ਸਿੱਖਿਆ ਦਾ ਅਸੀਂ ਪਾਲਣ ਕੀਤਾ ਹੈ ? ਫਾਸਟ ਫੂਡ, ਕੋਲਡ ਡਰਿੰਕ ਦੇ ਸਟਾਲ ਕਦੋਂ "ਲੰਗਰ" ਦਾ ਰੁਤਬਾ ਹਾਸਲ ਕਰ ਗਏ, ਸਾਨੂੰ ਪਤਾ ਹੀ ਨਹੀਂ ਲੱਗਿਆ ? ਬਾਬਾ ਨਾਨਕ ਵੀ ਹੈਰਾਨ ਹੁੰਦਾ ਹੋਵੇਗਾ 550 ਤਰ੍ਹਾ ਦੇ ਪਕਵਾਨ ਦੇਖ ਕੇ ਅਤੇ ਬੀਮਾਰੀਆਂ ਨੂੰ ਸੱਦਾ ਦੇਣ ਵਾਲੇ ਗੈਸੀ ਜਲ ਪਦਾਰਥਾਂ ਨੂੰ ਲੰਗਰ ਕਹਿ ਵਰਤਾਏ ਜਾਂਦੇ ਦੇਖ ਕੇ। ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦੀ ਰੂਹ ਗੁਰਮੁਖੀ ਅੰਦਰ ਵਸਦੀ ਹੈ, ਪਰ ਭਾਰਤ ਸਰਕਾਰ ਵੱਲੋਂ ਸਮਾਗਮ ਹਿਤ ਪੰਜਾਬ ਦੀ ਹਿੱਕ 'ਤੇ ਗੱਡੇ ਗਏ ਨੀਂਹ ਪੱਥਰ ਵਿੱਚੋਂ ਨਾ ਤਾਂ ਗੁਰੂ ਨਾਨਕ ਦੇਵ ਜੀ ਦਾ ਨਾਮ ਲੱਭਦਾ ਹੈ ਤੇ ਨਾ ਹੀ ਗੁਰਮੁਖੀ। ਸਿਆਸਤਦਾਨਾਂ ਨੇ ਸਿਆਸਤ ਕਰਨੀ ਹੁੰਦੀ ਹੈ ਤੇ ਸਿਆਸਤ ਵਿੱਚ ਕੁਝ ਵੀ ਅਚਨਚੇਤ ਨਹੀਂ ਵਾਪਰਦਾ ਸਗੋਂ ਹਰ ਘਟਨਾ ਹਰ ਬਿਆਨ ਪਹਿਲਾਂ ਤੋਂ ਹੀ ਤੈਅ ਹੁੰਦਾ ਹੈ। ਕੀ ਦਿੱਲੀ ਦੀ ਨਜ਼ਰਸਾਨੀ ਹੇਠ ਤਿਆਰ ਹੋ ਕੇ ਪੰਜਾਬ ਦੇ ਸਿਆਸੀ ਆਗੂ ਸਾਰੇ ਹੀ ਸਿਆਸਤ ਦੀ ਚਕਾਚੌਂਧ 'ਚ ਐਨੇ ਅੰਨ੍ਹੇ ਹੋ ਗਏ ਸਨ ਕਿ ਉਹਨਾਂ ਨੂੰ ਸਿਰਫ ਆਪਣੇ ਨਾਂਵਾਂ ਤੋਂ ਬਗੈਰ ਨਾ ਤਾਂ ਨੀਂਹ ਪੱਥਰ ਉੱਪਰ ਗੁਰੂ ਨਾਨਕ ਦੇਵ ਜੀ ਦਾ ਨਾਂ ਅੰਕਿਤ ਕਰਨਾ ਜ਼ਰੂਰੀ ਸਮਝਿਆ ਤੇ ਨਾ ਹੀ ਗੁਰਮੁਖੀ ? ਕੀ ਸਿਆਸਤ ਐਨੀ ਹੀ ਮਤਲਬੀ ਹੁੰਦੀ ਹੈ ਕਿ ਉਸ ਲਈ ਦੇਸ਼ ਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਗਵਰਨਰ ਬੀ ਪੀ ਸਿੰਘ ਬਦਨੌਰ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਸਾਂਸਦ ਸੰਨੀ ਦਿਓਲ ਐਨੇ ਹੀ ਉੱਚ ਕਿਰਦਾਰਾਂ ਦੇ ਮਾਲਕ ਹਨ ਕਿ ਉਸ ਨੀਂਹ ਪੱਥਰ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਾਂ ਲਿਖਣਾ ਹੀ ਦਰਕਿਨਾਰ ਕਰ ਦਿੱਤਾ ਗਿਆ ? ਆਪੋ ਆਪਣੀਆਂ ਸਟੇਜਾਂ ਲਾਉਣ ਪਿੱਛੇ ਹੋਈ ਬਿਆਨਬਾਜ਼ੀ, ਆਪੋ ਆਪਣੀ ਪਾਰਟੀ ਦੇ ਵਰਕਰਾਂ ਦੇ ਜੱਥਿਆਂ ਦੀਆਂ ਤਸਵੀਰਾਂ ਰਾਂਹੀਂ ਸਿਰਫ ਤੇ ਸਿਰਫ ਇਹ ਦਿਖਾਉਣ ਦੀ ਕੋਸ਼ਿਸ਼ ਹੀ ਕੀਤੀ ਗਈ ਕਿ ਜਿਵੇਂ ਇਸ ਸਮਾਗਮ ਰਾਂਹੀਂ ਵੀ ਵੋਟ ਬੈਂਕ ਪੱਕਾ ਕਰਨ ਚੱਲੇ ਹੋਣ। ਬੇਸ਼ੱਕ ਭਾਰਤ ਪਾਕਿਸਤਾਨ ਦੇ ਸੁਖਦ ਸੰਬੰਧਾਂ ਲਈ ਇਹ ਲਾਂਘਾ ਇੱਕ ਉਮੀਦ ਬਣ ਸਕਦਾ ਹੈ ਪਰ ਸਿਆਸਤ ਕਦੋਂ ਚਾਹੇਗੀ ਕਿ ਲੋਕ ਦੋਵਾਂ ਦੇਸ਼ਾਂ ਦੀ ਕਥਿਤ ਦੁਸ਼ਮਣੀ ਦੇ ਬਿਆਨਾਂ ਨੂੰ ਭੁੱਲ ਕੇ ਹਾਕਮਾਂ ਕੋਲੋਂ ਸਿਹਤ, ਵਿੱਦਿਆ ਤੇ ਰੁਜ਼ਗਾਰ ਦੀ ਮੰਗ ਕਰਨ। ਸਗੋਂ ਸਿਆਸਤ ਦਾ ਨਿੱਜੀ ਲਾਭ ਹੀ ਇਸ ਗੱਲ 'ਚ ਹੈ ਕਿ ਲੋਕ ਆਪਣੇ ਭਲੇ ਦੀਆਂ ਲੋੜਾਂ ਨੂੰ ਭੁੱਲ ਕੇ ਸਿਆਸਤ ਦੇ ਹੱਥ-ਠੋਕੇ ਬਣੇ ਰਹਿਣ। ਇਹੀ ਉਦਾਹਰਣ ਸੂਬੇ ਦੇ ਮੁੱਖ ਮੰਤਰੀ ਨੇ ਪੇਸ਼ ਕੀਤੀ ਜਦੋਂ ਉਹਨਾਂ ਬਾਬਾ ਨਾਨਕ ਦੇਵ ਦੇ ਨਾਂਅ 'ਤੇ ਸਜ਼ਾਈ ਸਟੇਜ਼ ਤੋਂ ਪਾਕਿਸਤਾਨ ਨੂੰ ਮੂਧਾ



ਮਾਰਨ, ਚੂੜੀਆਂ ਨਾ ਪਹਿਨੀਆਂ ਹੋਣ ਵਰਗੇ ਬਚਕਾਨਾ ਬਿਆਨ ਦਿੱਤੇ। ਇੱਕ ਪਾਸੇ ਵਿਸ਼ਵ ਭਰ ਵਿੱਚੋਂ ਲਾਂਘਾ ਖੁੱਥਲ੍ਹਣ ਦੀ ਖੁਸ਼ੀ ਦੀਆਂ ਕਿਲਕਾਰੀਆਂ ਆ ਰਹੀਆਂ ਸਨ ਪਰ ਮੁੱਖ ਮੰਤਰੀ ਸਾਹਿਬ ਕੁਝ ਕੁ ਲਲਕਾਰੇ ਮਾਰਨ ਤੋਂ ਬਾਅਦ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨਾਲ ਖੁੱਲ੍ਹੀ ਬੱਸ ਵਿੱਚ ਖੜ੍ਹੇ ਨਜ਼ਰ ਆਏ। ਲਲਕਾਰੇ ਮਾਰਨ ਤੋਂ ਬਾਅਦ ਜਿੱਥੇ ਸੰਗਤ ਪੰਗਤ ਵਿੱਚ ਬੈਠ ਕੇ ਗੁਰੂ ਦੇ ਲੰਗਰਾਂ ਦੀ ਨਿਆਮਤ ਛਕ ਰਹੀ ਸੀ, ਉਦੋਂ ਮੁੱਖ ਮੰਤਰੀ ਕੋਲ ਧਰਤੀ 'ਤੇ ਥਾਲ ਰੱਖ ਕੇ ਬੁਰਕੀ ਲਾਉਣ ਦੀ ਹਿੰਮਤ ਵੀ ਨਹੀਂ ਸੀ ਰਹੀ ਤੇ ਉਹ ਪੰਗਤ ਵਿੱਚ ਬੈਠੇ ਹਿੱਕ ਤੱਕ ਉੱਚੇ ਮੇਜਨੁਮਾ ਡੱਬੇ 'ਤੇ ਥਾਲ ਰੱਖ ਕੇ ਪ੍ਰਸ਼ਾਦਾ ਛਕਦੇ ਦੇਖੇ ਗਏ। ਸਮਾਗਮ ਪਾਕਿਸਤਾਨ ਵਿੱਚ ਵੀ ਹੋਇਆ ਹੈ, ਜੇ ਸਮਝਣ ਤਾਂ ਭਾਰਤੀ ਸਿਆਸਤਦਾਨਾਂ ਲਈ ਸਬਕ ਵਰਗਾ ਸੀ ਉਹ ਸਮਾਗਮ। ਸਟੇਜ 'ਤੇ ਬੈਠਣ ਲਈ ਖਿੱਚਧੂਹ ਨਹੀਂ ਸੀ ਹੋ ਰਹੀ, ਸਗੋਂ ਜਿਸ ਬੁਲਾਰੇ ਦਾ ਨਾਂ ਬੋਲਿਆ ਜਾਂਦਾ ਸੀ, ਸਿਰਫ ਉਹੀ ਮੰਚ 'ਤੇ ਖੜ੍ਹਾ ਨਜ਼ਰ ਆਉਂਦਾ ਸੀ। ਬਾਕੀ ਸਭ "ਉੱਚੇ ਲੋਕ" ਆਮ ਲੋਕਾਂ ਵਿੱਚ ਚੌਂਕੜੀ ਮਾਰ ਕੇ ਬੈਠੇ ਸਨ। ਪੰਜਾਬ ਸਮੇਤ ਭਾਰਤ ਦੇ ਸਮੂਹ ਸਿਆਸਤਦਾਨਾਂ ਨੂੰ ਇਸ ਉਦਾਹਰਣ ਤੋਂ ਸਬਕ ਲੈ ਕੇ ਅਹਿਦ ਕਰਨਾ ਬਣਦਾ ਹੈ ਕਿ ਉਹ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਧਾਰਮਿਕ ਮੰਚਾਂ ਨੂੰ ਤਾਂ ਬਖਸ਼ਣ ਦੀ ਖੇਚਲ ਕਰਨ। ਬੇਸ਼ੱਕ ਸਮਾਗਮਾਂ ਵਿੱਚੋਂ ਗੁਰੂ ਤੇ ਗੁਰਮੁਖੀ ਨੂੰ ਮਨਫ਼ੀ ਕਰਨ ਪਿੱਛੇ ਸਰਕਾਰਾਂ ਦੀ ਕੋਈ ਵੀ ਮਜ਼ਬੂਰੀ ਹੈ ਪਰ ਹੁਣ ਵੀ ਇਸ ਗਲਤੀ ਨੂੰ ਸੁਧਾਰਿਆ ਜਾ ਸਕਦਾ ਹੈ। ਜੇ ਕੇਂਦਰ ਸਰਕਾਰ ਡੇਰਾ ਬਾਬਾ ਨਾਨਕ ਵਿਖੇ ਸਥਾਪਿਤ ਕੀਤੇ ਨੀਂਹ ਪੱਥਰ ਵਿੱਚ ਕੋਈ ਬਦਲਾਅ ਕਰਨ ਤੋਂ ਮੁਨਕਰ ਹੁੰਦੀ ਹੈ ਤਾਂ ਘੱਟੋ ਘੱਟ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਸੇ ਨੀਂਹ ਪੱਥਰ ਦੇ ਬਿਲਕੁਲ ਨਾਲ ਉਸੇ ਆਕਾਰ ਹੋਰ ਨੀਂਹ ਪੱਥਰ ਸਥਾਪਿਤ ਕਰੇ ਜਿਸ ਵਿੱਚ ਗੁਰੂ ਨਾਨਕ ਦੇਵ ਜੀ ਦੇ ਨਾਂਅ ਅਤੇ ਗੁਰਮੁਖੀ ਦੀ ਮੌਜ਼ੂਦਗੀ ਯਕੀਨੀ ਹੋਵੇ।

# ਉੱਤਰੀ ਸਕਾਟਲੈਂਡ ਚ ਸਪੁਰਦ ਏ ਖਾਕ ਕੀਤੇ ਵਿਸ਼ਵ ਯੁੱਧ ਦੌਰਾਨ ਸ਼ਹੀਦ 13 ਸੈਨਿਕਾਂ ਦੀ ਯਾਦ ਚ ਸਮਾਗਮ ਹੋਇਆ

## ਕਲਰਫੁੱਲ ਹੈਰੀਟੇਜ਼ ਸੰਸਥਾ ਦਾ ਮੁੱਖ ਮੰਤਵ ਮਾਣਮੱਤੇ ਸ਼ਹੀਦਾਂ ਨੂੰ ਲੋਕਾਈ ਦੇ ਰੂਬਰੂ ਕਰਨਾ- ਡਾ: ਸਾਕਿਬ ਰਜ਼ਾਕ



ਲੰਡਨ/ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਸਕਾਟਲੈਂਡ ਸਥਿਤ ਸੰਸਥਾ ਕਲਰਫੁੱਲ ਹੈਰੀਟੇਜ਼ ਵੱਲੋਂ ਪਹਿਲੇ ਤੇ ਦੂਜੇ ਵਿਸ਼ਵ ਯੁੱਧ ਵੇਲੇ ਬਰਤਾਨੀਆ ਤਰਫੋਂ ਲੜ ਕੇ ਜਾਨਾਂ ਨਿਛਾਵਰ ਕਰ ਗਏ ਮੁਸਲਿਮ, ਸਿੱਖ ਅਤੇ ਹਿੰਦੂ ਸੈਨਿਕਾਂ ਨੂੰ ਯਾਦ ਕਰਨ ਹਿਤ ਸਮੇਂ ਸਮੇਂ ਤੇ ਸਮਾਗਮ ਕਰਵਾਏ ਜਾਂਦੇ ਹਨ। ਇਸੇ ਲੜੀ ਤਹਿਤ ਹੀ ਅਣਵੰਡੇ ਭਾਰਤ ਵੇਲੇ ਬਰਤਾਨਵੀ ਸੈਨਾ ਦੀ ਫੋਰਸ ਕੇ 6 ਵਿੱਚ ਸੇਵਾਵਾਂ ਨਿਭਾਉਂਦੇ ਸ਼ਹੀਦ ਹੋਏ 13 ਭਾਰਤੀ ਮੁਸਲਿਮ ਸੈਨਿਕਾਂ ਦੀ ਯਾਦ ਵਿੱਚ ਬੀਤੇ ਦਿਨੀਂ ਵਿਸ਼ੇਸ਼ ਸਮਾਗਮ ਕਲਰਫੁੱਲ ਹੈਰੀਟੇਜ਼ ਦੀ ਪ੍ਰਾਜੈਕਟ ਅਫ਼ਸਰ ਡਾ: ਸਾਕਿਬ ਰਜ਼ਾਕ ਦੀ ਅਗਵਾਈ ਵਿੱਚ ਗਲਾਸਗੋ ਦੇ ਲੌਰੇਨ ਹੋਟਲ ਵਿਖੇ ਕਰਵਾਇਆ ਗਿਆ। ਉੱਤਰੀ ਸਕਾਟਲੈਂਡ ਦੀ ਧਰਤੀ ਤੇ ਅਲੀ ਬਹਾਦਰ (38 ਸਾਲ), ਫਜਲ ਅਲੀ (25), ਮੁਹੰਮਦ (29), ਬਾਰੀ ਸ਼ੇਰ (37), ਖਾਨ ਮੁਹੰਮਦ (32), ਮੁਹੰਮਦ ਸਾਦਿਕ (29), ਦਦਨ ਖਾਨ (22), ਖੁਸ਼ੀ ਮੁਹੰਮਦ (35), ਮੁਸਤਾਕ ਅਹਿਮਦ (21) ਨੂੰ ਇਨਵਰਨੈੱਸ-ਸ਼ਾਇਰ ਕਬਰਸਤਾਨ ਵਿਖੇ, ਮੀਰ ਜ਼ਾਮਨ (22) ਨੂੰ ਐਬਰਡੀਨ ਕਬਰਸਤਾਨ ਵਿਖੇ, ਅਬਦੁਲ ਰਹਿਮਾਨ (37) ਅਤੇ ਗੁਲਾਮ ਨਬੀ (24) ਨੂੰ ਡੋਰਨਕ ਕਬਰਸਤਾਨ ਵਿਖੇ ਅਤੇ ਕਰਮ ਦਾਦ (22) ਨੂੰ ਬਾਂਫਸ਼ਾਇਰ ਦੇ ਗਰੇਂਜ ਕਬਰਸਤਾਨ ਵਿਖੇ ਸਪੁਰਦ ਏ ਖਾਕ ਕੀਤਾ ਗਿਆ ਸੀ। ਸੰਸਥਾ ਵੱਲੋਂ ਵੱਖ ਵੱਖ ਭਾਈਚਾਰਿਆਂ ਦੇ ਲੋਕਾਂ ਨੂੰ ਨਾਲ ਲੈ ਕੇ ਉਪਰੋਕਤ ਕਬਰਸਤਾਨਾਂ ਵਿੱਚ ਵਿਸ਼ੇਸ਼ ਤੌਰ ਤੇ ਜਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਡਾ: ਸਾਕਿਬ ਰਜ਼ਾਕ ਵੱਲੋਂ ਹਾਜ਼ਰੀਨ ਦਾ ਧੰਨਵਾਦ ਕਰਨ ਉਪਰੰਤ ਸ਼ਹੀਦਾਂ ਬਾਰੇ ਵਿਸਥਾਰਤ ਜਾਣਕਾਰੀ ਸਾਂਝੀ ਕੀਤੀ। ਉਹਨਾਂ ਕਿਹਾ ਕਿ ਸਾਡੀ ਸੰਸਥਾ ਦਾ ਮੁੱਖ ਮੰਤਵ ਹੀ ਸਾਡੇ ਮਾਣਮੱਤੇ ਸ਼ਹੀਦਾਂ ਨੂੰ ਲੋਕਾਈ ਦੇ ਰੂਬਰੂ ਕਰਵਾਉਣਾ ਹੈ ਤਾਂ ਕਿ ਸਾਡੀਆਂ ਆਉਣ ਵਾਲੀਆਂ ਨਸਲਾਂ ਕੋਲ ਉਹਨਾਂ ਦੇ ਜੀਵਨ ਅਤੇ ਘਾਲਣਾ ਬਾਰੇ ਮੁਕੰਮਲ ਜਾਣਕਾਰੀ ਉਪਲਬਧ ਪਈ ਹੋਵੇ। ਜਿੱਥੇ ਇਸ ਸਮਾਗਮ ਦੌਰਾਨ ਐਡਿਨਬਰਾ ਕੌਂਸਲ ਜਨਰਲ ਹਿਤੇਸ਼ ਜੇ ਰਾਜਪਾਲ ਨੇ ਵਿਸ਼ੇਸ਼ ਤੌਰ ?ਤੇ ਹਾਜ਼ਰੀ ਭਰੀ ਉੱਥੇ ਮੇਜਰ ਜਨਰਲ ਬੌਬ ਬਰੂਸ, ਈਅਨ ਡਿਕਸਨ, ਰਿਲੀਜਨਜ਼ ਫਾਰ ਪੀਸ ਸੰਸਥਾ ਵੱਲੋਂ ਰਾਵਿੰਦਰ ਕੌਰ ਨਿੱਝਰ, ਬਾਪੂ ਦਰਬਾਰਾ ਸਿੰਘ ਭੁੱਲਰ (ਕੋਕਰੀ ਕਲਾਂ), ਕਮਲਜੀਤ ਸਿੰਘ ਭੁੱਲਰ, ਉਮਰ ਸ਼ੇਖ਼, ਡਾ: ਅਮਰਜੀਤ ਸਿੰਘ ਨਿੱਝਰ, ਇਮਾਮ ਅਸਮ, ਡਾ: ਗੀ ਬੋਅਮੈਨ, ਮਿਸਟਰ ਵਿਨਲੇ, ਮਿਸਟਰ ਡੰਕਨ, ਜਹਾਨ ਮਹਿਮੂਦ, ਨਵੀਦ, ਸ਼ਾਜ਼ੀਆ ਦੁਰਾਨੀ ਆਦਿ ਵਿਸ਼ੇਸ਼ ਤੌਰ ਤੇ ਹਾਜਰ ਸਨ।

# ਗੁਰੂ ਨਾਨਕ ਸਿੱਖ ਟੈਂਪਲ ਗਲਾਸਗੋ ਵਿਖੇ ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਪ੍ਰਕਾਸ਼ ਦਿਹਾੜੇ ਸੰਬੰਧੀ ਸਮਾਗਮ

## ਕਰਤਾਰਪੁਰ ਲਾਂਘੇ ਸੰਬੰਧੀ ਇਮਰਾਨ ਖਾਨ, ਨਵਜੋਤ ਸਿੱਧੂ ਤੇ ਭਾਰਤ ਸਰਕਾਰ ਵਧਾਈ ਦੀ ਪਾਤਰ

ਲੰਡਨ/ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਗਲਾਸਗੋ ਸਥਿਤ ਗੁਰੂ ਨਾਨਕ ਸਿੱਖ ਟੈਂਪਲ ਓਟੈਗੋ ਸਟਰੀਟ ਵਿਖੇ ਸ਼੍ਰੋਮਣੀ ਭਗਤ ਨਾਮਦੇਵ ਜੀ ਦਾ ਪ੍ਰਕਾਸ਼ ਦਿਹਾੜੇ ਸੰਬੰਧੀ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮੇਂ ਪ੍ਰਧਾਨ ਭੁਪਿੰਦਰ ਸਿੰਘ ਬਰ੍ਹਮੀਂ, ਸਕੱਤਰ ਸੋਹਣ ਸਿੰਘ ਸੋਂਦ ਅਤੇ ਮੀਤ ਪ੍ਰਧਾਨ ਜਸਵੀਰ ਸਿੰਘ ਜੱਸੀ ਵੱਲੋਂ ਸੰਗਤਾਂ ਨੂੰ ਮੁਖਾਤਿਬ ਹੁੰਦਿਆਂ ਭਗਤ ਨਾਮਦੇਵ ਜੀ ਦੇ ਸੰਬੰਧ ਵਿੱਚ ਵਿਸਥਾਰਿਤ





ਵਿਚਾਰ ਪੇਸ਼ ਕਰਦਿਆਂ ਉਹਨਾਂ ਦੀਆਂ ਸਿੱਖਿਆਵਾਂ ?ਤੇ ਅਮਲ ਕਰਨ ਦੀ ਬੇਨਤੀ ਕੀਤੀ। ਇਸ ਉਪਰੰਤ ਉਹਨਾਂ ਸਮੂਹ ਸੰਗਤ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਕਰਤਾਰਪੁਰ ਸਾਹਿਬ ਨੂੰ ਜਾਣ ਵਾਲਾ ਲਾਂਘਾ ਖੁੱਲ੍ਹਣ ਦੀ ਹਾਰਦਿਕ ਵਧਾਈ ਪੇਸ਼ ਕੀਤੀ। ਪੱਤਰਕਾਰ ਨਾਲ ਗੱਲਬਾਤ ਕਰਦਿਆਂ ਭੁਪਿੰਦਰ ਸਿੰਘ ਬਰ੍ਹਮੀਂ ਅਤੇ ਸੋਹਣ ਸਿੰਘ ਸੌਂਦ ਨੇ ਦੋਵਾਂ ਦੇਸ਼ਾਂ ਦੇ ਫੈਸਲੇ ਨੂੰ ਇਤਿਹਾਸਕ ਫੈਸਲਾ ਕਰਾਰ ਦਿੰਦਿਆਂ 72 ਸਾਲਾਂ ਤੋਂ ਨਿਰੰਤਰ ਹੁੰਦੀਆਂ ਆ ਰਹੀਆਂ ਸੰਗਤਾਂ ਦੀਆਂ ਅਰਦਾਸਾਂ ਨੂੰ ਫਲ ਲੱਗਣਾ ਦੱਸਿਆ। ਉਹਨਾਂ ਲਾਂਘੇ ਰਾਂਹੀਂ ਖੁੱਲ੍ਹੇ ਦਰਸ਼ਨ ਦੀਦਾਰੇ ਦਾ ਹੱਕ ਹਾਸਲ ਕਰਨ ਲਈ ਪਾਕਿਸਤਾਨ ਦੇ ਵਜ਼ੀਰ ਏ ਆਜ਼ਮ ਇਮਰਾਨ ਖਾਨ, ਉਹਨਾਂ ਦੇ ਪਰਮ ਮਿੱਤਰ ਤੇ ਭਾਰਤੀ ਸਿਆਸਤਦਾਨ ਨਵਜੋਤ ਸਿੰਘ ਸਿੱਧੂ ਅਤੇ ਭਾਰਤ ਸਰਕਾਰ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਵਧਾਈ ਪੇਸ਼ ਕੀਤੀ। ਇਸ ਮੁਬਾਰਕ ਮੌਕੇ ?ਤੇ ਸਥਾਨਕ ਕੀਰਤ ਜੱਥਿਆਂ, ਬੀਬੀਆਂ ਵੱਲੋਂ ਅਤੇ ਗੁਰੂ ਘਰ ਦੇ ਕੀਰਤਨੀਏ ਭਾਈ ਗੁਰਪ੍ਰੀਤ ਸਿੰਘ ਤੇ ਭਾਈ ਜਸਮਿੰਦਰ ਸਿੰਘ ਰਾਮਪੁਰ ਦੋਰਾਹਾ ਵਾਲਿਆਂ ਦੇ ਜੱਥੇ ਵੱਲੋਂ ਗੁਰਬਾਣੀ ਕਥਾ ਵਿਚਾਰ ਅਤੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ।

PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

# ਤੇਰਾ-ਮੇਰਾ ਦੀ ਉਲਝਣ ‘ਚੋਂ ਬਾਹਰ ਨਿਕਲੇ ਮਨੁੱਖ

ਪੰਜਾਬ ਤੋਂ ਪਰਵਾਸ ਤਾਂ ਕਈਂ ਸਦੀਆਂ ਤੋਂ ਹੁੰਦਾ ਆ ਰਿਹਾ ਹੈ ਪਰ ਪਰਵਾਸ ਦਾ ਰੁਝਾਨ 1970 ਅਤੇ 1980 ਵਿੱਚ ਆ ਕੇ ਤੇਜ਼ ਹੁੰਦਾ ਹੈ। ਇਹ ਉਹੀ ਸਮਾਂ ਹੈ ਜਦੋਂ ਮੱਧ ਸ਼੍ਰੇਣੀ ਦਾ ਹਿੰਦੁਸਤਾਨ ਦੀ ਆਈ ਆਜ਼ਾਦੀ ਤੋਂ ਮੋਹ ਭੰਗ ਹੋ ਰਿਹਾ ਸੀ ਅਤੇ ਭਾਰਤੀ ਅਰਥ ਵਿਵਸਥਾ ਖੜੋਤ ਦੀ ਅਵਸਥਾ ਵੱਲ ਵਧ ਰਹੀ ਸੀ। ਸੰਨ 1980 ਤੋਂ ਬਾਅਦ ਪੰਜਾਬ ਦੇ ਅਣ-ਸੁਖਾਵੇਂ ਹਾਲਾਤਾਂ ਨੇ ਵੀ ਪੰਜਾਬੀਆਂ ਦਾ ਰੁਖ ਵਿਦੇਸ਼ਾਂ ਦੀ ਧਰਤੀ ਵੱਲ ਤੇਜ ਕੀਤਾ। 20ਵੀਂ ਸਦੀ ਦੇ ਆਖਰੀ ਦਹਾਕੇ ਅਤੇ 21ਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਪਰਵਾਸ ਕਰਨ ਦੀ ਦ੍ਰਿਸ਼ਟੀ ਹੀ ਬਦਲ ਗਈ ਹੈ।

ਜਿਸ ਵੀ ਮੁਲਕ ਵਿੱਚ ਪੰਜਾਬੀ ਗਏ ਉਨ੍ਹਾਂ ਨੇ ਜਿੱਥੇ ਰੋਜੀ ਰੋਟੀ ਲਈ ਹੱਢ ਭੰਨਵੀਂ ਮਿਹਨਤ ਕੀਤੀ ਉੱਥੇ ਹੀ ਆਪਣੇ ਰੀਤੀ-ਰਿਵਾਜਾਂ, ਸੱਭਿਆਚਾਰ ਨੂੰ ਜਿੰਦਾ ਰੱਖਣ ਲਈ ਕੋਸ਼ਿਸ਼ਾਂ ਕੀਤੀਆਂ ਅਤੇ ਆਪਣੇ ਤਿਉਹਾਰਾਂ ਨੂੰ ਮਨਾਉਣ ਲਈ ਆਪਣੇ ਪੱਧਰ ‘ਤੇ ਉਪਰਾਲੇ ਵੀ ਕੀਤੇ। ਕੇਵਲ ਪੰਜਾਬੀ ਹੀ ਨਹੀਂ ਸਗੋਂ ਭਾਰਤੀ ਲੋਕਾਂ ਨੇ ਬਾਹਰ ਜਾ ਕੇ ਆਪਣੀ ਸੱਭਿਅਤਾ, ਆਪਣੇ ਤਿਉਹਾਰਾਂ ਨੂੰ ਸਾਧਨਾ ਦੀ ਅਣਹੋਂਦ ਹੁੰਦੇ ਹੋਏ ਵੀ ਜਿਊਂਦਾ ਰੱਖਿਆ।

ਇਹੀ ਕਾਰਨ ਹੈ ਕਿ ਅੱਜ ਤਿਉਹਾਰ ਕਿਸੇ ਇੱਕ ਧਰਮ, ਜਾਤੀ ਜਾਂ ਫਿਰਕੇ ਦੇ ਖਾਸ ਨਹੀਂ ਰਹੇ, ਸਗੋਂ ਅੱਜ ਇਹ ਤਿਉਹਾਰ ਸਭਨਾਂ ਦੇ ਸਾਂਝੇ ਬਣ ਚੁੱਕੇ ਹਨ। ਦੁਨੀਆਂ ਦੇ ਵਿੱਚ ਇਨਸਾਨੀਅਤ ਨੂੰ ਪਿਆਰ ਕਰਨ ਵਾਲੇ ਲੋਕ ਅੱਜ ਸਾਂਝੀਵਾਲਤਾ ਦਾ ਨਾਅਰਾ ਲਾ ਰਹੇ ਹਨ। ਅਤੇ ਸਾਡੇ ਗੁਰੂਆਂ ਪੀਰਾਂ ਨੇ ਵੀ ਸਾਨੂੰ ਰਲ਼-ਮਿਲ਼ ਕੇ ਰਹਿਣ ਦਾ ਰਸਤਾ ਦੱਸਿਆ ਹੈ। ਗੁਰਬਾਣੀ ਵਿੱਚ ਬਚਨ ਆਉਂਦਾ ਹੈ

ਸਭੇ ਸਾਂਝੀਵਾਲ ਸਦਾਇਨ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥ (੯੭)

ਵਾਲੀ ਅਵਸਥਾ ਵਿੱਚ ਵਿਚਰਦਿਆਂ ਜਿੰਨਾ ਪਿਆਰ ਅਸੀਂ ਆਪਣੇ ਬੱਚਿਆਂ ਨੂੰ ਕਰਦੇ ਹਾਂ, ਉਨਾਂ ਦੂਜਿਆਂ ਨੂੰ ਵੀ ਕਰਾਂਗੇ, ਜਿੰਨਾ ਅਸੀਂ ਆਪਣਿਆਂ ਲਈ ਦੁਖੀ ਹੁੰਦੇ ਹਾਂ ਉਨਾਂ ਦੂਸਰਿਆਂ ਲਈ ਵੀ ਹੋਵਾਂਗੇ। ਜਦੋ ਸੁਆਰਥ ਨਿਰਸੁਆਰਥ ਵਿੱਚ ਤਬਦੀਲ ਹੋ ਜਾਂਦਾ ਹੈ ਤਾਂ ਏਕੁ ਪਿਤਾ ਏਕਸ ਕੇ ਹਮ ਬਾਰਿਕ ਦਾ ਰੱਬੀ ਸਿਧਾਂਤ ਸਾਡੀ ਸਮਝ ਵਿੱਚ ਵੀ ਆ ਜਾਂਦਾ ਹੈ। ਇਸ ਰੱਬੀ ਸਿਧਾਂਤ ਨੂੰ ਅਮਲੀ ਜੀਵਨ ਵਿੱਚ ਸਮਝਣ ਵਾਲੀਆਂ ਭਾਈ ਘਨਈਆ ਜੀ ਅਤੇ ਭਗਤ ਪੂਰਨ ਸਿੰਘ ਆਦਿ ਦੀਆਂ ਪ੍ਰਤੱਖ ਇਤਿਹਾਸਕ ਉਦਾਹਰਣਾਂ ਸਾਡੇ ਸਾਹਮਣੇ ਹਨ।

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ 12 ਨਵੰਬਰ ਦਿਨ ਮੰਗਲਵਾਰ ਨੂੰ ਆ ਰਿਹਾ ਹੈ। ਜਿਸ ਦੇ ਸੰਬੰਧ ਵਿਚ ਹਰ ਸਾਲ ਦੀ ਤਰਾਂ ਗੁਰਦੁਆਰਾ ਸੰਤ ਸਾਗਰ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿੱਚ ਗੁਰੂ ਘਰ ਵਲੋਂ ਉਲੀਕੇ ਪ੍ਰੋਗਰਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ।

# ੧੪ਵਾਂ ਮਹਾਨ ਨਗਰ ਕੀਰਤਨ

2 ਨਵੰਬਰ ਦਿਨ ਸ਼ਨੀਵਾਰ ਨੂੰ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਅਤੇ ਪੰਜ ਨਗਾਰਿਆਂ ਦੀ ਗੂੰਜ ਵਿੱਚ ਸਵੇਰੇ ਠੀਕ 11:30 ਵਜੇ ਇਹ ਨਗਰ ਕੀਰਤਨ ਆਰੰਭ ਹੋ ਕੇ ਹਿੱਲ ਸਾਈਡ, 263 ਸਟਰੀਟ ਤੋਂ ਲੰਘਦਾ ਹੋਇਆ 82 ਐਵੀਨਿਊ ਤੋਂ ਸ਼ਾਮ ਦੇ 3:00 ਵਜੇ ਗੁਰਦੁਆਰਾ ਸੰਤ ਸਾਗਰ ਵਿਖੇ ਸਮਾਪਤ ਹੋਵੇਗਾ। ਨਗਰ ਕੀਰਤਨ ਵਾਲੇ ਦਿਨ ਦੇ ਲੰਗਰ ਦੀ ਸੇਵਾ ਸੇਂਟ ਗ੍ਰੇਗਰੀ ਚਰਚ ਦੇ ਪਾਰਕਿੰਗ ਲਾਟ (ਕਰੋਸ ਆਇਲੈਂਡ ਦੇ ਸਰਵਿਸ ਰੋਡ) ਤੇ ਟੈਕਸੀ ਵਾਲੇ ਵੀਰਾਂ ਵੱਲੋ ਹੋਵੇਗੀ।

**ਰੈਣ ਸਬਾਈ ਕੀਰਤਨ - 8 ਨਵੰਬਰ ਸ਼ਾਮ ਆਰਤੀ ਕੀਰਤਨ ਉਪਰੰਤ ਸਵੇਰੇ 2 ਵਜੇ ਤੱਕ ਅੰਖਡ ਕੀਰਤਨੀ ਜਥੇ ਵਲੋਂ ਕੀਰਤਨ ਕੀਤਾ ਜਾਵੇਗਾ।**

**ਭੋਗ ਸਹਿਜ ਪਾਠ - 9 ਨਵੰਬਰ ਸ਼ਾਮ ਪ੍ਰੇਮੀਆਂ ਵਲੋਂ ਘਰੇ ਘਰੀ ਕੀਤੇ ਸਹਿਜ ਪਾਠਾਂ ਦਾ ਸਮੂਹਿਕ ਭੋਗ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਸ਼ਾਮ 6:30 ਪਵੇਗਾ। ਉਪਰੰਤ ਕੀਰਤਨੀ ਜੱਥੇ ਰੱਲ ਕੇ ਆਤਮ ਰੱਸ ਕੀਰਤਨ ਰਾਤ 10 ਵਜੇ ਤੱਕ ਕਰਣਗੇ।**

ਪ੍ਰਕਾਸ਼ ਪੁਰਬ - 11 ਤੇ 12 ਨਵੰਬਰ, 11 ਨਵੰਬਰ ਦਿਨ ਸੋਮਵਾਰ ਸ਼ਾਮ 5:30 ਵਜੇ ਤੋਂ ਰਾਤ 12:30 ਵਜੇ ਤੱਕ ਦੀਵਾਨ ਸਜਣਗੇ। ਜਿਸ ਵਿੱਚ ਪੰਥ ਪ੍ਰਸਿਧ ਰਾਗੀ ਜਥੇ ਪਰਚਾਰਕ ਤੇ ਢਾਡੀ ਜਥੇ ਹਿੱਸਾ ਲੈਣਗੇ। ਰਾਤ 10:30 ਤੋਂ 11:30 ਤੱਕ ਭਾਈ ਸਾਹਿਬ ਹਰਜਿੰਦਰ ਸਿੰਘ ਜੀ ਸ੍ਰੀ ਨਗਰ ਵਾਲੇ ਕੀਰਤਨ ਦੀ ਹਾਜਰੀ ਭਰਣਗੇ । ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਕਥਾ 11:30 ਤੋਂ 12:05 ਤੱਕ ਹੋਵੇਗੀ। ਉਪਰੰਤ ਸਤਿਗੁਰੂ ਦੇ ਪ੍ਰਕਾਸ਼ ਸਮੇਂ ਆਰਤੀ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਕੀਤੀ ਜਾਵੇਗੀ। ਰਾਤ ਦੇ ਲੰਗਰ ਦੀ ਸੇਵਾ ਨੌਜਵਾਨ ਨਿਸ਼ਕਾਮ ਸੇਵਕ ਜੱਥੇ ਵਲੇ ਹੋਵੇਗੀ ।

12 ਨਵੰਬਰ ਦਿਨ ਮੰਗਲਵਾਰ ਸਵੇਰੇ 10:00 ਵਜੇ ਅਖੰਡ ਪਾਠ ਦਾ ਭੋਗ ਪਵੇਗਾ। ਉਪਰੰਤ 2:00 ਵਜੇ ਤੱਕ ਦੀਵਾਨ ਸਜਣਗੇ। ਪਾਠ ਤੇ ਦਿਨ ਦੇ ਲੰਗਰ ਦੀ ਸੇਵਾ ਸ. ਜਸਵੀਰ ਸਿੰਘ ਲਾਲੀ ਜੀ ਦੇ ਪਰਿਵਾਰ ਵੱਲੋ ਹੋਵੇਗੀ। ਸ਼ਾਮ 5 ਵਜੇ ਦੇ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ। ਦੋਨੋਂ ਪਾਠਾਂ ਤੇ ਲੰਗਰ ਦੀ ਸੇਵਾ ਸ. ਮਸਤਾਨ ਸਿੰਘ ਜੀ ਤੇ ਸ. ਨਿਸ਼ਾਨ ਸਿੰਘ ਜੀ ਦੇ ਪਰਿਵਾਰਾਂ ਵਲੋਂ ਹੋਵੇਗੀ ।

16 ਨਵੰਬਰ ਪਾਦਵਾਨ ਫੀਲਡ ਹਿਲ ਸਾਇਡ ਐਵਿਨੀਊ YMCA ਦੇ ਪਾਰਕ ਵਿੱਚ ਦੀਵਾਨ ਸਜਣਗੇ। ਗੁਰਦੁਆਰਾ ਸੰਤ ਸਾਗਰ ਤੋਂ ਪੰਜ ਪਿਆਰਿਆਂ ਦੀ ਅਗਵਾਈ ਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਵੇਰੇ 9:30 ਵਜੇ ਸੰਗਤਾਂ ਆਪੋ ਆਪਣੀਆਂ ਗੱਡੀਆਂ ਸਜਾ ਕੇ ਫਲੋਟ ਦੇ ਪਿੱਛੇ ਪੰਡਾਲ ਤੱਕ ਜਾਣ ਗੀਆਂ। ਸਵੇਰੇ 10 ਤੋਂ ਦੁਪਹਿਰ ਬਾਅਦ 3 ਵਜੇ ਤੱਕ ਦੀਵਾਨ ਸਜਣਗੇ, ਜਿਸ ਵਿੱਚ ਪੰਥ ਪ੍ਰਸਿੱਧ ਰਾਗੀ ਜੱਥੇ, ਕਥਾ ਵਾਚਕ ਤੇ ਢਾਡੀ ਜਥੇ ਹਿੱਸਾ ਲੈਣਗੇ। ਪੰਡਾਲ ਵਿੱਚ ਲੰਗਰ ਸੇਵਾ ਬੱਲ ਪਰਿਵਾਰ, ਪੱਡਾ ਪਰਿਵਾਰ ਅਤੇ ਸੰਗੀ ਸਾਥੀਆਂ ਵੱਲੋਂ ਹੋਵੇਗੀ ।



**ਵਿਸ਼ੇਸ਼ ਤੌਰ ਤੇ ਪਹੁੰਚ ਰਹੇ ਰਾਗੀ ਜਥੇ**

- ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ 'ਸ੍ਰੀ ਨਗਰ ਵਾਲੇ' 1 ਤੋਂ 2 ਵਜੇ ਤੱਕ *
- ਭਾਈ ਅਮਰੀਕ ਸਿੰਘ ਜੀ ਗੁਰਦਾਸਪੁਰ ਵਾਲੇ *
- ਭਾਈ ਬਲਜਿੰਦਰ ਸਿੰਘ ਜੀ ਪਿਹੋਵੇ ਵਾਲੇ *
- ਕਥਾ ਵਾਚਕ ਭਾਈ ਸੁਖਦੇਵ ਸਿੰਘ ਜੀ ਪਾਉਂਟਾ ਸਾਹਿਬ ਵਾਲੇ *
- ਕਥਾ ਵਾਚਕ ਭਾਈ ਦਲਜੀਤ ਸਿੰਘ ਜੀ (ਦਮਦਮੀ ਟਕਸਾਲ ਵਾਲੇ) *
- ਢਾਡੀ ਜਥਾ ਭਾਈ ਮੋਹਨ ਸਿੰਘ ਬਡਾਣਾ ਖਾਸ ਹਾਜ਼ਰੀ ਭਰਨਗੇ । *
- ਡਾ: ਅਮਰਜੀਤ ਸਿੰਘ *
- ਡਾ: ਇੱਕਤਿਦਾਰ ਕਰਾਮਾਤ ਚੀਮਾ (ਪਾਕਿਸਤਾਨ) *

ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ 'ਸ੍ਰੀ ਨਗਰ ਵਾਲੇ' * 11 ਨਵੰਬਰ ਤੋਂ 17 ਨਵੰਬਰ ਤੱਕ ਰੋਜ਼ ਸ਼ਾਮ ਕੀਰਤਨ ਦੀ ਹਾਜ਼ਰੀ ਭਰਨਗੇ।

**17 ਨਵੰਬਰ ਦਿਨ ਐਤਵਾਰ ਸਵੇਰੇ 9:00 ਵਜੇ ਅਖੰਡ ਪਾਠ ਸਹਿਬ ਦੇ ਭੋਗ ਭੈਣਗੇ । ਉਪਰੰਤ 9:30 ਤੋਂ 3:00 ਵਜੇ ਤੱਕ ਦੀਵਾਨ ਸੱਜਣਗੇ। ਭਾਈ ਹਰਜਿੰਦਰ ਸਿੰਘ ਜੀ 1:30 ਤੋਂ 2:30 ਵਜੇ ਤੱਕ ਕੀਰਤਨ ਕਰਣਗੇ । ਅਖੰਡ ਪਾਠ ਤੇ ਲੰਗਰ ਦੀ ਸੇਵਾ ਜਸਵੀਰ ਸਿੰਘ ਲਾਲੀ ਦੇ ਪਰਿਵਾਰ ਵਲੋਂ ਹੋਵੇਗੀ ।**

**ਗੁਰਪੁਰਬ ਦੇ ਸਬੰਧ ਵਿਚ ਹਰ ਸਾਲ ਦੀ ਤਰਾਂ 24 ਅਗਸਤ ਤੋਂ ਪ੍ਰਭਾਤ ਫੇਰੀਆਂ ਆਰੰਭ ਹਨ ਜੋ ਕੀ 10 ਨਵੰਬਰ ਨੂੰ ਸਮਾਪਤ ਹੋਣਗੀਆ।**

**ਨਗਰ ਕੀਰਤਨ ਵਿਚ ਸਾਰੇ ਭੈਣ, ਭਰਾ ਬੱਚੇ ਤੇ ਬੱਚੀਆਂ ਕੇਸਰੀ ਰੰਗ ਦੀਆਂ ਪੱਗਾ, ਦਸਤਾਰਾਂ ਤੇ ਦੁਪੱਟੇ ਸਜਾ ਕੇ ਆਓ ਜੀ। ਇਹ ਸਾਰਾ ਪ੍ਰੋਗਰਾਮ TV ਤੇ Live ਦਿਖਾਇਆ ਜਾਵੇਗਾ**





ਗਤਕਾ ਟੀਮ ਆਪਣੇ ਜੋਹਰ ਦਿਖਾਏਗੀ

ਗੁਰੂ-ਸੰਗਤਾਂ ਦਾ ਦਾਸ- ਭਾਈ ਸੱਜਣ ਸਿੰਘ
ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੇਵਾਦਾਰ - ਗੁਰਦੁਆਰਾ ਸੰਤ ਸਾਗਰ, ਬੈਲਰੋਜ਼, ਨਿਊਯਾਰਕ 11426
Phone # 718-343-1030, 718-347-5659

ਫਲੋਟ ਦੇ ਸਜਾਵਟ ਦੀ ਸੇਵਾ ਬੀਬੀ ਸ਼ਾਂਤ ਕੌਰ ਜੀ ਕਰ ਰਹੇ ਹਨ।





# ਕਰਤਾਰਪੁਰ ਲਾਂਘੇ ਦੇ ਉਦਘਾਟਨ ਵਾਲੇ ਦਿਨ ਮਸਜਿਦ ਬਾਰੇ ਫ਼ੈਸਲਾ ਕਿਉਂ- ਪਾਕ ਮੀਡੀਆ 'ਚ ਚਰਚਾ

ਅਯੁੱਧਿਆ ਵਿੱਚ ਮੰਦਰ-ਮਸਜਿਦ ਵਿਵਾਦ ਤੇ ਸ਼ਨਿੱਚਰਵਾਰ ਨੂੰ ਭਾਰਤੀ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਪਾਕਿਸਤਾਨੀ ਅਖ਼ਬਰਾਂ ਵਿੱਚ ਪੂਰੀ ਬਹਿਸਬਾਜ਼ੀ ਹੈ। ਪਾਕਿਸਤਾਨੀ ਮੀਡੀਆ ਵਿੱਚ ਵੀ ਇਸ ਨੂੰ ਕਾਫ਼ੀ ਅਹਿਮੀਅਤ ਮਿਲੀ ਹੈ। ਸ਼ਨਿੱਚਰਵਾਰ ਨੂੰ ਸੁਪਰੀਮ ਕੋਰਟ ਨੇ ਬਾਬਰੀ ਮਸਜਿਦ ਦੀ ਜ਼ਮੀਨ ਹਿੰਦੂ ਪੱਖ ਨੂੰ ਤੇ ਮੁਸਲਮਾਨ ਪੱਖ ਨੂੰ ਕਿਤੇ ਹੋਰ ਮਸਜਿਦ ਬਣਾਉਣ ਲਈ ਪੰਜ ਏਕੜ ਜ਼ਮੀਨ ਦੇਣ ਦਾ ਫ਼ੈਸਲਾ ਸੁਣਾਇਆ ਸੀ। ਪਾਕਿਸਤਾਨ ਵਿੱਚ ਭਾਰਤੀ ਸੁਪਰੀਮ ਕੋਰਟ ਦੇ ਫ਼ੈਸਲੇ ਬਾਰੇ ਫ਼ੌਜ ਤੋਂ ਲੈ ਕੇ ਵਿਦੇਸ਼ ਮੰਤਰਾਲਾ ਤੱਕ ਦੀ ਪ੍ਰਤੀਕਿਰਿਆ ਆਈ। ਐਤਵਾਰ ਨੂੰ ਪਾਕਿਸਤਾਨ ਦੇ ਪ੍ਰਮੁੱਖ ਅੰਗਰੇਜ਼ੀ ਅਖ਼ਬਾਰ ਡਾਅਨ ਨੇ ਇਸ ਤੇ ਆਪਣਾ ਸੰਪਾਦਕੀ ਛਾਪਿਆ।

ਡਾਅਨ ਨੇ ਸੰਪਾਦਕੀ ਵਿੱਚ ਲਿਖਿਆ ਗਿਆ, "ਭਾਰਤ ਦੀ ਸੁਪਰੀਮ ਕੋਰਟ ਨੇ ਅਯੁੱਧਿਆ ਵਿੱਚ ਤੋੜੀ ਗਈ ਮਸਜਿਦ ਦੀ ਥਾਂ ਮੰਦਰ ਬਣਾਉਣ ਦੀ ਆਗਿਆ ਦਿੱਤੀ ਹੈ। ਹਾਲਾਂਕਿ ਸੁਪਰੀਮ ਕੋਰਟ ਨੇ ਬਾਬਰੀ ਮਸਜਿਦ ਢਾਹੇ ਜਾਣ ਨੂੰ ਗੈਰ-ਕਾਨੂੰਨੀ ਦੱਸਿਆ ਹੈ ਪਰ ਦੂਜੇ ਪਾਸੇ ਮੰਦਰ ਬਣਾਉਣ ਦੀ ਆਗਿਆ ਦੇ ਕੇ ਅਸਿੱਧੇ ਰੂਪ ਵਿੱਚ ਭੀੜ ਵੱਲੋਂ ਕੀਤੀ ਗਈ ਤੋੜ-ਭੰਨ ਦੀ ਹਮਾਇਤ ਕੀਤੀ ਹੈ। ਇਹ ਵੀ ਦਿਲਚਸਪ ਹੈ ਕਿ ਫ਼ੈਸਲਾ ਉਸ ਦਿਨ ਆਇਆ ਜਦੋਂ ਸਿੱਖਾਂ ਲਈ ਕਰਤਾਰਪੁਰ ਲਾਂਘਾ ਖੋਲ੍ਹਿਆ ਗਿਆ।"

ਅਖ਼ਬਾਰ ਨੇ ਲਿਖਿਆ, "ਸ਼ਾਇਦ ਇਹ ਵਧੇਰੇ ਚੰਗਾ ਹੁੰਦਾ ਜੇ ਕਿਸੇ ਵੀ ਪੱਖ ਦੀ ਤਰਫ਼ਦਾਰੀ ਨਹੀਂ ਕਰਦਾ ਕਿਉਂਕਿ ਇਹ ਮੁੱਦਾ ਭਾਰਤ ਵਿੱਚ ਕਾਫ਼ੀ ਸੰਵੇਦਨਸ਼ੀਲ ਸੀ। ਆਸਥਾ ਤੇ ਧਾਰਮਿਕ ਅਕੀਦੇ ਦੇ ਮਾਮਲੇ ਵਿੱਚ ਸਭ ਤੋਂ ਚੰਗਾ ਇਹੀ ਹੁੰਦਾ ਕਿ ਸਟੇਟ ਕਿਸੇ ਵੀ ਪਾਸੇ ਉਲਾਰ ਨਾ ਹੋਵੇ ਤੇ ਨਾਗਰਿਕਾਂ ਨੂੰ ਇਨਸਾਫ਼ ਦੇਵੇ।"

ਡਾਅਨ ਨੇ ਸੰਪਾਦਕੀ ਵਿੱਚ ਲਿਖਿਆ ਹੈ ਕਿ 1992 ਵਿੱਚ ਬਾਬਰੀ ਮਸੀਤ ਢਾਹੇ ਜਾਣ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਵਿੱਚ ਨਹਿਰੂ ਨੇ ਸੈਕੂਲਰ ਇੰਡੀਆ ਦੇ ਅੰਤ ਦੀ ਸ਼ੁਰੂਆਤ ਹੋ ਗਈ ਸੀ ਅਤੇ ਸੰਘ ਪਰਿਵਾਰ ਨੇ ਕੌਮੀ ਪੱਧਰ ਤੇ ਕੁੰਡਾ ਖੜਕਾ ਦਿੱਤਾ ਸੀ। ਜਿਨ੍ਹਾਂ ਨੇ ਅਯੁੱਧਿਆ ਵਿੱਚ ਭੀੜ ਨੂੰ ਭੜਕਾ ਕੇ ਬਾਬਰੀ ਮਸੀਤ ਢਹਾਈ ਸੀ, ਉਨ੍ਹਾਂ ਵਿੱਚੋਂ ਕਈ ਸੱਤਾ ਦਾ ਸੁੱਖ ਭੋਗ ਰਹੇ ਹਨ।

ਡਾਅਨ ਨੇ ਐਤਵਾਰ ਦੀ ਸੰਪਾਦਕੀ ਵਿੱਚ ਲਿਖਿਆ ਹੈ, "ਬੇਸ਼ੱਕ ਇਸ ਫ਼ੈਸਲੇ ਨਾਲ ਕੱਟੜ ਹਿੰਦੂਵਾਦ ਨੂੰ ਉਤਸ਼ਾਹ ਮਿਲੇਗਾ ਅਤੇ ਘੱਟਗਿਣਤੀਆਂ ਨੂੰ ਖ਼ਾਸ ਕਰਕੇ ਮੁਸਲਾਮਾਨਾਂ ਨੂੰ ਇਹ ਸੁਨੇਹਾ ਜਾਵੇਗਾ ਕਿ ਆਧੁਨਿਕ ਭਾਰਤ ਵਿੱਚ ਘੱਟ ਗਿਣਤੀਆਂ ਦੀ ਮਜ਼ਹਬੀ ਆਜ਼ਾਦੀ ਦੇ ਖ਼ਿਲਾਫ਼ ਬਹੁਸੰਖਿਅਕਾਂ ਦੀ ਹਿੰਸਾ ਮਾਫ਼ ਹੈ।"

ਡਾਅਨ ਨੇ ਲਿਖਿਆ ਹੈ, "ਇਸਦੇ ਨਾਲ ਹੀ ਭਾਰਤ ਹੁਣ ਇਹ ਦਾਅਵਾ ਨਹੀਂ ਕਰ ਸਕੇਗਾ ਕਿ ਉਹ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਬਾਬਰੀ ਮਸਜਿਦ ਘਟਨਾਕ੍ਰਮ ਤੋਂ ਬਾਅਦ ਨੈਸ਼ਨਲ ਨੈਰੇਟਿਵ ਹੁਣ ਨਹਿਰੂ ਅਤੇ ਗਾਂਧੀ ਨੂੰ ਛੱਡ ਕੇ ਸਾਵਰਕਰ ਤੇ ਗੋਲਵਲਕਰ ਦੀ ਵਿਚਾਰਧਾਰਾ ਵੱਲ ਤਬਦੀਲ ਹੋ ਗਿਆ ਹੈ। ਹੁਣ ਭਾਰਤ ਦੇ ਲੋਕਾਂ ਨੇ ਤੈਅ ਕਰਨਾ ਹੈ ਕਿ ਉਹ ਲੋਕਤੰਤਰਿਕ ਸੋਚ ਦੇ ਨਾਲ ਜਾਣਗੇ ਜਾਂ ਹਿੰਦੂ ਰਾਸ਼ਟਰ ਵੱਲ ਜਾਣ ਜਿੱਥੇ ਘੱਟਗਿਣਤੀਆਂ ਨੂੰ ਦੂਜੇ ਦਰਜੇ ਦੇ ਨਾਗਰਿਕਾਂ ਵਜੋਂ ਦੇਖਿਆ ਜਾਵੇਗਾ।"

ਪਾਕਿਸਤਾਨੀ ਅਖ਼ਬਾਰ ਦਿ ਨੇਸ਼ਨ ਨੇ ਵੀ ਅਯੁੱਧਿਆ ਬਾਰੇ ਭਾਰਤੀ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਕਾਫ਼ੀ ਅਹਿਮੀਅਤ ਦਿੱਤੀ ਹੈ। ਦਿ ਨੇਸ਼ਨ ਨੇ ਪਾਕਿਸਤਾਨੀ ਸੈਨੇਟਰ ਰਹਿਮਾਨ ਮਲਿਕ ਦਾ ਇੱਕ ਕਲਾਮ ਵੀ ਛਾਪਿਆ ਹੈ ਜਿਸ ਵਿੱਚ ਉਨ੍ਹਾਂ ਨੇ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਪੱਖਪਾਤੀ ਦੱਸਿਆ ਹੈ।

ਰਹਿਮਾਨ ਮਲਿਕ ਨੇ ਆਪਣੇ ਕਾਲਮ ਵਿੱਚ ਲਿਖਿਆ ਹੈ, "ਮੈਂ ਆਰਗਰੇਨਾਈਜ਼ੇਸ਼ਨ ਆਫ ਇਸਲਾਮਿਕ ਕੰਟਰੀਜ਼ ਨੂੰ ਆਪੀਲ ਕਰਦਾ ਹਾਂ ਕਿ ਇਸ ਨੂੰ ਇੰਟਰਨੈਸ਼ਨਲ ਕੋਰਟ ਆਫ਼ ਜਸਟਿਸ ਵਿੱਚ ਚੁੱਕਣ ਕਿਉਂਕਿ ਸੰਯੁਕਤ ਰਾਸ਼ਟਰ ਦੇ ਚਾਰਟਰ ਅੰਤਰ-ਧਾਰਮਿਕ ਸਦਭਾਵਨਾ ਦੇ ਖ਼ਿਲਾਫ਼ ਹੈ ਅਤੇ ਭਾਰਤ ਨੇ ਇਸ ਤੇ ਦਸਤਖ਼ਤ ਕੀਤੇ ਹਨ। ਆਰਐੱਸਐੱਸ ਅਤੇ ਮੋਦੀ ਨੇ ਸਿਰਫ਼ ਭਾਰਤ ਦੇ ਮੁਸਲਮਾਨਾਂ ਤੇ ਪਾਕਿਸਤਾਨੀ ਮੁਸਲਮਾਨਾਂ ਦਾ ਨੁਕਸਾਨ ਕਰ ਰਹੇ ਹਨ ਸਗੋਂ ਪੂਰੇ ਦੱਖਣ ਏਸ਼ੀਆ ਦੇ ਮੁਸਲਮਾਨਾਂ ਦਾ ਨੁਕਸਾਨ ਕਰ ਰਹੇ ਹਨ।"

ਦਿ ਨੇਸ਼ਨ ਨੇ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਦਾ ਬਿਆਨ ਵੀ ਛਾਪਿਆ ਹੈ। ਜਿਸ ਵਿੱਚ ਉਨ੍ਹਾਂ ਨੇ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਭਾਰਤ ਦੇ ਮੁਸਲਮਾਨਾਂ ਨੂੰ ਮਜਬੂਰ ਕਰਨ ਵਾਲਾ ਦੱਸਿਆ ਹੈ। ਕੁਰੈਸ਼ੀ ਨੇ ਕਿਹਾ, "ਭਾਰਤ ਦੇ ਮੁਸਲਮਾਨ ਪਹਿਲਾਂ ਹੀ ਦਬਾਅ ਵਿੱਚ ਸਨ ਤੇ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਨੇ ਨਾਲ ਹੋਰ ਦਬਾਅ ਪਵੇਗਾ।"

ਪਾਕਿਸਤਾਨ ਦੀ ਨਿਊਜ਼ ਵੈਬਸਾਈਟ ਨੇ ਇੰਟਰਨੈਸ਼ਨਲ ਦਿ ਨਿਊਜ਼ ਨੇ ਆਲ ਇੰਡੀਆ ਪਰਸਨਲ ਲਾਅ ਬੋਰਡ ਦੇ ਮੈਂਬਰ ਕਮਲ ਫਾਰੂਕੀ ਦੇ ਹਵਾਲੇ ਨਾਲ ਇੱਕ ਬਿਆਨ ਛਾਪਿਆ ਹੈ। ਇਸ ਬਿਆਨ ਵਿੱਚ ਲਿਖਿਆ ਹੈ, "ਸਾਨੂੰ ਉਮੀਦ ਸੀ ਕਿ ਸਿਰਮੌਰ ਅਦਾਲਤ ਉਪਲਭਦ ਇਤਿਹਾਸਕ ਤੱਥਾਂ ਤੇ ਸਬੂਤਾਂ ਦੇ ਆਧਾਰ 'ਤੇ ਫ਼ੈਸਲਾ ਸੁਣਾਏਗੀ ਨਾ ਕਿ ਆਸਥਾ ਦੇ ਆਧਾਰ 'ਤੇ।"

ਦਿ ਨਿਊਜ਼ ਨੇ ਆਪਣੀ ਰਿਪੋਰਟ ਵਿੱਚ ਉੱਤਰ ਪ੍ਰਦੇਸ਼ ਸੁੰਨੀ ਸੈਂਟਰਲ ਵਕਫ਼ ਬੋਰਡ ਦੇ ਚੇਅਰਪਰਸਨ ਜ਼ਫ਼ਕ ਅਹਿਮਦ ਫ਼ਾਰੂਕੀ ਦਾ ਬਿਆਨ ਵੀ ਛਾਪਿਆ ਹੈ। ਫ਼ਾਰੂਕੀ ਨੇ ਕਿਹਾ ਹੈ," ਅਸੀਂ ਸੁਪਰੀਮ ਕੋਰਟ ਦੇ ਫ਼ੈਸਲੇ ਦਾ ਸਵਾਗਤ ਕਰਦੇ ਹਾਂ ਤੇ ਬੋਰਡ ਇਸ ਫ਼ੈਸਲੇ ਨੂੰ ਚੁਣੌਤੀ ਨਹੀਂ ਦੇਵੇਗਾ।" ਪਾਕਿਸਤਾਨ ਤੋਂ ਛਪਣ ਵਾਲੇ ਦਿ ਐਕਸਪ੍ਰੈਸ ਟ੍ਰਿਬਿਊਨ ਨੇ ਆਪਣੇ ਮੁਢਲੇ ਪੰਨੇ 'ਤੇ ਭਾਰਤੀ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਨਾਲ ਜੁੜੀਆਂ ਦੋ ਖ਼ਬਰਾਂ ਛਾਪੀਆਂ ਹਨ। ਪਹਿਲੀ ਖ਼ਬਰ ਵਿੱਚ ਅਖ਼ਬਾਰ ਨੇ ਜਮੀਅਤ ਓਲੇਮਾ-ਏ-ਇਸਲਾਮ ਦੇ ਫ਼ਜ਼ੁਲੁਰ ਰਹਿਮਾਨ ਦਾ ਬਿਆਨ ਛਾਪਿਆ ਹੈ।

ਰਹਿਮਾਨ ਨੇ ਭਾਰਤੀ ਸੁਪਰੀਮ ਕੋਰਟ ਦੇ ਫ਼ੈਸਲੇ ਦੀ ਨਿੰਦਾ ਕੀਤੀ ਹੈ। ਉਨ੍ਹਾਂ ਨੇ ਕਿਹਾ, "ਮੁਲਕ ਘੱਟਗਿਣਤੀਆਂ ਦੇ ਹੱਕਾਂ ਦੀ ਹਿਫ਼ਾਜ਼ਤ ਕਰਨ ਵਿੱਚ ਅਸਫ਼ਲ ਰਿਹਾ ਹੈ। ਭਾਰਤ ਸੀ ਸਿਰਮੌਰ ਅਦਾਲਤ ਦਾ ਇਹ ਫ਼ੈਸਲਾ ਉਨ੍ਹਾਂ ਦੀ ਸੌੜੀ ਸੋਚ ਨੂੰ ਦਰਸਾਉਂਦਾ ਹੈ।"

ਦਿ ਐਕਸਪ੍ਰੈਸ ਟ੍ਰਿਬਿਊਨ ਨੇ ਪਾਕਿਸਤਾਨ ਸਿੱਖ ਕਾਊਂਸਲ ਦੇ ਚੇਅਰਮੈਨ ਸਰਦਾਰ ਰਮੇਸ਼ ਸਿੰਘ ਦੇ ਹਵਾਲੇ ਨਾਲ ਤੁਲਨਾਤਮਿਕ ਖ਼ਬਰ ਛਾਪੀ ਹੈ। ਛਪੇ ਬਿਆਨ ਮੁਤਾਬਕ, " ਇਨ੍ਹਾਂ ਦੋਹਾਂ ਮਾਮਲਿਆਂ ਵਿੱਚ ਕਾਫ਼ੀ ਸਮਾਨਤਾ ਹੈ। ਦੋਹਾਂ ਹੀ ਮਾਮਲਿਆਂ ਵਿੱਚ ਦਾਅਵੇ ਕੀਤੇ ਗਏ ਦੋਵਾਂ ਹੀ ਮਾਮਲਿਆਂ ਵਿੱਚ ਜਿਸ ਸਮੇਂ ਫ਼ੈਸਲਾ ਆਇਆ ਉਹ ਖ਼ਾਸ ਅਤੇ ਸੋਚਣ ਲਈ ਮਜਬੂਰ ਕਰਨ ਵਾਲਾ ਸੀ। ਜਿਵੇਂ ਕਿ ਸ਼ਨਿੱਚਰਵਾਰ ਨੂੰ ਹੀ ਪਾਕਿਸਤਾਨ ਅਤੇ ਭਾਰਤ ਵਿਚਕਾਰ ਕਰਤਾਰਪੁਰ ਕੌਰੀਡੋਰ ਸ਼ੁਰੂ ਹੋਇਆ ਹੈ।"

ਰਮੇਸ਼ ਸਿੰਘ ਇਸ ਦਾ ਸਿਹਰਾ ਮੁਸਲਿਮ ਸਮਾਜ ਨੂੰ ਦਿੰਦੇ ਹਨ ਜਿਨ੍ਹਾਂ ਨੇ ਪਾਕਿਸਤਾਨ ਬਣਨ ਤੋਂ ਬਾਅਦ ਸ਼ਹੀਦ ਗੰਜ ਗੁਰਦੁਆਰੇ ਨੂੰ ਮਸਜਿਦ ਵਿੱਚ ਨਹੀਂ ਬਦਲਿਆ।



## ਭਾਰਤ-ਪਾਕਿਸਤਾਨ ਦੀ ਬਿਆਨਬਾਜ਼ੀ

ਰੇਡੀਓ ਪਾਕਿਸਤਾਨ ਮੁਤਾਬਕ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਕਿ ਇਸ ਵਿੱਚੋਂ ਮੋਦੀ ਸਰਕਾਰ ਦੀ ਕੱਟੜਤਾ ਝਲਕਦੀ ਹੈ। ਕੁਰੈਸ਼ੀ ਨੇ ਇਸ ਬਾਰੇ ਵੀ ਹੈਰਾਨੀ ਜਤਾਈ ਕਿ ਜਿਸ ਦਿਨ ਕਰਤਾਰਪੁਰ ਕੌਰੀਡੋਰ ਦਾ ਉਦਘਾਟਨ ਕੀਤਾ ਗਿਆ ਉਸੇ ਦਿਨ ਭਾਰਤ ਦੇ ਸੁਪਰੀਮ ਕੋਰਟ ਨੇ ਇਸ ਬਾਰੇ ਫ਼ੈਸਲਾ ਕਿਉਂ ਸੁਣਾਇਆ। ਕੁਰੈਸ਼ੀ ਨੇ ਕਿਹਾ, "ਭਾਰਤ ਵਿੱਚ ਮੁਸਲਮਾਨ ਪਹਿਲਾਂ ਹੀ ਦਬਾਅ ਹੇਠ ਹਨ ਅਤੇ ਸੁਪਰੀਮ ਕੋਰਟ ਦੇ ਫ਼ੈਸਲੇ ਤੋਂ ਬਾਅਦ ਦਬਾਅ ਹੋਰ ਵਧੇਗਾ।" ਇਸ ਤੋਂ ਇਲਵਾ ਪਾਕਿਸਤਾਨੀ ਫ਼ੌਜ ਦੇ ਬੁਲਾਰੇ ਆਸਿਫ਼ ਗ਼ਫ਼ੂਰ ਨੇ ਵੀ ਅਯੁੱਧਿਆ ਬਾਰੇ ਸੁਪਰੀਮ ਕੋਰਟ ਦੇ ਫ਼ੈਸਲੇ ਤੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਨੇ ਇੱਕ ਵੀਡੀਓ ਟਵੀਟ ਕਰਕੇ ਲਿਖਿਆ, "ਅੱਜ ਭਾਰਤ ਦੇ ਸਾਰੇ ਘੱਟ ਗਿਣਤੀਆਂ ਨੂੰ ਮੁੜ ਅਹਿਸਾਸ ਹੋ ਗਿਆ ਕਿ ਸਾਡੇ ਆਗੂ ਮੁਹੰਮਦ ਅਲੀ ਜਿਨਾਹ ਦੀ ਹਿੰਦੁਤਵ ਬਾਰੇ ਜੋ ਸੋਚ ਸੀ ਉਹ ਕਿੰਨੀ ਸਹੀ ਸੀ।" ਪਾਕਿਸਤਾਨ ਦੀਆਂ ਟਿੱਪਣੀਆਂ ਦੇ ਜਵਾਬ ਵਿੱਚ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਰਵੀਸ਼ ਕੁਮਾਰ ਨੇ ਕਿਹਾ, ਅਸੀਂ ਭਾਰਤ ਦੀ ਸੁਪਰੀਮ ਕੋਰਟ ਦੇ ਭਾਰਤ ਦੇ ਬਿਲਕੁਲ ਅੰਦਰੂਨੀ ਮਸਲੇ ਬਾਰੇ ਦਿੱਤੇ ਫ਼ੈਸਲੇ ਬਾਰੇ ਪਾਕਿਸਤਾਨ ਵੱਲੋਂ ਕੀਤੀਆਂ ਅਣਉਚਿਤ ਅਤੇ ਬੇਲੋੜੀਆਂ ਟਿੱਪਣੀਆਂ ਰੱਦ ਕਰਦੇ ਹਾਂ। ਇਸ (ਫ਼ੈਸਲੇ) ਦਾ ਸੰਬੰਧ ਕਾਨੂੰਨ ਅਤੇ ਸਾਰਿਆਂ ਅਕੀਦਿਆਂ ਦੇ ਸਤਿਕਾਰ ਨਾਲ ਹੈ। ਇਹ ਕੁਝ ਅਜਿਹੀਆਂ ਧਾਰਨਾਵਾਂ ਹਨ ਜੋ ਉਨ੍ਹਾਂ ਦੇ ਸਾਦਾਚਾਰ ਦਾ ਹਿੱਸਾ ਨਹੀਂ ਹਨ। ਇਸ ਲਈ ਜਦੋਂ ਪਾਕਿਸਤਾਨ ਦੀ ਸਮਝ ਦੀ ਕਮੀ ਕੋਈ ਹੈਰਾਨ ਕਰਨ ਵਾਲੀ ਨਹੀਂ ਹੈ, ਉਨ੍ਹਾਂ ਦਾ ਸਾਡੇ ਅੰਦਰੂਨੀ ਮਾਮਲਿਆਂ 'ਤੇ ਨਫ਼ਰਤ ਫ਼ੈਲਾਉਣ ਦੀ ਸਪਸ਼ਟ ਮਨਸ਼ਾ ਨਾਲ ਟਿੱਪਣੀ ਕਰਨਾ, ਨਿੰਦਣਯੋਗ ਹੈ।" ਪਾਕਿਸਤਾਨੀ ਅਖ਼ਬਾਰ ਐਕਸਪ੍ਰੈਸ ਟ੍ਰਿਬਿਊਨ ਨੇ ਅਯੁੱਧਿਆ ਬਾਰੇ ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਦੀ ਪ੍ਰਤੀਕਿਰਿਆ ਨੂੰ ਪਹਿਲੇ ਪੰਨੇ 'ਤੇ ਛਾਪਿਆ ਹੈ। ਪਾਕਿਸਤਾਨੀ ਵਿਦੇਸ਼ ਮੰਤਰਾਲੇ ਨੇ ਆਪਣੇ ਬਿਆਨ ਵਿੱਚ ਕਿਹਾ ਹੈ, "ਸੁਪਰੀਮ ਕੋਰਟ ਦੇ ਇਸ ਫ਼ੈਸਲੇ ਨਾਲ ਭਾਰਤ ਦਾ ਧਰਮ ਨਿਰਪੇਖਤਾ ਦਾ ਦਿਖਾਵਾ ਦੁਨੀਆਂ ਦੇ ਸਾਹਮਣੇ ਆ ਗਿਆ ਹੈ। ਹੁਣ ਸਾਫ਼ ਹੈ ਕਿ ਭਾਰਤ ਵਿੱਚ ਘੱਟ ਗਿਣਤੀ ਸੁਰੱਖਿਅਤ ਨਹੀਂ ਹਨ। ਘੱਟ ਗਿਣਤੀਆਂ ਦੇ ਧਾਰਮਿਕ ਭਾਰਤ ਵਿੱਚਟ ਸੁਰੱਖਿਅਤ ਨਹੀਂ ਹਨ। ਭਾਰਤ ਵਿੱਚ ਹਿੰਦੂ ਰਾਸ਼ਟਰ ਦੇ ਤਹਿਤ ਫਿਰ ਤੋਂ ਇਤਿਹਾਸ ਲਿਖਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ।

# ਨਿੱਕੀ ਹੈਲੀ: ਵ੍ਹਾਇਟ ਹਾਊਸ 'ਚੋਂ ਕਿਸ ਨੇ ਨਿੱਕੀ ਨੂੰ ਟਰੰਪ ਖ਼ਿਲਾਫ਼ ਭੜਕਾਇਆ ਸੀ, ਕਿਤਾਬ ਨੇ ਕੀਤੇ ਕਈ ਖ਼ੁਲਾਸੇ



REUTERS

ਸੰਯੁਕਤ ਰਾਸ਼ਟਰ ਵਿਚ ਅਮਰੀਕਾ ਦੀ ਸਾਬਕਾ ਸਫ਼ੀਰ ਨਿੱਕੀ ਹੈਲੀ ਨੇ ਕਿਹਾ ਕਿ ਉਨ੍ਹਾਂ ਨੂੰ ਵ੍ਹਾਈਟ ਹਾਊਸ ਦੇ ਦੋ ਮੋਹਰੀ ਅਧਿਕਾਰੀਆਂ ਨੇ ਰਾਸ਼ਟਰਪਤੀ ਟਰੰਪ ਨੂੰ ਅਣਗੌਲਿਆਂ ਕਰਨ ਲਈ ਕਿਹਾ ਸੀ । ਇੱਕ ਕਿਤਾਬ 'ਚ ਹੈਲੀ ਨੇ ਦੱਸਿਆ ਹੈ ਕਿ ਤਤਕਾਲੀ ਸਟਾਫ਼ ਮੁਖੀ ਜੋਹਨ ਕੈਲੀ ਤੇ ਤਤਕਾਲੀ ਵਿਦੇਸ਼ ਮੰਤਰੀ ਰੈਕਸ ਟਿਲਰਸਨ ਨੇ ਉਨ੍ਹਾਂ ਨੂੰ ਟਰੰਪ ਦੀਆਂ ਕੁਝ ਮੰਗਾਂ ਦਾ ਵਿਰੋਧ ਕਰਨ ਲਈ ਕਿਹਾ ਸੀ। ਉਨ੍ਹਾਂ ਨੇ ਕਥਿਤ ਤੌਰ 'ਤੇ ਉਨ੍ਹਾਂ ਨੂੰ ਕਿਹਾ ਸੀ ਕਿ ਉਹ 'ਦੇਸ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ।' ਕੈਲੀ ਨੇ ਕਿਹਾ ਹੈ ਉਹ ਚਾਹੁੰਦੇ ਸਨ ਕਿ ਰਾਸ਼ਟਰਪਤੀ ਨੂੰ ਪੂਰੀ ਜਾਣਕਾਰੀ ਹੋਵੇ ਅਤੇ ਫਿਲਹਾਲ ਇਸ 'ਤੇ ਟਿਲਰਸਨ ਵੱਲੋਂ ਕੋਈ ਟਿੱਪਣੀ ਨਹੀਂ ਆਈ ਹੈ। ਕੈਲੀ ਨੇ ਅਮਰੀਕਾ ਦੀ ਸੀਬੀਐੱਸ ਨਿਊਜ਼ ਨੂੰ ਦੱਸਿਆ, "ਉਹ ਜੇਕਰ 'ਰੋਕ-ਟੋਕ' ਕਰ ਕੇ ਸਟਾਫ਼ ਦੀ ਸਹੀ ਤਾਇਨਾਤੀ ਕਰਦੀ ਤਾਂ ਇਸ ਦਾ ਮਤਲਬ ਇਹ ਸੀ ਕਿ ਉਹ ਟਰੰਪ ਦੇ ਨੀਤੀਗਤ ਫ਼ੈਸਲਿਆਂ ਦੇ ਹਾਂ ਤੇ ਨਾਂਹਪੱਖਾਂ 'ਤੇ ਵਿਚਾਰ ਕਰਨ ਤੋਂ ਬਾਅਦ ਫ਼ੈਸਲਾ ਲੈਂਦੀ ਤੇ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਦੀ।"

ਭਾਵੇਂ ਕਿ ਟਰੰਪ ਨੇ ਕਿਤਾਬ ਲਈ ਆਪਣੀ ਮਨਜ਼ੂਰੀ ਦਿੰਦਿਆ ਟਵੀਟ ਕੀਤਾ ਹੈ, "ਸ਼ੁਭ ਕਾਮਨਾਵਾਂ, ਨਿਕੀ!"

**ਨਿੱਕੀ ਨੇ ਕਿਤਾਬ 'ਚ ਕੀ ਕਿਹਾ ?**

ਨਿੱਕੀ ਨੇ ਲਿਖਿਆ ਹੈ ਕਿ ਕੈਲੀ ਅਤੇ ਟਿਲਰਸਨ ਨੇ ਉਨ੍ਹਾਂ ਨੂੰ ਕਿਹਾ ਸੀ, "ਉਹ ਅਧੀਨ ਨਹੀਂ ਹਨ, ਉਹ ਤਾਂ ਦੇਸ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ।" ਉਨ੍ਹਾਂ ਨੂੰ ਪੂਰੀ ਸਤਿਕਾਰ ਦਿੰਦੇ ਹਾਂ ਉਹ ਕਿਤਾਬ 'ਚ ਲਿਖਦੀ ਹੈ, "ਇਹ ਉਨ੍ਹਾਂ ਦਾ ਫ਼ੈਸਲਾ ਸੀ ਨਾ ਕਿ ਰਾਸ਼ਟਰਪਤੀ ਦਾ, ਉਨ੍ਹਾਂ ਕਿਹਾ ਸੀ ਕਿ ਇਹੀ ਅਮਰੀਕਾ ਦੇ ਹਿੱਤ 'ਚ ਹੈ।" ਇਹੀ ਗੱਲ ਮੰਗਲਵਾਰ ਨੂੰ ਕਿਤਾਬ ਦੇ ਰਿਲੀਜ਼ ਹੋਣ ਤੋਂ ਪਹਿਲਾਂ ਵਾਸ਼ਿੰਗਟਨ ਪੋਸਟ ਨੇ ਵੀ ਛਾਪੀ ਸੀ। ਉਨ੍ਹਾਂ ਨੇ ਦੱਸਿਆ ਕਿ ਟਿਲਰਸਨ ਨੇ ਕਿਹਾ ਸੀ ਕਿ ਜੇਕਰ ਰਾਸ਼ਟਰਪਤੀ ਨੂੰ ਰੋਕਿਆ ਨਾ ਗਿਆ ਤਾਂ ਲੋਕ ਮਰ ਜਾਣਗੇ। 47 ਸਾਲਾਂ ਦੱਸਦੀ ਹੈ ਕਿ ਉਨ੍ਹਾਂ ਨੇ ਕੈਲੀ ਅਤੇ ਟਿਲਰਸਨ ਦੀ ਅਪੀਲ ਨੂੰ ਖਾਰਜ ਕਰ ਦਿੱਤਾ ਅਤੇ ਇਸ ਨੂੰ 'ਖ਼ਤਰਨਾਕ' ਤੇ 'ਅਪਮਾਨਜਨਕ' ਦੱਸਿਆ। ਉਨ੍ਹਾਂ ਨੇ ਸੀਬੀਐੱਸ ਨੂੰ ਦੱਸਿਆ, "ਮੈਨੂੰ ਕਹਿਣ ਦੀ ਬਜਾਇ ਉਨ੍ਹਾਂ ਨੂੰ ਰਾਸ਼ਟਰਪਤੀ ਨੂੰ ਇਹ ਦੱਸਣਾ ਚਾਹੀਦਾ ਸੀ।" "ਹੋਣਾ ਤਾਂ ਇੰਝ ਚਾਹੀਦਾ ਸੀ ਕਿ ਉਹ ਰਾਸ਼ਟਰਪਤੀ ਕੋਲ ਜਾਂਦੇ ਤੇ ਆਪਣੇ ਮਤਭੇਦ ਸਾਂਝੇ ਕਰਦੇ ਅਤੇ ਜੇਕਰ ਉਨ੍ਹਾਂ ਨੂੰ ਰਾਸ਼ਟਰਪਤੀ ਦੀ ਕਾਰਗੁਜਾਰੀ ਪਸੰਦ ਨਹੀਂ ਸੀ ਤਾਂ ਛੱਡ ਦਿੰਦੇ। ਪਰ ਰਾਸ਼ਟਰਪਤੀ ਨੂੰ ਅਣਗੌਲਿਆਂ ਕਰਨਾ, ਸੱਚਮੁੱਚ ਖ਼ਤਰਨਾਕ ਤੇ ਸੰਵਿਧਾਨ ਤੇ ਉਲਟ ਜਾਣ ਦੇ ਬਰਾਬਰ ਹੈ। ਅਮਰੀਕੀ ਲੋਕ ਕੀ ਚਾਹੁੰਦੇ ਹਨ, ਉਸ ਦੇ ਖ਼ਿਲਾਫ਼ ਹੈ, ਅਪਮਾਨ ਕਰਨ ਵਾਂਗ ਹੈ।" ਇਸ ਤੋਂ ਇਲਾਵਾ ਸਾਬਕਾ ਅੰਬੈਸਡਰ ਨੇ ਕਿਹਾ ਸਾਲ 2017 ਵਿੱਚ ਹੇਲਸਿੰਕੀ 'ਚ ਹੋਏ ਸੰਮੇਲਨ ਦੌਰਾਨ ਜਿਵੇਂ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਰੂਸ ਦੇ ਰਾਸ਼ਟਰਪਤੀ ਨਾਲ ਵਿਹਾਰ ਕੀਤਾ ਸੀ ਉਹ ਉਸ ਤੋਂ ਅਸਹਿਮਤ ਸਨ। ਪਰ ਇਸ ਦੇ ਨਾਲ ਹੀ ਨਿਕੀ ਕਿਹਾ ਹੈ ਕਿ ਉਨ੍ਹਾਂ ਨੇ ਇਰਾਨ ਨਾਲ ਪਰਮਾਣੂ ਸਮਝੌਤ ਖ਼ਤਮ ਕਰਨ ਅਤੇ ਪੈਰਿਸ ਜਲਵਾਯੂ ਸਮਝੌਤੇ ਨੂੰ ਬਾਹਰ ਨਿਕਲਣ ਵਰਗੀਆਂ ਕਈ ਨੀਤੀਆਂ ਦਾ ਸਮਰਥਨ ਵੀ ਕੀਤਾ ਹੈ, ਜਿਨ੍ਹਾਂ ਦਾ ਵਿਰੋਧ ਪ੍ਰਸਾਸ਼ਨ ਵੱਲੋਂ ਹੋਇਆ ਸੀ।

# ਅਮਰੀਕਾ 'ਚ ਰਹਿੰਦੇ ਭਾਰਤੀਆਂ ਨੂੰ ਵੱਡੀ ਰਾਹਤ

**ਅਮਰੀਕਾ 'ਚ ਐਚ-1ਬੀ ਵੀਜ਼ਾਧਾਰਕਾਂ ਲਈ ਖ਼ੁਸ਼ਖਬਰੀ ਹੈ। ਸਥਾਨਕ ਅਦਾਲਤ ਨੇ ਅਮਰੀਕਾ 'ਚ ਰਹਿ ਰਹੇ ਭਾਰਤੀਆਂ ਨੂੰ ਆਰਜ਼ੀ ਰਾਹਤ ਦਿੰਦਿਆਂ ਐਚ-1ਬੀ ਵੀਜ਼ਾਧਾਰਕਾਂ ਦੇ ਜੀਵਨ ਸਾਥੀਆਂ ਦੇ ਅਮਰੀਕਾ 'ਚ ਕੰਮ ਕਰਨ 'ਤੇ ਰੋਕ ਲਾਉਣ ਤੋਂ ਇਨਕਾਰ ਕਰਦਿਆਂ ਇਸ ਸਬੰਧੀ ਕੇਸ ਮੁੜ ਵਿਚਾਰ ਲਈ ਹੇਠਲੀ ਅਦਾਲਤ ਕੋਲ ਭੇਜ ਦਿੱਤਾ ਹੈ।**

ਵਾਸ਼ਿੰਗਟਨ: ਅਮਰੀਕਾ 'ਚ ਐਚ-1ਬੀ ਵੀਜ਼ਾਧਾਰਕਾਂ ਲਈ ਖ਼ੁਸ਼ਖਬਰੀ ਹੈ। ਸਥਾਨਕ ਅਦਾਲਤ ਨੇ ਅਮਰੀਕਾ 'ਚ ਰਹਿ ਰਹੇ ਭਾਰਤੀਆਂ ਨੂੰ ਆਰਜ਼ੀ ਰਾਹਤ ਦਿੰਦਿਆਂ ਐਚ-1ਬੀ ਵੀਜ਼ਾਧਾਰਕਾਂ ਦੇ ਜੀਵਨ ਸਾਥੀਆਂ ਦੇ ਅਮਰੀਕਾ 'ਚ ਕੰਮ ਕਰਨ 'ਤੇ ਰੋਕ ਲਾਉਣ ਤੋਂ ਇਨਕਾਰ ਕਰਦਿਆਂ ਇਸ ਸਬੰਧੀ ਕੇਸ ਮੁੜ ਵਿਚਾਰ ਲਈ ਹੇਠਲੀ ਅਦਾਲਤ ਕੋਲ ਭੇਜ ਦਿੱਤਾ ਹੈ। ਜ਼ਿਕਰਯੋਗ ਹੈ ਕਿ ਬਰਾਕ ਓਬਾਮਾ ਦੇ ਕਾਰਜਕਾਲ ਵਿੱਚ ਐਚ-1ਬੀ ਵੀਜ਼ਾ ਧਾਰਕਾਂ ਦੇ ਜੀਵਨ ਸਾਥੀਆਂ ਨੂੰ ਅਮਰੀਕਾ 'ਚ ਕੰਮ ਕਰਨ ਦਾ ਅਧਿਕਾਰ ਦਿੱਤਾ ਗਿਆ ਸੀ। ਐਚ-1ਬੀ ਗ਼ੈਰ-ਪਰਵਾਸੀ ਵੀਜ਼ਾ ਹੈ ਜਿਸ ਤਹਿਤ ਅਮਰੀਕੀ ਕੰਪਨੀਆਂ ਨੂੰ ਵਿਦੇਸ਼ੀ ਕਾਮੇ ਵਿਸ਼ੇਸ਼ ਕੰਮਾਂ ਲਈ ਸੱਦਣ ਦੀ ਇਜਾਜ਼ਤ ਮਿਲਦੀ ਹੈ। ਇਸ ਵੀਜ਼ਾ ਨਿਯਮ ਤਹਿਤ ਭਾਰਤੀਆਂ ਤੇ ਵਿਸ਼ੇਸ਼ ਤੌਰ 'ਤੇ ਭਾਰਤੀ ਮਹਿਲਾਵਾਂ ਨੂੰ ਸਹੂਲਤ ਮਿਲ ਰਹੀ ਸੀ ਪਰ ਟਰੰਪ ਪ੍ਰਸ਼ਾਸਨ ਦੇ ਹਮਾਇਤੀ ਕਈ ਅਮਰੀਕੀ ਵਰਕਰਾਂ ਨੇ ਇਸ ਨਿਯਮ ਨੂੰ ਰੱਦ ਕਰਨ ਲਈ ਅਦਾਲਤ 'ਚ ਚੁਣੌਤੀ ਦਿੱਤੀ ਹੋਈ ਹੈ। ਕੋਲੰਬੀਆ ਸਰਕਟ ਲਈ ਅਮਰੀਕਾ ਦੀ ਅਪੀਲੀ ਅਦਾਲਤ ਦੇ ਤਿੰਨ ਜੱਜਾਂ ਦੇ ਬੈਂਚ ਨੇ ਬੀਤੇ ਦਿਨ ਇਹ ਕਹਿੰਦਿਆਂ ਇਹ ਕੇਸ ਹੇਠਲੀ ਅਦਾਲਤ ਕੋਲ ਇਹ ਕਹਿੰਦਿਆਂ ਭੇਜ ਦਿੱਤਾ ਕਿ ਜ਼ਿਲ੍ਹਾ ਅਦਾਲਤ ਇਸ ਕੇਸ ਨੂੰ ਚੰਗੀ ਤਰ੍ਹਾਂ ਵਿਚਾਰੇ। ਅਮਰੀਕੀ ਕਰਮਚਾਰੀਆਂ 'ਤੇ ਆਧਾਰਤ ਸੰਸਥਾ ਨੇ ਕਿ ਇਸ ਸਬੰਧੀ ਅਦਾਲਤ 'ਚ ਕੇਸ ਕੀਤਾ ਹੋਇਆ ਹੈ। ਸੰਸਥਾ ਦਾ ਕਹਿਣਾ ਹੈ ਕਿ ਓਬਾਮਾ ਪ੍ਰਸ਼ਾਸਨ ਵੱਲੋਂ ਬਣਾਏ ਗਏ ਨਿਯਮਾਂ ਕਾਰਨ ਉਨ੍ਹਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ।



# ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਮਨਾਇਆ

ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ 114 ਸਟ੍ਰੀਟ ਵਿਖੇ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਭਾਰੀ ਗਿਣਤੀ ਵਿਚ ਸੰਗਤਾਂ ਨੇ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ ਅਤੇ ਗੁਰੂ ਦੀ ਇਲਾਹੀ ਬਾਣੀ ਦਾ ਰਸ ਮਾਣਿਆ। ਨਗਰ ਕੀਰਤਨ ਸ਼ਹਿਰ ਦੇ ਪ੍ਰਮੁੱਖ ਹਿੱਸਿਆਂ ਵਿਚ ਹੁੰਦਾ ਹੋਇਆ ਵਾਪਸ ਗੁਰੂ ਘਰ ਪਹੁੰਚਿਆਂ। ਸੰਗਤਾਂ ਵੱਲੋਂ ਰਸਤੇ ਵਿਚ ਵੱਖ ਵੱਖ ਤਰ੍ਹਾਂ ਦੇ ਲੰਗਰਾਂ ਦਾ ਪ੍ਰਬੰਧ ਕੀਤਾ ਗਿਆ। ਨਗਰ ਕੀਰਤਨ ਦੀ ਅਗਵਾਈ ਪੰਜ ਪਿਆਰਿਆਂ ਵੱਲੋਂ ਕੀਤੀ ਗਈ।





























550








TOY
KIDDY
HOUSE

DENTIST

DENTIST






550




# ਕੀ ਪਹਿਲੇ ਗੁਰਾਂ ਦੀ ਪੰਗਤ ਵਿਚ ਭੋਜਨ ਛਕ ਰਹੇ ਸਾਧੂ ਭੁੱਖੇ ਜਾਂ ਲੋੜਵੰਦ ਸਨ ?

ਅਮਨਦੀਪ ਸਿੰਘ ਸਿੱਧੂ

ਵਿਦਵਾਨ ਅਤੇ ਪ੍ਰਚਾਰਕ ਅਕਸਰ 'ਲੰਗਰ' ਦੇ ਨਾਲ ਲੋੜਵੰਦ ਸ਼ਬਦ ਜੋੜ ਕੇ ਇਸ ਦੇ ਡੂੰਘੇ ਭਾਵਾਂ ਨੂੰ ਭੋਜਨ ਤਕ ਹੀ ਸੀਮਤ ਕਰਨਾ ਚਾਹੁੰਦੇ ਹਨ। ਵਿਸ਼ਾਲ ਭੰਡਾਰੇ ਜਾਂ ਭੋਜ ਤਾਂ ਪਹਿਲਾਂ ਵੀ ਬਹੁਤ ਚੱਲਦੇ ਸਨ ਜਿਨ੍ਹਾਂ ਨੂੰ ਸਮਾਜਿਕ ਸੇਵਾ ਦਾ ਦਰਜਾ ਦਿੱਤਾ ਜਾ ਸਕਦਾ ਹੈ। ਇਹਨਾਂ ਭੋਜਾਂ ਅਤੇ ਲੰਗਰ ਵਿਚਲੇ ਬਹੁਤ ਹੀ ਸੂਖਮ ਫ਼ਰਕ ਦੀ ਪੜਚੋਲ ਇਸ ਲੇਖ ਵਿਚ ਕਰਾਂਗੇ।

ਗੁਰੂ ਗ੍ਰੰਥ ਸਾਹਿਬ ਵਿਚ 'ਲੰਗਰ' ਸ਼ਬਦ ਕਿਧਰੇ ਵੀ ਨਹੀਂ ਆਉਂਦਾ। ਜੇ ਇਸ ਦੀ ਸ਼ਾਬਦਿਕ ਬਣਤਰ ਵਲ ਜਾਈਏ ਤਾਂ ਇਹ ਸ਼ਬਦ ਸਮੁੰਦਰੀ ਜਹਾਜ਼ ਦੇ ਲੰਗਰ(ਐਂਕਰ) ਨਾਲ ਮਿਲਦਾ ਹੈ ਜਿਸ ਦਾ ਅਰਥ ਹੁੰਦਾ ਹੈ ਉਹ ਭਾਰੀ ਵਸਤੂ ਜੋ ਸਾਰੇ ਹੀ ਬੇੜੇ ਨੂੰ ਪਾਣੀ ਹੇਠਲੇ ਧਰਾਤਲ ਨਾਲ ਜੋੜ ਕੇ ਉਸ ਨੂੰ ਸਥਿਰ ਕਰਦੀ ਹੈ ਅਤੇ ਬੇੜਾ ਹਵਾ ਜਾਂ ਪਾਣੀ ਦੇ ਵਹਿਣ ਵਿਚ ਨਹੀਂ ਥਿੜਕਦਾ। ਲੰਗਰ ਸੁੱਟਣ ਨਾਲ ਬੇੜਾ ਵਿਸ਼ਰਾਮ ਜਾਂ ਸ਼ਾਂਤ ਅਵਸਥਾ ਵਿਚ ਆ ਜਾਂਦਾ ਹੈ। ਲੰਗਰ ਸੁੱਟਣਾ, ਬੇੜੇ ਦਾ ਆਪਣੇ ਨਿਜ ਸਥਾਨ ਤੇ ਆਉਣ ਦੀ ਵੀ ਨਿਸ਼ਾਨੀ ਮੰਨੀ ਜਾਂਦੀ ਹੈ। ਜਦੋਂ ਬੇੜਾ ਬੰਦਰਗਾਹ ਉੱਤੇ ਲੱਗਦਾ ਹੈ ਤਾਂ ਉਹ ਉਸ ਦਾ ਨਿਜ ਘਰ ਹੁੰਦਾ ਹੈ ਜਿਸ ਸਮੇਂ ਦੌਰਾਨ ਸਫ਼ਰ ਤੋਂ ਥੱਕੇ ਅਤੇ ਅੱਕੇ ਆਰਾਮ ਕਰਦੇ ਹਨ, ਸਫ਼ਾਈ ਹੁੰਦੀ ਹੈ, ਰਾਸ਼ਨ ਭਰਿਆ ਜਾਂਦਾ ਹੈ, ਟੁੱਟ-ਭੱਜ ਠੀਕ ਕੀਤੀ ਜਾਂਦੀ ਹੈ ਅਤੇ ਅਗਲੇ ਸਫ਼ਰ ਦੀ ਤਿਆਰੀ ਹੁੰਦੀ ਹੈ।

ਸਮੁੰਦਰੀ ਜਹਾਜ਼ ਦਾ ਲੰਗਰ ਲੋਹੇ ਦਾ ਹੁੰਦਾ ਹੈ ਅਤੇ ਇਸ ਦੀ ਬਣਤਰ ਪੰਜਾਬੀ ਦੇ ਅੱਖਰ 'ਲ' ਨਾਲ ਮਿਲਦੀ ਜੁਲਦੀ ਹੈ। ਜੇ ਜੋਗ ਦੀ ਤੰਤਰ ਵਿੱਦਿਆ ਤੇ ਗ਼ੌਰ ਕਰੀਏ ਤਾਂ ਸਰੀਰ ਦੇ ਬਿਲਕੁਲ ਹੇਠਾਂ ਵਾਲੇ ਮੂਲਧਾਰ ਚੱਕਰ ਦਾ ਮੰਤਰ 'ਲੰਗ' ਨਿਰਾਧਾਰਿਤ ਹੈ। ਇਉਂ ਜਾਪਦਾ ਹੈ ਕਿ ਲੰਗ + ਘਰ(ਸਥਾਨ) ਸ਼ਬਦਾਂ ਦੀ ਸੰਧੀ ਬਣਾ ਕੇ ਲੰਗਰ ਸ਼ਬਦ ਦੀ ਉਤਪਤੀ ਹੋਈ ਹੈ। ਸਿਧਾਂਤਿਕ ਤੌਰ ਤੇ ਵੀ ਠੀਕ ਜਾਪਦਾ ਹੈ ਕਿਉਂਕਿ ਸਰੀਰ ਵਿਚ ਮੂਲਧਾਰ ਚੱਕਰ ਧਰਤੀ ਤੱਤ ਦਾ ਸੰਚਾਲਨ ਕਰਦਾ ਹੈ ਅਤੇ ਇਹ ਜਲ ਨਾਲ ਘਿਰਿਆ ਹੋਇਆ ਹੈ। ਇਸ ਤਰਾਂ ਦੀ ਬਣਤਰ(ਟਾਪੂ) ਨੂੰ ਲੰਕ ਵੀ ਕਹਿੰਦੇ ਹਨ।

ਜਦੋਂ ਅਸੀਂ ਗੁਰੂ ਸਾਹਿਬਾਂ ਵੱਲੋਂ ਚਲਾਏ ਅਭਿਆਨ ਨੂੰ ਗ਼ੌਰ ਨਾਲ ਵਾਚਦੇ ਹਾਂ ਤਾਂ ਸਮਝ ਆਉਂਦੀ ਹੈ ਕਿ ਲੰਗਰ ਸਿਰਫ਼ ਭੋਜਨ ਖਾਣ ਵਾਲੀ ਪ੍ਰਕਿਰਿਆ ਨੂੰ ਹੀ ਨਹੀਂ ਮੰਨਿਆ ਜਾ ਸਕਦਾ। ਕੀ ਭੋਜਨ ਹੀ ਮਨੁੱਖ ਨੂੰ ਸਥਿਰ ਕਰਦਾ ਹੈ ? ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਹ ਦੱਸਦੀ ਹੈ ਕਿ ਸਾਧ ਨੂੰ ਕੋਈ ਭੁੱਖ ਨਹੀਂ ਹੁੰਦੀ। ਉਹ ਤ੍ਰਿਪਤ ਹੋ ਕੇ ਹੀ ਸਾਧ ਦੀ ਅਵਸਥਾ ਤੱਕ ਪਹੁੰਚਦਾ ਹੈ। ਪਹਿਲੇ ਗੁਰਾਂ ਨੇ ਸਾਧੂਆਂ ਲਈ ਲੰਗਰ ਲਗਾਇਆ ਅਤੇ ਭੋਜਨ ਛਕਾਇਆ। ਕੀ ਭੋਜਨ ਛਕਣਾ ਅਤੇ ਛਕਾਉਣਾ ਹੀ ਮੰਤਵ ਸੀ ? ਮੇਰੀ ਸਮਝੇ ਨਹੀਂ। ਬਾਲ ਗੁਰੂ ਅਤੇ ਗਿਆਨਵਾਨ ਸਾਧੂਆਂ ਦਾ ਇਕੱਠੇ ਭੋਜਨ ਛਕਣਾ ਸਾਂਝੀਵਾਲਤਾ ਦਾ ਮੁਜ਼ਾਰਾ ਸੀ ਜਿਸ ਉਪਰੰਤ ਬ੍ਰਹਮ ਗਿਆਨ ਗੋਸ਼ਟ ਹੋਈ ਹੋਵੇਗੀ। ਵੱਡੇ-ਛੋਟੇ, ਊਚ-ਨੀਚ ਵਰਗੇ ਮਾਨਸਿਕ ਪਰਦੇ ਤੋੜ ਕੇ ਹੀ ਗਿਆਨ ਦੀ ਸਾਂਝ ਪੈ ਸਕਦੀ ਹੈ ਜੋ ਕਿ ਕਈ ਹਜ਼ਾਰਾਂ ਸਾਲਾਂ ਤੋਂ ਭਾਰਤੀ ਗਿਆਨ ਪ੍ਰਣਾਲੀ ਵਿਚੋਂ ਲੁਪਤ ਕਰ ਦਿੱਤੀ ਗਈ ਸੀ। ਗਿਆਨ ਦੀ ਸਾਂਝ ਪਾਉਣ ਦੀ ਪਿਰਤ ਨੂੰ ਮੁੜ ਸੁਰਜੀਤ ਕਰਨ ਦਾ ਇਹ ਇੱਕ ਨੁਕਤਾ ਪੇਸ਼ ਕੀਤਾ ਗਿਆ। ਇਸੇ ਹੀ ਸਿਧਾਂਤ ਨੂੰ ਦੂਜੇ ਗੁਰੂ ਸਾਹਿਬ ਨੇ ਅੱਗੇ ਤੋਰਿਆ। ਤੀਸਰੇ ਗੁਰਾਂ ਨੇ ਇਸ ਨੂੰ ਹੋਰ ਯੋਜਨਾ ਬੱਧ ਤਰੀਕੇ ਨਾਲ ਦ੍ਰਿੜ੍ਹ ਕੀਤਾ। ਰਾਜੇ ਅਤੇ ਰੰਕ ਦੀ ਬਰਾਬਰੀ ਦੀ ਮਿਸਾਲ ਕਾਇਮ ਕਰ ਕੇ ਜਾਤਾਂ-ਪਾਤਾਂ ਜਾਂ ਵਿਤਕਰੇ ਦੇ ਅੰਤ ਦੀ ਸ਼ੁਰੂਆਤ ਕਰ ਦਿੱਤੀ। ਦੇਸ਼ ਵਾਸੀਆਂ ਨੂੰ ਵਿਤਕਰਿਆਂ ਦੀਆਂ ਜ਼ੰਜੀਰਾਂ ਵਿਚੋਂ ਖੋਲ੍ਹਣਾ ਸ਼ੁਰੂ ਕਰ ਦਿੱਤਾ।

ਇੱਕ ਸਮਾ ਇਹ ਸੀ ਕਿ ਉੱਚ ਜਾਤ ਵਾਲੇ ਜਾਂ ਅਮੀਰ ਰਾਜੇ ਜਦੋਂ ਭੋਜ ਕਰਿਆ ਕਰਦੇ ਸਨ ਤਾਂ ਨੀਵੀਂ ਜਾਤੀ ਲਈ ਉੱਧਰ ਨੂੰ ਤੱਕਣ ਦੀ ਵੀ ਆਗਿਆ ਨਹੀਂ ਸੀ ਹੁੰਦੀ। ਉੱਚੇ-ਅਮੀਰ ਆਪਸ ਵਿਚ ਰਲ ਬੈਠਦੇ। ਜੇ ਕਿਧਰੇ ਗ਼ਰੀਬ ਜਾਂ ਨੀਚ ਜਾਤ ਨੂੰ ਦਾਨ ਕਰਦੇ ਤਾਂ ਵੀ ਉਸ ਵਿਚ ਕੋਈ ਅਮੀਰ ਰਲ਼ ਕੇ ਨਾ ਬੈਠਦਾ। ਹਜ਼ਾਰਾਂ ਸਾਲ ਇਸ ਤਰਾਂ ਚੱਲਣ ਨਾਲ ਗਿਆਨ ਅਤੇ ਵਿਚਾਰਾਂ ਦੀ ਉੱਤਮਤਾ ਵਿਚ ਫ਼ਰਕ ਪੈਂਦਾ ਰਿਹਾ। ਸਮਾਜ ਛਲ਼ਨੀ ਹੋ ਗਿਆ ਅਤੇ ਅਖੀਰ ਨੂੰ ਗ਼ੁਲਾਮ ਹੋ ਗਿਆ। ਜਦੋਂ ਗੁਰੂ ਘਰ ਰਾਹੀਂ ਇਹ ਜੰਜਾਲ ਟੁੱਟਣ ਦੀ ਸੂਚਨਾ ਸਮਾਜ ਨੂੰ ਮਿਲੀ ਤਾਂ ਸਿੱਖ ਅਤੇ ਹੋਰ ਚਾਹਵਾਨ ਗੁਰੂ ਘਰ ਆਉਣ ਲੱਗੇ। ਆਉਂਦੇ ਹੀ ਪਹਿਲਾਂ ਪੰਗਤ ਵਿਚ ਬੈਠ ਕੇ ਭੋਜਨ ਛਕਣਾ ਅਤੇ ਫਿਰ ਗੁਰੂ ਦੀ ਸੰਗਤ ਕਰ ਕੇ ਬ੍ਰਹਮ ਗਿਆਨ ਸਰਵਣ ਕਰਨਾ, ਮਾਨੋ ਇਸ ਤਰਾਂ ਹੋਇਆ ਜਿਵੇਂ ਮਾਰੂਥਲ ਵਿਚ ਕਈ ਵਰ੍ਹਿਆਂ ਦੇ ਸੋਕੇ ਉਪਰੰਤ ਘਣੇ ਬੱਦਲ ਦੀਆਂ ਬੂੰਦਾਂ ਡਿੱਗੀਆਂ ਹੋਣ। ਇਸ ਦੀ ਸੋਭਾ ਇਉਂ ਫੈਲੀ ਜਿਵੇਂ ਪਹਿਲੇ ਮੀਂਹ ਦੀਆਂ ਕਣੀਆਂ ਦੀ ਛੋਹ ਨਾਲ ਮਿੱਟੀ ਦੀ ਮਹਿਕ ਫੈਲਦੀ ਹੈ। ਸੋ ਲੰਗਰ ਸਿਰਫ਼ ਭੋਜਨ ਨਹੀਂ ਹੈ, ਰਸੋਈ ਵਿਚੋਂ ਸਾਦਗੀ ਨਾਲ ਪੱਕ ਰਹੇ ਭੋਜਨ ਦੀ ਮਹਿਕ ਹੈ, ਇਹ ਪੰਗਤ ਵਿਚ ਬੈਠਣ ਦੀ ਸਾਂਝੀਵਾਲਤਾ ਹੈ ਅਤੇ ਉਪਰੰਤ ਸੰਗਤ ਵਿਚ ਇਕੱਠੇ ਬੈਠ ਕੇ ਹਰੀ ਦਾ ਜੱਸ ਹੈ। ਜੇ ਇਹ ਤਿੰਨ ਸਿਧਾਂਤ ਇਕੱਠੇ ਨਹੀਂ ਹਨ ਤਾਂ ਗੁਰਮਤ ਸਿਧਾਂਤ ਅਨੁਸਾਰ ਲੰਗਰ ਦੀ ਕਸਵੱਟੀ ਤੇ ਸਹੀ ਨਹੀਂ।

ਕਈ ਵਿਦਵਾਨ ਲੰਗਰ ਨੂੰ ਸਿਰਫ਼ ਭੋਜਨ ਤੱਕ ਸੀਮਤ ਨਜ਼ਰੀਆ ਦਿੰਦੇ ਹਨ ਅਤੇ ਇਸ ਪ੍ਰਥਾ ਨੂੰ ਸਿਰਫ਼ ਸਮਾਜਿਕ ਪੱਖ ਤੋਂ ਹੀ ਦੇਖਣਾ ਚਾਹੁੰਦੇ ਹਨ। ਉਹ ਇਉਂ ਸੋਚਦੇ ਹਨ ਕਿ ਲੋੜਵੰਦ ਸਿਰਫ਼ ਗ਼ਰੀਬ ਹੁੰਦਾ ਹੈ ਅਤੇ ਲੰਗਰ ਸਿਰਫ਼ ਗ਼ਰੀਬਾਂ ਲਈ ਸੀ। ਅਸਲ ਵਿਚ ਨਾਸਤਿਕ ਵਿਚਾਰਧਾਰਾ ਗੁਰੂ ਸਾਹਿਬਾਨ ਨੂੰ ਸਿਰਫ਼ ਸਮਾਜ ਸੁਧਾਰਕ ਜਾਂ ਤਰਕਸ਼ੀਲ ਹੋਣ ਤੱਕ ਹੀ ਮੰਨਦੀ ਹੈ। ਜੋ ਉਹ ਦੇਖਣਾ ਚਾਹੁੰਦੇ ਹਨ, ਬਲਦ ਦੇ ਲੱਗੇ ਖੋਪਿਆਂ ਵਾਂਗ, ਉਤਨਾ ਵੀ ਉਨ੍ਹਾਂ ਨੂੰ ਬਿਲਕੁਲ ਠੀਕ ਹੀ ਲੱਗ ਰਿਹਾ ਹੈ। ਸਿੱਖੀ ਸਿਧਾਂਤਾ ਨਾਲ ਸਮਾਜਿਕ ਪੱਧਰ ਉੱਤੇ ਆਏ ਬਦਲਾਵਾਂ ਨੂੰ ਜੇ ਿ?ਹਨਾਂ ਦੇ ਹੀ ਨਜ਼ਰੀ? ਨਾਲ ਦੇਖ ਲਿਆ ਜਾਵੇ ਤਾਂ ਹੋਰ ਕੋਈ ਪੁਰਖ ਨੇੜੇ ਤੇੜੇ ਵੀ ਨਹੀਂ ਖੜਦਾ। ਗੁਰੂਆਂ ਦੀ ਰੌਸ਼ਨੀ ਵਿਚ ਉਨ੍ਹਾਂ ਲਈ ਹੋਰ ਮਿਸਾਲ ਲੱਭਣੀ ਮੁਸ਼ਕਿਲ ਹੈ। ਉਹ ਰੂਹਾਨੀਅਤ ਨੂੰ ਬਿਲਕੁਲ ਮਨਫ਼ੀ ਕਰਦੇ ਹਨ। ਲੰਗਰ ਦੇ ਤਿੰਨਾ ਸਿਧਾਂਤਾਂ ਵਿਚੋਂ ਤੀਸਰਾ ਨਹੀਂ ਮੰਨਣਾ ਚਾਹੁੰਦੇ ਹਾਲਾਂਕਿ ਤੀਸਰੇ ਤੋਂ ਬਿਨਾ ਬਾਕੀ ਸਭ ਕਰਮ ਕਾਂਡ ਹੀ ਰਹਿ ਜਾਣਗੇ। ਕੀ ਗੋਇੰਦਵਾਲ ਸਾਹਿਬ ਸਿਰਫ਼ ਗ਼ਰੀਬ ਜਾਂ ਭੁੱਖੇ ਵੱਸਦੇ ਸਨ ? ਮੇਰੀ ਸਮਝੇ ਤਾਂ ਉਸ ਸਮੇਂ ਦੇ ਦੁਨੀਆ ਦੇ ਸਭ ਤੋ ਰੱਜੇ ਅਤੇ ਸਿਸ਼ਟੀ ਦੇ ਪਾਤਸ਼ਾਹ ਉਸ ਧਰਤੀ ਤੇ ਬਿਰਾਜਮਾਨ ਸਨ ਜਿਨ੍ਹਾਂ ਨੂੰ ਦੇਸ਼ ਦਾ ਬਾਦਸ਼ਾਹ ਆਪ ਚੱਲ ਕੇ ਮਿਲਣ ਆਇਆ। ਸਿਰਫ਼ ਭੁੱਖਿਆਂ ਲਈ ਲੰਗਰ ਦੀ ਪ੍ਰਥਾ ਸ਼ੁਰੂ ਕਰ ਕੇ ਕਿਤਨੀ ਕੁ ਲੁਕਾਈ ਨੂੰ ਰਜਾਇਆ ਜਾ ਸਕਦਾ ਸੀ। ਅਸਲ ਵਿਚ ਗ਼ਰੀਬ ਨੂੰ ਭੋਜਨ ਖੁਆ ਕੇ ਉਸ ਦੀ ਭੁੱਖ ਦੂਰ ਨਹੀਂ ਸੀ ਕਰਦੇ ਗੁਰੂ ਸਾਹਿਬ। ਉਪਰੰਤ ਉਸ ਨੂੰ ਨਾਮ ਨਾਲ ਜੋੜ ਕੇ ਕਿਰਤ ਕਰਨ ਦਾ ਸਿਧਾਂਤ ਦ੍ਰਿੜਾਉਂਦੇ ਸਨ। ਇਹੀ ਸਿਧਾਂਤ ਤਾਂ ਸਿੱਖਾਂ ਦੀ ਹਰ ਗ਼ਰੀਬੀ ਨੂੰ ਅੱਜ ਵੀ ਦੂਰ ਕਰ ਰਿਹਾ ਹੈ।

ਸਾਂਝੀਵਾਲਤਾ ਨੂੰ ਹੋਰ ਪ੍ਰਫੁਲਿਤ ਕਰਨ ਲਈ ਗੁਰੂ ਅਮਰਦਾਸ ਜੀ ਨੇ ਬਾਉਲ਼ੀ ਬਣਵਾਈ ਜਿਸ ਦੇ ਜਲ ਨਾਲ ਹਰ ਕੋਈ ਇਸ਼ਨਾਨ ਕਰ ਸਕਦਾ ਸੀ। ਲੰਗਰ ਪਹਿਲਾਂ ਹੀ ਚੱਲਦਾ ਸੀ। ਉਨ੍ਹਾਂ ਦੀ ਹਿਦਾਇਤ ਉੱਤੇ ਗੁਰੂ ਰਾਮ ਦਾਸ ਜੀ ਨੇ 'ਗੁਰੂ ਕੇ ਚੱਕ - ਅੰਮ੍ਰਿਤਸਰ' ਦੀ ਮੋੜ੍ਹੀ ਗੱਡੀ। ਸਰੋਵਰ ਬਣਾਏ ਗਏ। ਪੰਜਵੇਂ ਗੁਰਾਂ ਨੇ ਦੋ ਗੁਰਧਾਮ ਤਿਆਰ ਕਰਵਾਏ, ਹਰਿਮੰਦਰ ਅਤੇ ਗੁਰਦੁਆਰਾ ਤਰਨਤਾਰਨ ਸਾਹਿਬ। ਦੋਨਾਂ ਗੁਰਧਾਮਾਂ ਵਿਖੇ ਵਿਸ਼ਾਲ ਸਰੋਵਰ ਹਨ ਅਤੇ ਦਰਬਾਰ ਸਾਹਿਬ। ਇਹ ਨਕਸ਼ਾ ਗੁਰਮਤ ਸਿਧਾਂਤ ਅਨੁਸਾਰ ਸੰਪੂਰਨ ਹੈ। ਰੂਹਾਨੀ ਸਿਧਾਂਤ ਇਹ ਕਹਿੰਦਾ ਹੈ ਜਦੋਂ ਸਾਡੀ ਰੂਹ ਵੈਰਾਗ ਦੀ ਭੁੱਖ ਨਾਲ ਤੜਫਦੀ ਹੈ ਤਾਂ ਅਸੀਂ ਦੂਰ ਦੂਰ ਤੱਕ ਗੁਰੂ ਦੀ ਭਾਲ ਕਰਦੇ ਹਨ। ਦੱਸ ਪੈਣ ਤੇ ਚੱਲ ਕੇ ਉਸ ਵੱਲ ਨੂੰ ਤੁਰ ਪੈਂਦੇ ਹਾਂ ਅਤੇ ਪੈਂਡਾ ਤਹਿ ਕਰ ਕੇ ਉਸ ਦੇ ਦੁਆਰੇ ਪਹੁੰਚਦੇ ਹਾਂ ਤਾਂ ਅੱਗੋਂ ਇੱਕ ਸਿੱਖ ਉਸ ਦਾ ਸਵਾਗਤ ਕਰਦਾ ਹੈ ਅਤੇ ਜੀ ਆਇਆਂ ਕਹਿੰਦਾ ਹੈ। ਪਰ ਯਾਤਰੀ ਸਫ਼ਰ ਅਤੇ ਵੈਰਾਗ ਤੋਂ ਵਿਆਕੁਲ ਹੋਇਆ ਹੈ, ਗੁਰੂ ਦੇ ਦਰਸ਼ਨ ਕਰਨਾ ਚਾਹੁੰਦਾ ਹੈ। ਸਿੱਖ ਜਾਣਦਾ ਹੈ ਕਿ ਜਿਸ ਤਰਾਂ ਸਮੁੰਦਰੀ ਬੇੜੇ ਨੂੰ ਬੰਦਰਗਾਹ ਨਾਲ ਜੁੜਨ ਲਈ ਲੰਗਰ ਦੀ ਲੋੜ ਹੈ, ਉਸੇ ਹੀ ਤਰਾਂ ਇਸ ਯਾਤਰੀ ਨੂੰ ਵੀ ਪਹਿਲਾ ਠਹਿਰਾਓ ਦੀ ਲੋੜ ਹੈ। ਉਹ ਉਸ ਨੂੰ ਰਸਤੇ ਦੀ ਥਕਾਨ ਤੋਂ ਨਿਰਮਲ ਹੋਣ ਲਈ ਸਰੋਵਰ ਵਿਚ ਇਸ਼ਨਾਨ ਕਰਨ ਲਈ ਪ੍ਰੇਰਦਾ ਹੈ। ਸਰੋਵਰ ਵਿਚ ਹੋਰ ਕਿਤਨੇ ਪ੍ਰਾਣੀ ਇਸ਼ਨਾਨ ਕਰ ਰਹੇ ਦੇਖ ਵਿਸਮਾਦ ਹੋ ਜਾਂਦਾ ਹੈ ਕਿ ਸਾਰੇ ਇੱਕੋ ਹੀ ਥਾਂ ਪਵਿੱਤਰ ਹੋ ਰਹੇ ਹਨ ? ਉਪਰੰਤ ਉਹ ਸਿੱਖ ਯਾਤਰੀ ਨੂੰ ਪੰਗਤ ਵਿਚ ਬਿਠਾ ਕੇ ਲੰਗਰ ਛਕਾਉਂਦਾ ਹੈ ਅਤੇ ਉਸ ਦੇ ਪੇਟ ਦੀ ਭੁੱਖ-ਪਿਆਸ ਨੂੰ ਮਿਟਾਉਂਦਾ ਹੈ। ਉਪਰੰਤ ਉਸ ਨੂੰ ਆਰਾਮ ਕਰ ਕੇ ਰਹਿਰਾਸ ਵੇਲੇ ਸੰਗਤ ਵਿਚ ਆ ਕੇ ਗੁਰੂ ਦਰਸ਼ਨ ਕਰਨ ਲਈ ਕਹਿੰਦਾ ਹੈ। ਹੁਣ ਤਕ ਸਰੀਰ ਨਿਰਮਲ ਹੋ ਚੁੱਕਾ ਸੀ ਪਰ ਵੈਰਾਗ ਹੋਰ ਪ੍ਰਚੰਡ ਹੋ ਰਿਹਾ ਸੀ ਕਿ ਜੇ ਗੁਰੂ ਕਾ ਸਿੱਖ ਇਹੋ ਜਿਹਾ ਹੈ ਤਾਂ ਗੁਰੂ ਦਾ ਕੀ ਰੂਪ ਹੋਵੇਗਾ ? ਸ਼ਾਮ ਨੂੰ ਗੁਰੂ-ਦਰਬਾਰ ਵਿਚ ਪਹੁੰਚ ਕੇ ਜਿਵੇਂ ਹੀ ਗੁਰੂ ਦੇ ਮੁੱਖ ਵੱਲ ਤੱਕਦਾ ਹੈ ਤਾਂ ਉਹ ਵਿਸਮਾਦ ਵਿਚ ਸੁੰਨ ਹੋ ਜਾਂਦਾ ਹੈ। ਇਹ ਤਾਂ ਉਹ ਸਿੱਖ ਹੀ ਸੀ ਜੋ ਉਸ ਦੀ ਸਵੇਰੇ ਤੋਂ ਸੇਵਾ ਕਰ ਰਿਹਾ ਸੀ। ਇਤਨਾ ਮਹਾਨ ਹੈ ਗੁਰੂ ! ਜੀ, ਇਹ ਪੰਜਵੇਂ ਗੁਰਾਂ ਦੀ ਵਾਰਤਾ ਹੈ। ਸਿੱਖ ਤਾਂ ਪਹਿਲੇ ਦੋ ਸਿਧਾਂਤਾਂ ਤੋਂ ਹੀ ਵਾਰੇ-ਵਾਰੇ ਜਾਂਦੇ ਸਨ, ਰੂਹਾਨੀਅਤ ਦੀ ਵਾਰਤਾ ਤਾਂ ਮੈਂ ਅਜੇ ਬਿਆਨ ਹੀ ਨਹੀਂ ਕੀਤੀ। ਉਹ ਯਾਤਰੀ ਤਾਂ ਕਿਨਾਰੇ ਤੇ ਲੱਗ ਗਿਆ। ਗੁਰੂ ਦੀ ਸ਼ਰਨ ਵਿਚ ਆ ਗਿਆ ਅਤੇ ਉਸ ਦਾ ਹੀ ਹੋ ਕੇ ਰਹਿ ਗਿਆ। ਸੇਵਾ ਕਰਨ ਲੱਗਿਆ ਅਤੇ ਲੰਗਰ ਵਿਚੋਂ ਹੀ ਛੱਕ ਲੈਂਦਾ। ਇੱਕ ਦਿਨ ਗੁਰੂ ਸਾਹਿਬ ਕਹਿਣ ਲੱਗੇ ਕੇ ਇੱਥੋਂ ਛਕ ਕੇ ਇੱਥੇ ਹੀ ਸੇਵਾ ਕਰ ਲਈ, ਅੱਗੇ ਵਾਸਤੇ ਕੀ ਕਰ ਰਿਹਾ ਹੈ ਤਾਂ ਉਸ ਨੂੰ ਹਲੂਣਾ ਲੱਗਿਆ। ਉਸ ਨੇ ਸੰਗਤ ਦੀ ਬਚੀ ਜੂਠ ਇਕੱਤਰ ਕਰ ਲੈਣੀ ਅਤੇ ਪੇਟ ਭਰ ਲੈਣਾ। ਕੁੱਝ ਸਮੇਂ ਬਾਅਦ ਗੁਰੂ ਜੀ ਨੇ ਫਿਰ ਫ਼ਰਮਾਇਆ ਕਿ ਚਾਹੇ ਇਹ ਜੂਠ ਹੀ ਹੈ ਪਰ ਹੈ ਤਾਂ ਲੰਗਰ ਹੀ। ਫਿਰ ਸੋਝੀ ਰੌਸ਼ਨ ਹੋਈ। ਲੰਗਰ ਲਈ ਲੱਕੜਾਂ ਲਿਆਉਣ ਦੀ ਕਿਰਤ ਕਰਨੀ ਸ਼ੁਰੂ ਕਰ ਦਿੱਤੀ। ਵਾਧੂ ਲੱਕੜਾਂ ਵੇਚ ਕੇ ਗੁਰੂ ਦੀ ਗੋਲਕ ਵਿਚ ਭੇਟ ਕਰਨ ਲੱਗਿਆ। ਇੱਕ ਦਿਨ ਉਸ ਸਿੱਖ ਨੂੰ ਹਨੇਰੀ ਤੋਂ ਬਾਅਦ ਗ਼ੈਰਹਾਜ਼ਰ ਦੇਖ ਕੇ ਗੁਰੂ ਨੇ ਉਸ ਦੀ ਆਪ ਭਾਲ ਕੀਤੀ। ਇਸ ਤਰਾਂ ਗੁਰ-ਸਿੱਖੀ ਸਿਰੇ ਚੜ੍ਹੀ। ਪਹਿਲਾਂ ਸਿੱਖ ਗੁਰੂ ਨੂੰ ਲੱਭਦਾ ਹੈ ਅਤੇ ਘਾਲਣਾ ਪੂਰੀ ਹੋਣ ਤੇ ਗੁਰੂ ਸਿੱਖ ਨੂੰ ਆਪ ਭਾਲ ਕੇ ਸੰਪੂਰਨ ਕਰਦਾ ਹੈ। ਇਤਨਾ ਮਹਾਨ ਹੈ ਗੁਰੂ ! ਜੀ ਹਾਂ, ਇਹ ਭਾਈ ਮੰਝ ਦੀ ਵਾਰਤਾ ਹੈ।

+61431197305

# ਗ਼ਰੀਬੀ, ਧਰਮ ਤੇ ਡੇਰਾਵਾਦ

-ਕਰਨਲ ਕੁਲਦੀਪ ਸਿੰਘ (ਰਿਟਾ.)




ਜੇਕਰ ਧਰਮ ਨੂੰ ਯਥਾਰਥਵਾਦ ਦੀ ਕਸੌਟੀ 'ਤੇ ਪਰਖਿਆ ਜਾਵੇ ਤਾਂ ਇਸ ਦੀ ਉਤਪਤੀ ਕੁਦਰਤੀ ਆਫ਼ਤਾਂ ਤੋਂ ਡਰ, ਬਚਾਅ ਅਤੇ ਜ਼ਿੰਦਗੀ ਵਿੱਚ ਸੁੱਖ ਪ੍ਰਾਪਤੀ ਦੀ ਇੱਛਾ ਨਾਲ ਹੋਈ। ਸਮੇਂ ਦੀ ਚਾਲ ਨਾਲ ਨਵੇਂ ਧਰਮ ਪੈਦਾ ਹੋ ਗਏ ਅਤੇ ਧਰਮਾਂ ਵਿੱਚ ਅਸੂਲਾਂ ਦੇ ਟਕਰਾਅ ਕਾਰਨ ਲੜਾਈਆਂ ਹੋਣ ਲੱਗੀਆਂ। ਧਰਮਾਂ ਦੇ ਫੈਲਾਓ ਲਈ ਹਥਿਆਰਾਂ ਦੀ ਵਰਤੋਂ ਹੋਣ ਲੱਗੀ। ਇਸ ਦਾ ਹਸ਼ਰ ਇਹ ਹੋਇਆ ਕਿ ਧਰਮ ਰਾਜਨੀਤੀ ਦੇ ਸਥਾਈ ਅੰਗ ਬਣ ਗਏ। ਧਰਮ ਗੁਰੂ ਰਾਜਿਆਂ ਦੇ ਸਲਾਹਕਾਰ ਬਣੇ ਅਤੇ ਉਨ੍ਹਾਂ ਨੇ ਆਪਣੇ ਆਪ ਨੂੰ ਇੰਨਾ ਤਾਕਤਵਰ ਬਣਾ ਲਿਆ ਕਿ ਰਾਜੇ ਉਨ੍ਹਾਂ ਦੀ ਸਲਾਹ ਤੋਂ ਬਿਨਾਂ ਰਾਜਨੀਤੀ ਅਤੇ ਕੂਟਨੀਤੀ ਵੀ ਤੈਅ ਨਹੀਂ ਕਰ ਸਕਦੇ ਸਨ। ਭਾਵੇਂ ਭਾਰਤ ਦੇ ਸੰਵਿਧਾਨ ਵਿੱਚ ਪੱਛੜੀਆਂ ਜਾਤਾਂ ਲਈ ਰਾਜਨੀਤੀ, ਵਿਦਿਆ ਅਤੇ ਕਿੱਤੇ ਵਿੱਚ ਰਾਖਵਾਂਕਰਨ ਹੈ, ਪਰ ਕੀ ਇਹ ਸਭ ਕੋਸ਼ਿਸ਼ਾਂ ਪੱਛੜੀਆਂ ਜਾਤਾਂ ਦੇ ਸਮਾਜਿਕ ਜਾਂ ਆਰਥਿਕ ਪੱਧਰ ਵਿੱਚ ਕੋਈ ਮਹੱਤਵਪੂਰਨ ਤਬਦੀਲੀ ਲਿਆ ਸਕੀਆਂ ? ਇਨ੍ਹਾਂ ਵਿੱਚੋਂ ਕੁਝ ਅਸਰ ਰਸੂਖ ਵਾਲੇ ਲੋਕ ਭਾਵੇਂ ਰਾਖਵੇਂਕਰਨ ਦਾ ਭਰਪੂਰ ਫਾਇਦਾ ਲੈ ਗਏ ਹੋਣ, ਪਰ ਆਮ ਜਨਤਾ ਨਾ ਤਾਂ ਗ਼ਰੀਬੀ ਤੋਂ ਉੱਪਰ ਉਠ ਸਕੀ ਅਤੇ ਨਾ ਹੀ ਉਨ੍ਹਾਂ ਨੂੰ ਸਮਾਜ ਵਿੱਚ ਕੋਈ ਉੱਚਾ ਸਥਾਨ ਮਿਲਿਆ। ਅਨਪੜ੍ਹਤਾ ਜਿਉਂ ਦੀ ਤਿਉਂ ਹੀ ਬਣੀ ਰਹੀ ਜਿਸ ਕਾਰਨ ਉਹ ਨੌਕਰੀਆਂ ਤੋਂ ਵੀ ਵਾਂਝੇ ਰਹਿ ਗਏ। ਆਜ਼ਾਦੀ ਦੇ 70 ਸਾਲ ਬਾਅਦ ਵੀ ਗ਼ਰੀਬੀ ਰੇਖਾ ਤੈਅ ਨਹੀਂ ਹੋ ਸਕੀ। ਸਮਾਜਿਕ ਵੰਡ ਭਾਵੇਂ ਉਹ ਧਰਮ ਆਧਾਰਿਤ ਹੋਵੇ ਜਾਂ ਜਾਤ ਆਧਾਰਿਤ, ਲੜਾਈ ਝਗੜਿਆਂ ਦਾ ਕਾਰਨ ਬਣਦੀ ਹੈ। ਇਸ ਦਾ ਲਾਭ ਕੁਝ ਸ਼ਾਤਰ ਲੋਕ ਉਠਾ ਰਹੇ ਹਨ। ਧਰਮ ਜੋ ਸਮੇਂ ਦੀ ਚਾਲ ਨਾਲ ਰਵਾਇਤਾਂ ਨਹੀਂ ਬਦਲਦੇ, ਬਲਕਿ ਹੌਲੀ ਹੌਲੀ ਮੱਧਮ ਹੁੰਦੇ ਜਾਂਦੇ ਹਨ ਅਤੇ ਜਦੋਂ ਉਸਦੇ ਅਨੁਯਾਈ ਰਵਾਇਤਾਂ ਨੂੰ ਜੱਭ ਸਮਝਣ ਲੱਗ ਜਾਣ ਤਾਂ ਉਹ ਅਜਿਹਾ ਥਾਂ ਲੱਭਦੇ ਹਨ ਜਿੱਥੇ ਰੀਤੀਆਂ ਸੌਖੀਆਂ ਅਤੇ ਉਨ੍ਹਾਂ ਦੇ ਅਨੁਕੂਲ ਹੋਣ। ਜੇਕਰ ਗੌਰ ਨਾਲ ਦੇਖਿਆ ਜਾਂਦਾ ਹੈ ਤਾਂ ਪੀੜਤ ਜਾਂ ਤਾਂ ਆਪਣਾ ਨਿੱਜੀ ਧਰਮ ਅਸਥਾਨ ਬਣਾ ਲੈਂਦੇ ਹਨ ਜਾਂ ਫਿਰ ਡੇਰਿਆਂ ਦੇ ਰਾਹ ਤੁਰ ਪੈਂਦੇ ਹਨ।

ਸਾਡਾ ਸਮਾਜ ਜਾਤਾਂ ਵਿੱਚ ਵੰਡਿਆ ਹੋਇਆ ਹੈ। ਰਾਖਵੇਂਕਰਨ ਤੋਂ ਇਲਾਵਾ ਪੱਛੜੀਆਂ ਜਾਤਾਂ ਨੂੰ ਜਨਗਣਨਾ, ਨੌਕਰੀਆਂ, ਵਿਦਿਅਕ ਖੇਤਰ ਅਤੇ ਸਰਕਾਰੀ ਸਹੂਲਤਾਂ ਲਈ ਫਾਰਮ ਭਰਨ ਸਮੇਂ ਉਨ੍ਹਾਂ ਦੀ ਜਾਤ ਯਾਦ ਕਰਵਾਈ ਜਾਂਦੀ ਹੈ। ਇਹੀ ਕੁਝ ਕਾਰਨ ਹਨ ਕਿ ਪੱਛੜੀਆਂ ਜਾਤਾਂ ਭੇਦ ਭਾਵ ਕਾਰਨ ਉਨ੍ਹਾਂ ਅਸਥਾਨਾਂ ਨਾਲ ਜੁੜ ਜਾਂਦੀਆਂ ਹਨ ਜਿੱਥੇ ਉਨ੍ਹਾਂ ਨੂੰ ਬਰਾਬਰੀ ਮਹਿਸੂਸ ਹੁੰਦੀ ਹੈ।

ਹਰ ਇਨਸਾਨ ਇੱਕ ਦੂਸਰੇ ਤੋਂ ਪੈਸੇ ਕਮਾਉਣ ਦੀ ਦੌੜ ਵਿੱਚ ਅੱਗੇ ਲੰਘਣਾ ਚਾਹੁੰਦਾ ਹੈ। ਇਹ ਮਾਹੌਲ ਮਾਨਸਿਕ ਤਣਾਅ ਦਾ ਕਾਰਨ ਬਣ ਜਾਂਦਾ ਹੈ। ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਬਹੁਤ ਸਾਰੇ ਅਸਫ਼ਲ ਇਨਸਾਨ ਮਾਨਸਿਕ ਰੋਗ ਨਾਲ ਪੀੜਤ ਹੋ ਜਾਂਦੇ ਹਨ। ਇਸ ਤਣਾਓ ਤੋਂ ਛੁਟਕਾਰਾ ਪਾਉਣ ਲਈ ਉਹ ਧਰਮ ਅਸਥਾਨਾਂ, ਆਸ਼ਰਮਾਂ ਅਤੇ ਡੇਰਿਆਂ ਵਿੱਚ ਬੈਠੇ ਬਾਬਿਆਂ ਦਾ ਸਹਾਰਾ ਲੱਭਦੇ ਹਨ ਜਿੱਥੇ ਉਨ੍ਹਾਂ ਨੂੰ ਕੁਝ ਸਕੂਨ ਮਿਲਣ ਦੀ ਆਸ ਹੁੰਦੀ ਹੈ।

ਭਾਰਤ ਗ਼ਰੀਬੀ ਦੇ ਦਾਇਰੇ ਵਿੱਚ ਸਭ ਤੋਂ ਪਿਛਲੀ ਲਾਈਨ ਵਿੱਚ ਖੜ੍ਹਾ ਹੈ। ਅੰਤਰਰਾਸ਼ਟਰੀ ਅੰਕੜਿਆਂ ਅਨੁਸਾਰ ਭਾਰਤ ਵਿੱਚ 125 ਰੁਪਏ ਤੋਂ ਘੱਟ ਰੋਜ਼ੀ ਕਮਾਉਣ ਵਾਲੇ ਲੋਕ 22 ਕਰੋੜ ਤੋਂ ਵੀ ਜ਼ਿਆਦਾ ਹਨ। ਭਾਵੇਂ ਕਾਨੂੰਨੀ ਤੌਰ 'ਤੇ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸਕੂਲ ਜਾਣਾ ਜ਼ਰੂਰੀ ਹੈ ਅਤੇ ਇਨ੍ਹਾਂ ਨੂੰ ਮਜ਼ਦੂਰੀ ਆਦਿ ਵਿੱਚ ਲਗਾਉਣ ਦੀ ਮਨਾਹੀ ਹੈ, ਪਰ ਫਿਰ ਵੀ ਮਾਪੇ ਰੋਜ਼ੀ ਰੋਟੀ ਕਮਾਉਣ ਲਈ ਬੱਚਿਆਂ ਨੂੰ ਸਕੂਲ ਨਾ ਭੇਜ ਕੇ ਕੰਮ ਕਰਵਾਉਣ ਲਈ ਮਜਬੂਰ ਹੋ ਜਾਂਦੇ ਹਨ। ਇੱਥੋਂ ਉਪਜੀ ਅਨਪੜ੍ਹਤਾ ਅੰਧ ਵਿਸ਼ਵਾਸ ਨੂੰ ਜਨਮ ਦਿੰਦੀ ਹੈ ਅਤੇ ਲੋਕ ਗ਼ਰੀਬੀ ਨੂੰ ਦੂਰ ਕਰਨ ਦੇ ਰਸਤੇ ਜੋਤਸ਼ੀਆਂ, ਤਾਂਤਰਿਕਾਂ ਅਤੇ ਬਾਬਿਆਂ ਕੋਲੋਂ ਲੱਭਦੇ ਹਨ। ਭਾਰਤ ਵਿੱਚ ਬਾਬਿਆਂ ਦੀ ਭਰਮਾਰ ਹੈ ਕਿਉਂਕਿ ਇਸ ਕਿੱਤੇ ਲਈ ਨਾ ਤਾਂ ਕਿਸੇ ਵਿਦਿਅਕ ਯੋਗਤਾ ਦੀ ਜ਼ਰੂਰਤ ਹੈ ਅਤੇ ਨਾ ਹੀ ਪੂੰਜੀ ਨਿਵੇਸ਼ ਦੀ। ਹੌਲੀ ਹੌਲੀ ਇਹੋ ਜਿਹੀਆਂ ਦੁਕਾਨਾਂ ਵੱਡੇ ਡੇਰਿਆਂ ਵਿੱਚ ਬਦਲ ਜਾਂਦੀਆਂ ਹਨ। ਇਨ੍ਹਾਂ ਦੀ ਆਮਦਨ ਇੰਨੀ ਵੱਧ ਜਾਂਦੀ ਹੈ ਕਿ ਦੁਨੀਆਂ ਵਿੱਚ ਹੋਰ ਕੋਈ ਧੰਦਾ ਇਸ ਦਾ ਮੁਕਾਬਲਾ ਨਹੀਂ ਕਰ ਸਕਦਾ। ਅੰਨ੍ਹੀ ਦੌਲਤ ਅਤੇ ਪੈਰੋਕਾਰਾਂ ਦੀ ਗਿਣਤੀ ਸਿਆਸੀ ਹਸਤੀਆਂ ਨੂੰ ਪ੍ਰਭਾਵਿਤ ਕਰਦੀ ਹੈ। ਸਿਆਸੀ ਸੁਰੱਖਿਆ ਅਤੇ ਦੌਲਤ ਬਾਬਿਆਂ ਨੂੰ ਦੁਰਾਚਾਰੀ ਬਣਾ ਦਿੰਦੀ ਹੈ। ਜ਼ਿਆਦਾਤਰ ਬਾਬੇ ਕਾਨੂੰਨ ਦੇ ਦਾਇਰੇ ਤੋਂ ਬਾਹਰ ਰਹਿੰਦੇ ਹਨ। ਭਾਰਤ ਵਿੱਚ ਲੱਖਾਂ ਛੋਟੇ ਵੱਡੇ ਅਜਿਹੇ ਸਥਾਨ ਹਨ ਜਿਨ੍ਹਾਂ ਦੇ ਮਾਲਕ ਕੁਕਰਮ ਵੀ ਕਰਦੇ ਹਨ, ਪਰ ਕਾਨੂੰਨ ਦੇ ਸਿਕੰਜੇ ਵਿੱਚ ਨਹੀਂ ਆਉਂਦੇ।

ਜੇਕਰ ਸਾਰੇ ਡੇਰੇ, ਧਰਮ ਅਸਥਾਨਾਂ ਅਤੇ ਆਸ਼ਰਮਾਂ ਨੂੰ ਸਿਆਸੀ ਸ਼ਕਤੀ ਤੋਂ ਵਾਂਝੇ ਕਰ ਦਿੱਤਾ ਜਾਵੇ ਅਤੇ ਇਨ੍ਹਾਂ ਦੀ ਆਮਦਨ ਅਤੇ ਜਾਇਦਾਦ ਦਾ ਸਾਲਾਨਾ ਲੇਖਾ ਜੋਖਾ ਸਰਕਾਰੀ ਏਜੰਸੀਆਂ ਦੁਆਰਾ ਕਰਵਾਇਆ ਜਾਵੇ, ਇੰਦਰਾਜ ਤੋਂ ਬਿਨਾਂ ਚਲਾਏ ਜਾ ਰਹੇ ਸਥਾਨ ਅਵੈਧ ਕਰਾਰ ਦਿੱਤੇ ਜਾਣ, ਸਰਕਾਰੀ ਜ਼ਮੀਨਾਂ 'ਤੇ ਉਸਰੇ ਧਰਮ ਅਸਥਾਨ ਖ਼ਤਮ ਕੀਤੇ ਜਾਣ ਅਤੇ ਇੱਥੇ ਹਥਿਆਰ ਰੱਖਣ ਦੀ ਮਨਾਹੀ ਹੋਵੇ। ਕਿਸੇ ਵੀ ਕਿਸਮ ਦੀ ਸਰਕਾਰੀ ਸਹਾਇਤਾ ਨਾ ਦਿੱਤੀ ਜਾਵੇ ਅਤੇ ਆਮ ਲੋਕਾਂ 'ਤੇ ਲਾਗੂ ਵਿੱਤੀ ਕਾਨੂੰਨ ਲਾਗੂ ਕਰਕੇ ਇਨ੍ਹਾਂ ਅਸਥਾਨਾਂ ਵਿੱਚ ਹੋ ਰਹੇ ਅਪਰਾਧਾਂ 'ਤੇ ਠੱਲ ਪਾਈ ਜਾ ਸਕਦੀ ਹੈ।




# ਵਿਸ਼ਵ ਇਤਿਹਾਸ ਵਿੱਚ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਦਾ ਸਥਾਨ

ਸ਼ਹੀਦ ਕਿਸੇ ਵੀ ਕੌਮ ਦਾ ਅਮੁੱਲਾ ਸਰਮਾਇਆ ਹੁੰਦੇ ਹਨ। ਸਿੱਖ ਇਤਿਹਾਸ ਤਾਂ ਹੈ ਹੀ ਸ਼ਹੀਦਾਂ ਦਾ ਮਾਣ ਮੱਤਾ ਇਤਿਹਾਸ। ਗੁਰੂ ਜੀ ਨੇ ਬਾਣੀ ਚ ਸੀਸ ਤਲੀ ਤੇ ਧਰਨ ਦਾ ਸਿਰਫ ਉਪਦੇਸ਼ ਹੀ ਨਹੀ ਦਿੱਤਾ ਸਗੋਂ ਉਸ ਤੇ ਖ਼ੁਦ ਅਮਲ ਕਰਕੇ ਇਹ ਸਬਕ ਦ੍ਰਿੜ ਵੀ ਕਰਵਾਇਆਂ ਹੈ। ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸ਼ਹੀਦੀ ਤੋਂ ਆਰੰਭ ਹੋ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਧਰਮ ਦੀ ਰੱਖਿਆ ਕਰਦਿਆਂ ਸਿੱਖਾਂ ਵੱਲੋਂ ਦਿੱਤੀਆਂ ਗਈਆਂ ਸ਼ਹੀਦੀਆਂ, ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ, ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅਨੇਕਾਂ ਸਿੰਘਾਂ ਸਮੇਤ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਇਹ ਸਿਲਸਿਲਾ ਬਾਬਾ ਬੰਦਾ ਬਹਾਦਰ, ਛੋਟੇ ਅਤੇ ਵੱਡੇ ਘਲੂਘਾਰੇ ਰਾਹੀਂ ਹੁੰਦਾ ਹੋਇਆ ਅੱਜ ਦੇ ਆਧੁਨਿਕ ਸਮੇਂ ਤਾਈਂ ਨਿਰੰਤਰ ਜਾਰੀ ਹੈ। ਅੱਜ ਅਸੀਂ ਇਸੇ ਲੜੀ ਦੇ ਅਣਮੋਲ ਹੀਰੇ, ਨਿੱਕੀਆਂ ਉਮਰਾਂ ਚ ਵੱਡੇ ਸਾਕੇ ਕਰਨ ਵਾਲੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹੀਦੀ ਨੂੰ ਕੋਟ-ਕੋਟ ਪ੍ਰਣਾਮ ਕਰਦੇ ਹਾਂ। ਜਿਥੇ ਸਾਹਿਬਜ਼ਾਦਿਆਂ ਵੱਲੋਂ ਨਿੱਕੀਆਂ ਉਮਰਾਂ ਚ ਕੀਤੇ ਗਏ ਵੱਡੇ ਸਾਕੇ ਸਾਡੇ ਪ੍ਰੇਰਨਾ ਸਰੋਤ ਹਨ ਉਥੇ ਸਾਡਾ ਵੀ ਫਰਜ਼ ਬਣਦਾ ਹੈ ਕਿ ਹੱਕ, ਸੱਚ ਧਰਮ ਦੀ ਰਾਖੀ ਕਰਿਆ ਅਤੇ ਜੁਲਮ ਦੇ ਖਾਤਮੇ ਲਈ ਤਤਪਰ ਰਹੀਏ। ਚਾਹੀਦਾ ਤਾਂ ਇਹ ਸੀ ਕਿ ਅਸੀਂ ਆਪਣੇ ਪ੍ਰੇਰਣਾ ਸਰੋਤਾਂ ਦੀ ਉਸੇ ਰੂਪ ਚ ਸਾਂਭ-ਸੰਭਾਲ ਕਰਦੇ ਪਰ ਕਾਰ ਸੇਵਾ ਵਾਲੇ ਬਾਬਿਆਂ ਨੇ ਜਿਥੇ ਇਤਿਹਾਸਕ ਯਾਦਗਾਰਾਂ ਨੂੰ ਸੰਗਮਰਮਰ ਦੇ ਥੱਲੇ ਦੱਬ ਦਿੱਤਾ ਹੈ ਉਥੇ ਹੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੀ ਇਤਿਹਾਸਕ ਤਾਰੀਖਾਂ ਨੂੰ ਵਿਗਾੜਨ ਚ ਆਪਣਾ ਯੋਗਦਾਨ ਪਾ ਰਹੀ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸੰਘਰਸ਼ ਮਈ ਜੀਵਨ ਚ ਇਕ ਸਮਾ ਅਜੇਹਾ ਵੀ ਆਇਆ ਜਦੋਂ ਗੁਰੂ ਸਾਹਿਬ ਜੀ ਨੂੰ ਅਨੰਦਪੁਰ ਦਾ ਕਿਲਾ ਖਾਲੀ ਕਰਨਾ ਪਿਆ। ਇਸ ਦਾ ਮੁੱਖ ਕਾਰਨ ਸੀ ਪਹਾੜੀ ਰਾਜਿਆਂ ਦੀ ਬੇਈਮਾਨੀ। ਪਹਾੜੀ ਰਾਜੇ ਇਕ ਪਾਸੇ ਤਾਂ ਗੁਰੂ ਜੀ ਨਾਲ ਸੁਲਾ-ਸਫਾਈ ਦੀਆਂ ਗੱਲਾਂ ਕਰਦੇ ਸਨ, ਦੂਜੇ ਪਾਸੇ ਉਹ ਗੁਰੂ ਜੀ ਦੀ ਵੱਧਦੀ ਸ਼ਕਤੀ ਤੋਂ ਭੈ-ਭੀਤ ਸਨ। ਮੈਦਾਨੇ ਜੰਗ ▾ਚ ਗੁਰੂ ਜੀ ਦਾ ਸਾਹਮਣਾ ਕਰਨਾ ਉਨ੍ਹਾਂ ਦੇ ਵੱਸ ਚ ਨਹੀਂ ਸੀ ਇਸ ਲਈ ਪਹਾੜੀ ਰਾਜਿਆਂ ਨੇ ਸਰਹਿੰਦ ਦੇ ਨਵਾਬ ਨਾਲ ਇਹ ਸੋਚ ਕੇ ਸੰਪਰਕ ਕੀਤਾ ਸ਼ਾਹੀ ਫੌਜ ਨੂੰ ਅੱਗੇ ਕੀਤਾ ਜਾਵੇ। ਬੇਈਮਾਨ ਰਾਜਿਆਂ ਨੇ ਰਾਜਨੀਤਕ ਚਾਲ ਚਲਦਿਆਂ ਇਕ ਪੱਤਰ ਲਿਖ ਕੇ ਨਵਾਬ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਮੁਗਲ ਸਰਕਾਰ, ਤੁਹਾਡੇ ਅਤੇ ਸਾਡੇ ਲਈ ਬਹੁਤ ਵੱਡਾ ਖ਼ਤਰਾ ਬਣਾ ਰਹੇ ਹਨ। ਜਿਸ ਦਾ ਮੁਕਾਬਲਾ ਸਾਨੂੰ ਇਕੱਠੇ ਹੋ ਕੇ ਕਰਨਾ ਚਾਹੀਦਾ ਹੈ। ਪਹਾੜੀ ਰਾਜਿਆਂ ਨੇ ਮੁਗਲਾਂ ਨਾਲ ਗੱਠਜੋੜ ਕਰਕੇ ਸਿੱਖ ਫੌਜਾਂ ਤੇ ਹਮਲਾ ਕਰ ਦਿੱਤਾ। ਜਦੋਂ ਸਿੰਘਾਂ ਨੇ ਲੋਹੇ ਦੇ ਚਣੇ ਚਬਾਏ ਤਾਂ ਉਨ੍ਹਾਂ ਨੇ ਇਕ ਹੋਰ ਚਾਲ ਚਲੀ। ਜਿਥੇ ਝੂਠੀਆਂ ਸਹੁੰਆਂ ਨਾਲ ਬੇਨਤੀਆਂ ਕਰ ਦਿਆ ਇਕ ਪੱਤਰ ਪਹਾੜੀ ਰਾਜਿਆਂ ਨੇ ਲਿਖਿਆ ਉਥੇ ਹੀ ਇਕ ਪੱਤਰ ਮੁਗਲ ਬਾਦਸ਼ਾਹ ਵੱਲੋਂ ਵੀ ਗੁਰੂ ਜੀ ਨੂੰ ਭੇਜਿਆ ਗਿਆ। ਲੱਗ-ਭਗ ਤਿੰਨ ਸਾਲ ਦੇ ਜ਼ੰਗੀ ਹਾਲਤ, ਅਨੰਦਪੁਰ ਨੂੰ ਪਏ ਘੇਰੇ, ਪਹਾੜੀ ਰਾਜਿਆਂ ਅਤੇ ਸ਼ਾਹੀ ਫੌਜਾਂ ਵੱਲੋਂ ਦਿਵਾਏ ਭਰੋਸੇ ਅਤੇ ਕਿਲੇ ਦੇ ਅੰਦਰੂਨੀ ਹਾਲਾਤ ਨੂੰ ਮੁਖ ਰੱਖ ਕੇ ਗੁਰੂ ਜੀ ਨੇ 6 ਪੋਹ ਸੰਮਤ 1761/5 ਦਸੰਬਰ 1704 (ਯੂਲੀਅਨ) ਦੀ ਰਾਤ ਨੂੰ ਕਿਲਾ ਖਾਲੀ ਕਰ ਦਿੱਤਾ। ਵੈਰੀ ਦੀਆਂ ਫੌਜਾਂ ਨੇ ਖਾਧੀਆਂ ਕਸਮਾਂ ਨੂੰ ਭੁਲ ਕੇ, ਧੋਖੇ ਨਾਲ ਹਮਲਾ ਕਰ ਦਿੱਤਾ। ਸਿੰਘ ਬੜੀ ਬਹਾਦਰੀ ਨਾਲ ਮੁਕਾਬਲਾ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ ਇਸੇ ਦੌਰਾਨ ਗੁਰੂ ਜੀ ਸਰਸਾਂ ਨਦੀ ਨੂੰ ਪਾਰ ਕਰ, ਦੋ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘਾਂ ਸਮੇਤ ਚਮਕੌਰ ਪੁੱਜ ਗਏ। ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦੇ, ਜੋ ਗੁਰੂ ਜੀ ਤੋਂ ਵਿਛੜ ਗਏ ਸਨ, ਗੰਗੂ ਨਾਮ ਦੇ ਇਕ ਸੇਵਾਦਾਰ ਨਾਲ ਉਸ ਦੇ ਪਿੰਡ ਖੇੜੀ ਪੁੱਜ ਗਏ। ਗੁਰੂ ਜੀ ਨੇ ਚਮਕੌਰ ਦੇ ਚੌਧਰੀ ਦੀ ਇੱਕ ਕੱਚੀ ਗੜੀ ਵਿੱਚ ਮੋਰਚੇ ਸੰਭਾਲ ਲਏ। ਮੁਗਲਾਂ ਨੇ ਰਾਤ ਦੇ ਸਮੇ ਹਜ਼ਾਰਾਂ ਦੀ ਗਿਣਤੀ ਚ ਫੌਜ ਨਾਲ ਗੜੀ ਨੂੰ ਘੇਰਾ ਪਾ ਲਿਆ। ਅੱਗਲੇ ਗੁਰੂ ਸਾਹਿਬ ਜੀ, ਦੋ ਵੱਡੇ ਸਾਹਿਬਜ਼ਾਦੇ ਤੇ 40 ਸਿੰਘਾਂ ਨੇ ਮੁਗਲ ਫੌਜ ਦਾ ਡਟ ਕੇ ਟਾਕਰਾ ਕੀਤਾ। ਪੰਜ-ਪੰਜ ਸਿੰਘਾਂ ਦਾ ਜਥਾ ਮੈਦਾਨ ਚ ਜਾਂਦਾ ਅਤੇ ਵੈਰੀ ਦੇ ਸੱਥਰ ਵਿਛਾਉਂਦਾ ਹੋਇਆ ਸ਼ਹੀਦ ਹੋ ਜਾਂਦਾ। ਸਾਹਿਬਜ਼ਾਦਾ ਅਜੀਤ ਸਿੰਘ ਵੀ ਗੁਰੂ ਜੀ ਤੋਂ ਆਗਿਆ ਲੈ ਕੇ ਮੈਦਾਨ ਚ ਜਾ ਗੱਜਿਆ। ਤੀਰਾਂ ਤੋਂ



ਬਾਅਦ ਆਪ ਨੇ ਤਲਵਾਰ ਦੇ ਇਹੋ ਜਿਹੇ ਜੌਹਰ ਦਿਖਾਏ ਕਿ ਵਿਰੋਧੀ ਫੌਜਾਂ ਚ ਹਾਹਾ-ਕਾਰ ਮੱਚ ਗਈ। ਜਦੋਂ ਆਪ ਦਾ ਘੋੜਾ ਜ਼ਖ਼ਮੀ ਹੋ ਗਿਆ ਤਾਂ ਆਪ ਪੈਦਲ ਹੀ ਵੈਰੀਆਂ ਦੇ ਆਹੂ ਲਾਹੁਣ ਲੱਗੇ। ਕਈਆਂ ਨੂੰ ਪਾਰ ਬੁਲਾ ਕੇ ਸਾਹਿਬਜ਼ਾਦਾ ਅਜੀਤ ਸਿੰਘ ਜੀ ਸ਼ਹੀਦ ਹੋ ਗਏ। ਹੁਣ ਵਾਰੀ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਦੀ ਸੀ। ਜਿਉਂ ਹੀ ਸਾਹਿਬਜ਼ਾਦਾ ਆਪਣੇ ਜਥੇ ਸਮੇਤ ਮੈਦਾਨੇ ਜੰਗ ਵਿੱਚ ਆਇਆ ਮੁਗਲ ਫੌਜ ਤੇ ਟੁੱਟ ਕੇ ਪੈ ਗਏ। ਗੁਰੂ ਜੀ ਨੇ ਵੀ ਗੜੀ ਵਿੱਚੋਂ ਹੀ ਤੀਰਾਂ ਦੀ ਬਾਰਸ਼ ਆਰੰਭ ਕਰ ਦਿੱਤੀ। ਬਾਬਾ ਜੁਝਾਰ ਸਿੰਘ ਜੀ ਵੈਰੀਆਂ ਦੇ ਆਹੂ ਲਾਉਂਦੇ ਹੋਏ ਅੱਗੇ ਵੱਧਦੇ ਵੱਧਦੇ 8 ਪੋਹ ਬਿ: ਸੰਮਤ 1761/7 ਦਸੰਬਰ 1704 (ਯੂਲੀਅਨ) ਦਿਨ ਵੀਰਵਾਰ ਨੂੰ ਸ਼ਹੀਦੀ ਪ੍ਰਾਪਤ ਕਰ ਗਏ।

**-ਡਾ. ਗੁਲਜ਼ਾਰ ਸਿੰਘ ਕੰਗ, ਨੰਗਲ**

# ਮਹਾਨ ਤਪੱਸਵੀ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ

ਸੱਚ ਦੇ ਮਾਰਗ ਦਾ ਉਪਦੇਸ਼ ਦੇਣ ਵਾਲੇ, ਪੰਜ ਗੁਰੂ ਸਾਹਿਬਾਨਾਂ ਨੂੰ ਗੁਰਗੱਦੀ ਦਾ ਤਿਲਕ ਲਾਉਣ ਵਾਲੇ, ਨੌਂ ਗੁਰੂਆਂ ਦੇ ਦਰਸ਼ਨ ਕਰਨ ਵਾਲੇ, ਮਹਾਨ ਤਪੱਸਵੀ, ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜਨਮ 4 ਕੱਤਕ, 1575 ਬਿਕਰਮੀ ਨੂੰ ਮਾਝੇ ਦੇ ਪਿੰਡ ਕੱਥੂਨੰਗਲ ਵਿਖੇ ਸੁੱਘਾ ਰੰਧਾਵਾ ਦੇ ਘਰ ਮਾਤਾ ਗੌਰਾਂ ਦੀ ਕੁੱਖੋਂ ਹੋਇਆ, ਜਿਸ ਦਾ ਨਾਂਅ ਬੂੜਾ ਰੱਖਿਆ ਗਿਆ। 12 ਸਾਲ ਦੀ ਉਮਰ ਵਿਚ ਇਸ ਬਾਲਕ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਪਰਕ ਹੋਇਆ ਅਤੇ ਵਿਚਾਰਾਂ ਸਾਂਝੀਆਂ ਹੋਈਆਂ। ਬਾਲਕ ਬੂੜਾ ਦੇ ਵਿਚਾਰ ਸੁਣ ਕੇ ਗੁਰੂ ਜੀ ਨੇ ਕਿਹਾ ਕਿ ਭਾਈ ਤੂੰ ਤਾਂ ਬੁੱਢਿਆਂ ਵਾਲੀਆਂ ਗੱਲਾਂ ਕਰਦਾ ਹੈਂ। ਇਸ ਤੋਂ ਬਾਅਦ ਉਸ ਦੇ ਸਾਥੀ ਉਸ ਨੂੰ ਬਾਬਾ ਬੁੱਢਾ ਕਹਿਣ ਲੱਗ ਪਏ।

ਇਸ ਉਪਰੰਤ ਗੁਰੂ ਜੀ ਬਾਬਾ ਬੁੱਢਾ ਜੀ ਨੂੰ ਆਪਣੇ ਨਾਲ ਕਰਤਾਰਪੁਰ ਲੈ ਗਏ। ਇੱਥੇ ਉਹ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਣ ਵਾਲੀਆਂ ਸੰਗਤਾਂ ਦੀ ਸੇਵਾ ਕਰਦੇ। ਗੁਰੂ ਜੀ ਵਲੋਂ ਜਦ ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਸੌਂਪਣ ਦਾ ਸਮਾਂ ਆਇਆ ਤਾਂ ਉਨ੍ਹਾਂ ਨੂੰ ਗੁਰਗੱਦੀ ਦਾ ਤਿਲਕ ਬਾਬਾ ਬੁੱਢਾ ਜੀ ਤੋਂ ਹੀ ਲਵਾਇਆ, ਇਸ ਉਪਰੰਤ ਛੇਵੇਂ ਗੁਰੂ ਹਰਿਗੋਬਿੰਦ ਜੀ ਤੱਕ ਉਹ ਗੁਰਗੱਦੀ ਦਾ ਤਿਲਕ ਲਾਉਂਦੇ ਰਹੇ ਅਤੇ ਉਨ੍ਹਾਂ ਦੀ ਮੌਤ ਉਪਰੰਤ ਉਨ੍ਹਾਂ ਦੀ ਔਲਾਦ ਨੇ ਹੀ ਇਹ ਸੇਵਾ ਨਿਭਾਈ। ਬਾਬਾ ਬੁੱਢਾ ਜੀ ਨੇ ਅੱਠਵੇਂ ਗੁਰੂ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਤੋਂ ਇਲਾਵਾ ਨੌਂ ਗੁਰੂ ਸਾਹਿਬਾਨਾਂ ਦੇ ਦਰਸ਼ਨ ਕੀਤੇ ਸਨ। ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ ਬਾਬਾ ਬੁੱਢਾ ਜੀ ਨੇ ਇਕ ਬੇਰੀ ਹੇਠ ਬੈਠ ਕੇ ਸਰੋਵਰ ਦੀ ਕਾਰ ਸੇਵਾ ਕਰਵਾਈ, ਇਹ ਬੇਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਅੱਜ ਵੀ ਬੇਰ ਬਾਬਾ ਬੁੱਢਾ ਜੀ ਨਾਲ ਜਾਣੀ ਜਾਂਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਦੀ ਸੰਪਾਦਨਾ ਕਰਕੇ ਸ੍ਰੀ ਦਰਬਾਰ ਸਾਹਿਬ ਵਿਚ ਪ੍ਰਕਾਸ਼ ਕੀਤਾ ਤਾਂ ਸਭ ਤੋਂ ਪਹਿਲਾ ਮੁੱਖ ਵਾਕ ਬਾਬਾ ਬੁੱਢਾ ਜੀ ਨੇ ਹੀ ਲਿਆ, 'ਸੰਤਾਂ ਦੇ ਕਾਰਜ ਆਪ ਖਲੋਇਆ, ਹਰ ਕੰਮ ਕਰਾਵਨ ਆਇਆ ਰਾਮ।' ਇਸ ਉਪਰੰਤ ਆਪ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਮੁੱਖ ਗ੍ਰੰਥੀ ਥਾਪਿਆ ਗਿਆ। ਛੇਵੇਂ ਗੁਰੂ ਹਰਿਗੋਬਿੰਦ ਜੀ ਦਾ ਜਨਮ ਵੀ ਬਾਬਾ ਬੁੱਢਾ ਜੀ ਵਲੋਂ ਮਾਤਾ ਗੰਗਾ ਨੂੰ ਦਿੱਤੇ ਪੁੱਤਰ ਦੇ ਵਰ ਨਾਲ ਹੀ ਹੋਇਆ ਸੀ ਅਤੇ ਬਾਲਕ ਹਰਿਗੋਬਿੰਦ ਨੂੰ ਪਹਿਲੀ ਵਿੱਦਿਆ, ਘੋੜਸਵਾਰੀ ਤੇ ਸ਼ਸਤਰ ਵਿੱਦਿਆ ਵੀ ਉਨ੍ਹਾਂ ਹੀ ਦਿੱਤੀ। ਬਾਬਾ ਬੁੱਢਾ ਜੀ ਦਾ ਵਿਆਹ 15 ਫੱਗਣ, 1580 ਬਿਕਰਮੀ ਨੂੰ ਮਾਤਾ ਸਿਰੋਯਾ ਨਾਲ ਹੋਇਆ। ਇਸ ਵਿਆਹ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਨਹੀਂ ਪਹੁੰਚ ਸਕੇ ਪਰ ਉਨ੍ਹਾਂ ਦੀ ਧਰਮ ਪਤਨੀ ਮਾਤਾ ਸੁਲੱਖਣੀ ਅਤੇ ਪੁੱਤਰ ਲੱਖਮੀ ਦਾਸ ਤੇ ਸ੍ਰੀ ਚੰਦ ਪਹੁੰਚੇ ਸਨ, ਜਿਨ੍ਹਾਂ ਦੇ ਚਾਰ ਪੁੱਤਰ ਸੁਧਾਰੀ ਜੀ, ਭਿਖਾਰੀ ਜੀ, ਮਹਿਮੂ ਜੀ ਤੇ ਭਾਨਾ ਜੀ ਹੋਏ। 125 ਸਾਲ ਦੀ ਉਮਰ ਭੋਗ ਕੇ ਉਹ 14 ਮੱਘਰ 1688 ਬਿਕਰਮੀ ਨੂੰ ਇਸ ਦੁਨੀਆ ਤੋਂ ਸਦਾ ਲਈ ਵਿਦਾ ਹੋ ਗਏ। ਅੰਤਿਮ ਸਾਹ ਸਮੇਂ ਉਨ੍ਹਾਂ ਦਾ ਸੀਸ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਗੋਦ ਵਿਚ ਸੀ। ਉਨ੍ਹਾਂ ਆਪ ਬਾਬਾ ਬੁੱਢਾ ਜੀ ਦਾ ਅੰਤਿਮ ਸੰਸਕਾਰ ਕਰਵਾਇਆ ਅਤੇ ਅੰਤਿਮ ਰਸਮਾਂ ਤੱਕ ਪਰਿਵਾਰ ਪਾਸ ਰਹੇ।

ਬਾਬਾ ਬੁੱਢਾ ਜੀ ਦੀ ਛੇਵੀਂ ਪੁਸ਼ਤ 'ਚੋਂ ਬਾਬਾ ਧੰਨਾ ਜੀ, ਪਟਿਆਲਾ ਰਾਜ ਘਰਾਣੇ ਦੇ ਮੋਢੀ ਬਾਬਾ ਫੂਲ ਦੀ ਪੋਤਰੀ ਫੱਤੋਂ ਜੀ ਨਾਲ ਵਿਆਹੇ ਹੋਏ ਸਨ। ਬਾਬਾ ਧੰਨਾ ਜੀ ਦੇ ਪੋਤਰਿਆਂ ਬਾਬਾ ਨੱਥਾ ਸਿਘ ਤੇ ਬਾਬਾ ਹੇਮ ਰਾਜ ਸਿੰਘ ਨੇ ਹੀ ਪਿੰਡ ਬੀਹਲਾ ਵਸਾਇਆ, ਜੋ ਅੱਜਕਲ੍ਹ ਜ਼ਿਲ੍ਹਾ ਬਰਨਾਲਾ ਅਧੀਨ ਪੈਂਦਾ ਹੈ। ਇਸ ਪਿੰਡ ਵਿਚੋਂ ਅੱਗੇ ਬੁੱਗਰ, ਜਲੂਰ ਤੇ ਧਰਾਂਗਲਾ ਪਿੰਡ ਵਸਾਏ ਗਏ। ਰੰਧਾਵਾ ਬਹੁਗਿਣਤੀ ਵਾਲੇ ਇਸ ਪਿੰਡ ਬੀਹਲਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 27 ਨਵੰਬਰ ਤੋਂ 29 ਨਵੰਬਰ ਤੱਕ ਬਾਬਾ ਬੁੱਢਾ ਜੀ ਦੀ ਬਰਸੀ ਧੂਮਧਾਮ ਨਾਲ ਮਨਾਈ ਜਾ ਰਹੀ ਹੈ। ਇਸ ਮੌਕੇ ਸ੍ਰੀ ਅਖੰਡ ਪਾਠ ਦੇ ਭੋਗ ਤੱਕ ਰਾਗੀ, ਢਾਡੀ, ਕਵੀਸ਼ਰ ਸੰਗਤਾਂ ਨੂੰ ਨਿਹਾਲ ਕਰਨਗੇ, ਨਗਰ ਕੀਰਤਨ ਹੋਵੇਗਾ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**ਬਲਵਿੰਦਰ ਸਿੰਘ ਭੁੱਲਰ** (98882-75913)

# ਮੁਹੱਬਤ ਦੇ ਸ.ਫਰ ਦਾ ਸ.ਫਲ ਪਾਂਧੀ ਭਾਈ ਮਰਦਾਨਾ

ਭਾਈ ਮਰਦਾਨਾ ਦਾ ਜਨਮ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਅਸਥਾਨ ਤਲਵੰਡੀ ਰਾਇ ਭੋਇ ਵਿਚ ਸੰਮਤ 1516 ਬਿਕ੍ਰਮੀ 'ਚ ਹੋਇਆ। ਉਨ੍ਹਾਂ ਨੇ ਅੰਤਿਮ ਸੁਆਸ ਗੁਰੂ ਨਾਨਕ ਸਾਹਿਬ ਦੇ ਪਾਵਨ ਹੱਥਾਂ 'ਚ 13 ਮੱਘਰ, ਸੰਮਤ 1591 ਮੁਤਾਬਿਕ 11 ਨਵੰਬਰ, 1534 ਈ: (27 ਨਵੰਬਰ, 2016 ਈ: ਇਸ ਵਾਰ) ਅਫਗਾਨਿਸਤਾਨ ਦੇ ਕੁਰਮ ਨਗਰ ਵਿਚ ਲਏ। ਅੰਤਮ ਸੰਸਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਤੀ ਭਾਈ ਮਰਦਾਨਾ ਦੀ ਨਿਮਰਤਾ, ਸਮਰਪਣ ਭਾਵਨਾ, ਇੱਛਾ-ਸ਼ਕਤੀ, ਦ੍ਰਿੜ੍ਹਤਾ, ਉਦਾਰਤਾ, ਤਿਆਗ, ਸਬਰ, ਸੰਤੋਖ, ਸੰਜਮ, ਸਹਿਜ, ਸਦਭਾਵਨਾ ਤੇ ਸਾਂਝ-ਮੁਹੱਬਤ ਤੋਂ ਪ੍ਰਤੱਖ ਹੈ, ਮੁਹੱਬਤ ਦਾ ਸਫ਼ਰ।

ਗੁਰਮਤਿ ਸੰਗੀਤ ਪੱਧਤੀ ਤੇ ਪਰੰਪਰਾ ਦਾ ਨਿਕਾਸ, ਵਿਕਾਸ ਤੇ ਵਿਗਾਸ ਭਾਈ ਮਰਦਾਨਾ ਦੀ ਰਬਾਬ ਨਾਲ ਆਰੰਭ ਹੁੰਦਾ ਹੈ। ਰੱਬੀ-ਰਬਾਬੀ ਅਤੇ ਗੁਰੂ-ਘਰ ਦੇ ਮੂਲ ਕੀਰਤਨੀਏ ਨੂੰ ਜਿੰਨਾ ਵੀ ਮਾਣ-ਸਤਿਕਾਰ ਦੇਈਏ, ਓਨਾ ਹੀ ਥੋੜ੍ਹਾ ਹੈ।

ਸੜਦੀ-ਬਲਦੀ ਲੋਕਾਈ ਦੀ ਚਿੰਤਾ ਬਾਰੇ ਗੁਰੂ ਨਾਨਕ ਸਾਹਿਬ ਹਰ ਸਮੇਂ ਡੂੰਘੇ ਚਿੰਤਨ 'ਚ ਲਿਵਲੀਨ ਰਹਿੰਦੇ। ਦੁਖੀਆਂ-ਦਰਦਮੰਦਾਂ ਦੀ ਸਾਰ ਲੈਣ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਕਸ਼ਟ ਸਹਾਰ, ਲੋਕਾਈ ਦੇ ਕਸ਼ਟ ਨਿਵਾਰਨ ਲਈ ਨਿਰੰਤਰ ਤਤਪਰ ਰਹੇ। ਭਾਈ ਮਰਦਾਨਾ ਹਮੇਸ਼ਾ ਗੁਰੂ ਜੀ ਦੇ ਨਾਲ ਰਹੇ।

ਗੁਰੂ ਨਾਨਕ ਦੇਵ ਜੀ ਜਦ ਸੰਸਾਰ ਲਈ ਤੁਰੇ ਤਾਂ ਨਿਰੰਤਰ ਸਾਥ ਨਿਭਾਇਆ ਭਾਈ ਮਰਦਾਨਾ ਨੇ। ਦੇਸ਼-ਦੇਸ਼ਾਂਤਰ 'ਚ ਵਿਚਰ ਕੇ ਲੋਕਾਈ ਦੇ ਦਰਦ ਨੂੰ ਨੇੜਿਓਂ ਤੱਕਿਆ ਤੇ ਦੂਰ ਕੀਤਾ, ਗੁਰੂ ਨਾਨਕ ਦੇਵ ਜੀ ਨੇ। ਇਕ ਪਰਮਾਤਮਾ ਦੀ ਇਬਾਦਤ ਦੇ ਸੰਦੇਸ਼, ਸੁਕ੍ਰਿਤ ਕਰਨ ਤੇ ਮਾਨਵਤਾ ਦੇ ਭਲੇ ਲਈ ਵੰਡ ਛਕਣ ਦੀ ਪਿਰਤ ਪਾਈ, ਗੁਰੂ ਜੀ ਨੇ। ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ ਦਾ ਸੰਦੇਸ਼ ਦੇਣ ਵਾਲੇ ਗੁਰੂ ਨਾਨਕ ਦੇਵ ਜੀ ਨੇ ਜਾਤਾਂ-ਪਾਤਾਂ, ਵਹਿਮਾਂ-ਭਰਮਾਂ, ਛੂਤ-ਛਾਤ ਦਾ ਭਰਮ ਦੂਰ ਕਰਨ ਲਈ ਬਤੌਰ ਰਬਾਬੀ ਭਾਈ ਮਰਦਾਨਾ ਜੀ ਨੂੰ ਸਫ਼ਰਾਂ ਦਾ ਸਾਥੀ ਬਣਾਇਆ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿਨ ਸਿੱਖ ਸਨ ਭਾਈ ਮਰਦਾਨਾ ਜੀ। ਇਸ ਸ਼ਰਧਾ ਪ੍ਰੇਮ ਕਾਰਨ ਹੀ ਸਭ ਤੋਂ ਪਹਿਲਾਂ 'ਭਾਈ' ਪਦਵੀ ਦੇ ਅਧਿਕਾਰੀ ਬਣੇ। ਮਰਦਾਨੇ ਦਾ ਅਰਥ 'ਸੂਰਮਾ' ਵੀ ਗੁਰਬਾਣੀ ਵਿਚ ਆਇਆ ਹੈ। ਜਿਵੇਂ ਸੋਈ ਮਰਦੁ ਮਰਦੁ ਮਰਦਾਨਾ ॥ ਅਸਲ ਵਿਚ ਭਾਈ ਮਰਦਾਨਾ ਜੀ ਸੂਰਬੀਰ ਬਚਨ ਦੇ ਬਲੀ ਸਨ, ਜੋ ਗੁਰੂ ਨਾਨਕ ਦੇਵ ਜੀ ਨਾਲ ਮਰਦਾਂ ਵਾਂਗ ਕੀਤੇ ਬਚਨ ਅਖੀਰ ਤੱਕ ਨਿਭਾਅ ਗਏ। ਭਾਈ ਮਰਦਾਨਾ ਜੀ ਅਜਿਹੀ ਮਹਾਨ ਸ਼ਖ਼ਸੀਅਤ ਸਨ, ਜੋ ਆਪਣੇ-ਆਪ ਨੂੰ ਮਜ਼ਾਕ ਦਾ ਪਾਤਰ ਬਣਾ ਕੇ ਵੀ ਗੁਰਮਤਿ ਦੇ ਗੂਹਜ ਭੇਦਾਂ-ਰਹੱਸਾਂ ਨੂੰ ਪ੍ਰਤੱਖ ਕਰਦੇ ਹਨ। ਗੁਰਮਤਿ ਵਿਚਾਰਧਾਰਾ, ਪਰੰਪਰਾ ਨਾਲ ਸਬੰਧਤ ਬਹੁਤ ਸਾਰੇ ਰਹੱਸ ਭਾਈ ਮਰਦਾਨਾ ਰਾਹੀਂ ਹੀ ਪ੍ਰਗਟ ਹੋਏ ਹਨ। ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ 'ਮਰਦਾਨਾ' ਸ਼ਬਦ ਬੜੇ ਸਤਿਕਾਰ ਨਾਲ ਅੰਕਿਤ ਕੀਤਾ ਹੈ :

ਭਲਾ ਰਬਾਬ ਵਜਾਇੰਦਾ ਮਜਲਸ ਮਰਦਾਨਾ ਮੀਰਾਸੀ। (ਵਾਰ 11:13)

ਧੁਰ ਕੀ ਰੱਬੀ ਬਾਣੀ ਨੂੰ ਰਬਾਬ ਨਾਲ ਗਾਇਨ ਕਰਨ ਸਦਕਾ ਹੀ ਭਾਈ ਮਰਦਾਨਾ ਜੀ ਗੁਰੂ-ਘਰ ਦੇ ਰਬਾਬੀ ਅਤੇ ਰਬਾਬੀ ਪਰੰਪਰਾ ਦੇ ਮੋਢੀ ਸਦਵਾਏ।

ਸੰਸਾਰ ਦਾ ਸਭ ਤੋਂ ਵੱਧ ਖੁਸ਼ਕਿਸਮਤ ਮਾਨਵ ਸੀ ਭਾਈ ਮਰਦਾਨਾ। ਭਾਈ ਮਰਦਾਨਾ ਬੜਾ ਤਕਦੀਰ ਵਾਲਾ ਸੀ, ਜਿਸ ਨੂੰ ਜਗਤ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਿਆਰ, ਮੁਹੱਬਤ, ਦੋਸਤੀ ਪ੍ਰਾਪਤ ਹੋਈ। ਸ੍ਰੀ ਗੁਰੂ ਨਾਨਕ ਦੇਵ ਜੀ ਬ੍ਰਹਿਮੰਡੀ ਸ਼ਖ਼ਸੀਅਤ ਸਨ, ਜੋ ਸਮੇਂ-ਸਥਾਨ ਦੀਆਂ ਸੀਮਾਵਾਂ ਤੋਂ ਸੁਤੰਤਰ ਸਨ। ਭਾਈ ਮਰਦਾਨਾ ਵੀ ਸਾਥੀ ਵਜੋਂ ਨਾਲ ਰਹਿ ਕੇ ਜਾਤ, ਧਰਮ, ਖੇਤਰ, ਰੰਗ, ਨਸਲ ਦੀਆਂ ਦੀਵਾਰਾਂ ਨੂੰ ਤੋੜਦਾ ਹੋਇਆ ਸਾਗਰ ਰੂਪ ਹੋ ਗਿਆ। ਵੇਈਂ ਪ੍ਰਵੇਸ਼ ਉਪਰੰਤ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਸੰਕੇਤਕ-ਸੰਖੇਪ ਉਦੇਸ਼ ਤੇ ਸੰਦੇਸ਼ 'ਨਾ ਹਮ ਹਿੰਦੂ ਨ ਮੁਸਲਮਾਨ' ਮਾਨਵਤਾ ਨੂੰ ਦਿੱਤਾ ਸੀ, ਦਾ ਹੀ ਅਮਲੀ ਪ੍ਰਗਟਾਅ ਭਾਈ ਮਰਦਾਨਾ ਜੀ ਨੇ ਵੀ ਗੁਰੂ ਜੀ ਦਾ ਸੰਗ-ਸਾਥ ਨਿਭਾਉਂਦਿਆਂ ਕੀਤਾ।

ਭਾਈ ਮਰਦਾਨਾ ਨੇ ਘਰ-ਪਰਿਵਾਰ, ਬੱਚਿਆਂ, ਸਾਕ-ਸੰਬੰਧੀਆਂ ਦਾ ਵਿਛੋੜਾ ਝੱਲਿਆ, ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਾਥ ਨਿਭਾਉਣ ਖ਼ਾਤਰ, ਜਿਸ ਦੌਰਾਨ ਪੱਥਰ-ਦਿਲ ਮੋਮ ਬਣਦੇ, ਚੋਰ, ਠੱਗ ਤੇ ਰਾਖਸ਼, ਸਾਧ, ਪ੍ਰਚਾਰਕ ਤੇ ਦੇਵਤੇ ਬਣਦੇ ਤੱਕੇ। ਭਾਈ ਮਰਦਾਨਾ ਨੇ ਬਾਬਰ ਦੇ ਹਮਲੇ ਸਮੇਂ ਭਾਰਤੀ ਲੋਕਾਂ ਦੀ ਹੋਈ ਦੁਰਦਸ਼ਾ ਨੂੰ ਅੱਖੀਂ ਤੱਕਿਆ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਦਿੱਤੇ ਸੱਚ ਸੁਨੇਹੇ ਨੂੰ ਕੰਨੀਂ ਸੁਣਿਆ। ਤਲਵੰਡੀ ਰਾਇ ਭੋਇ, ਸੁਲਤਾਨਪੁਰ ਲੋਧੀ, ਐਮਨਾਬਾਦ, ਚਹੁੰ-ਖੰਡਾਂ ਦੇ ਭ੍ਰਮਣ ਸਮੇਂ ਗੁਰੂ ਜੀ ਦੇ ਸਾਥ ਨੂੰ ਮਾਣਿਆ, ਤੰਗੀਆਂ-ਤੁਰਛੀਆਂ ਨੂੰ ਪਿੰਡੇ 'ਤੇ ਹੰਢਾਇਆ, ਬਿਖੜੇ ਪੈਂਡੇ ਤੈਅ ਕੀਤੇ ਤੇ ਅੰਤ ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕੁ ਜਾਤਿ ਕੈਸੀ ਮੁਤਾਬਕ ਜੀਵਨ ਯਾਤਰਾ ਦੌਰਾਨ ਮੁਹੱਬਤ ਦਾ ਸਫ਼ਰ ਸਫ਼ਲ ਕਰ ਗਏ। ਜੰਗਲਾਂ, ਪਹਾੜਾਂ, ਮਾਰੂਥਲਾਂ, ਬਸਤੀਆਂ, ਸ਼ਹਿਰਾਂ, ਵੱਖ-ਵੱਖ ਰਾਜਾਂ, ਦੇਸ਼ਾਂ, ਦਰਿਆਵਾਂ, ਝੀਲਾਂ, ਝਰਨਿਆਂ, ਉਜਾੜਾਂ, ਬੀਆਬਾਨਾਂ, ਬਾਗ਼ਾਂ-ਬਹਾਰਾਂ, ਹੁਮਸਾਂ, ਤਪਸ਼ਾਂ, ਕੱਕਰਾਂ, ਗਰਮੀਆਂ, ਸਰਦੀਆਂ, ਭੁੱਖਾਂ, ਤਰੇਹਾਂ, ਚੋਰਾਂ, ਠੱਗਾਂ, ਰਾਖਸ਼ਾਂ, ਦੈਂਤਾਂ, ਦੇਵਤਿਆਂ, ਰਾਜਿਆਂ, ਗ਼ਰੀਬ-ਗੁਰਬਿਆਂ ਤੇ ਕਿਰਤੀਆਂ ਆਦਿ ਅਨੇਕਾਂ ਲੋਕਾਂ ਨਾਲ ਵੱਖ-ਵੱਖ ਸਮਿਆਂ ਤੇ ਪ੍ਰਸਥਿਤੀਆਂ 'ਚ ਮੇਲ-ਮਿਲਾਪ ਹੋਇਆ, ਪਰ ਭਾਈ ਮਰਦਾਨਾ ਗੁਰੂ ਕਿਰਪਾ ਸਦਕਾ ਹਰ ਸਮੇਂ ਸਹਿਜ, ਸਤਿ, ਸਬਰ, ਸੰਤੋਖ, ਧੀਰਜ ਦੇ ਧਾਰਨੀ ਰਹੇ। ਦਹਾਕਿਆਂ ਦੇ ਸਫ਼ਰ ਦੌਰਾਨ ਕਿਧਰੇ ਵੀ ਕੋਈ ਮਿੱਤਰਤਾ 'ਚ ਦੂਰੀ-ਦੁਫੇੜ ਨਜ਼ਰ ਨਹੀਂ ਆਉਂਦੀ। ਗੁਰਬਾਣੀ ਅਨੁਸਾਰ : ਸਫਲ ਸਫਲ ਭਈ ਸਫਲ ਜਾਤ੍ਰਾ ॥ ਆਵਣ ਜਾਣ ਰਹੇ ਮਿਲੇ ਸਾਧਾ ॥ (ਪੰਨਾ 687) ਜਿੱਥੇ ਵੀ ਗੁਰੂ ਨਾਨਕ ਸਾਹਿਬ ਬਾਰੇ ਵਿਚਾਰ-ਚਰਚਾ ਹੋਵੇਗੀ, ਉੱਥੇ ਭਾਈ ਮਰਦਾਨਾ ਦਾ ਵੀ ਨਾਲ ਜ਼ਿਕਰ ਆਉਂਦਾ ਰਹੇਗਾ। ਮਹਿਸੂਸ ਹੁੰਦਾ ਹੈ ਕਿ ਲੰਮੇ ਸਫ਼ਰਾਂ ਦੀ ਸੰਗਤ ਸਦਕਾ ਭਾਈ ਮਰਦਾਨਾ ਦੀ ਜ਼ੁਬਾਨ 'ਤੇ ਕੇਵਲ ਦੋ ਸ਼ਬਦ ਹੀ ਸਦਾ ਰਹਿੰਦੇ ਹੋਣਗੇ-'ਸਤਿ ਬਚਨ' ਅਤੇ 'ਸਤਿ ਕਰਤਾਰ' ਕਹਿੰਦਿਆਂ ਮੁਹੱਬਤ ਦਾ ਸਫ਼ਲਾ ਕਰ ਗਏ ਭਾਈ ਮਰਦਾਨਾ ਜੀ। -

**ਡਾ.ਰੂਪ ਸਿੰਘ**

# ਸਚੈ ਮਾਰਗਿ ਚਲਦਿਆਂ ਉਸਤਤਿ ਕਰੈ ਜਹਾਨੁ ਸੇਵਾ ਸੁਸਾਇਟੀ

**ਪਿੰਡ ਫਿਰੋਜ਼ਸ਼ਾਹ (ਜ਼ਿਲ੍ਹਾ ਫਿਰੋਜ਼ਪੁਰ)** ਮੁੱਖ ਸੇਵਾਦਾਰ ਬਾਬਾ ਹਰਜਿੰਦਰ ਸਿੰਘ ਫਿਰੋਜ਼ਸ਼ਾਹ ਮੋ: 98785-40570

## ਸੱਚਖੰਡ ਵਾਸੀ ਸੰਤ ਬਾਬਾ ਅਮਰਜੀਤ ਸਿੰਘ ਜੀ ਦੀ ਯਾਦ ਨੂੰ ਸਮਰਪਿਤ

# 16ਵਾਂ ਸਲਾਨਾ ਧਾਰਮਿਕ ਸਮਾਗਮ







## 11 ਗਰੀਬ ਅਤੇ ਲੋੜਵੰਦ ਲੜਕੀਆਂ ਦੇ ਸਮੂਹਿਕ ਅਨੰਦ ਕਾਰਜ

**ਮਿਤੀ 15 ਦਸੰਬਰ 2019 ਦਿਨ ਐਤਵਾਰ (30 ਮੱਘਰ)**
**ਸ਼ੁਭ ਅਨੰਦ ਕਾਰਜ ਦੀ ਰਸਮ ਦੁਪਹਿਰ 1:15 ਵਜੇ**

## ਸਥਾਨ : ਪਿੰਡ ਫਿਰੋਜ਼ਸ਼ਾਹ (ਜ਼ਿਲ੍ਹਾ ਫਿਰੋਜ਼ਪੁਰ)

ਵਿਖੇ ਬੜੀ ਸ਼ਰਧਾ ਅਤੇ ਭਾਵਨਾ ਨਾਲ ਕੀਤੇ ਜਾ ਰਹੇ ਹਨ। ਇਹ ਸਮਾਗਮ ਸਮੂਹ ਸਾਧ-ਸੰਗਤ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ। ਸਹਿਯੋਗ ਭੇਜਣ ਦੇ ਲਈ

ਖਾਤਾ ਨੰ: HDFC Bank, Branch : Ghal Khurd, A/c No. 50100038874475, IFSC : 0003452

**ਆਸ਼ੀਰਵਾਦ ਦੇਣ ਲਈ ਪਹੁੰਚ ਰਹੇ ਮਹਾਂਪੁਰਸ਼**

ਸੰਤ ਰਿਸ਼ੀ ਰਾਮ
ਸੰਤ ਬਾਬਾ ਰੇਸ਼ਮ ਸਿੰਘ

**ਮੁੱਖ ਮਹਿਮਾਨ**

ਅਮਰਿੰਦਰ ਸਿੰਘ (ਰਾਜਾ ਵੜਿੰਗ) · ਅਨੀਸ਼ ਸਿਡਾਨਾ · ਸਤਿਕਾਰ ਕੌਰ ਗਹਿਰੀ · ਜਸਮੇਲ ਸਿੰਘ (ਲਾਡੀ ਗਹਿਰੀ) · ਕੁਲਵੰਤ ਰਾਏ ਕਟਾਰੀਆ · ਬੀਬੀ ਮਨਪ੍ਰੀਤ ਕੌਰ

1) ਵਿਆਹ ਵਾਲੀਆਂ ਲੜਕੀਆਂ ਦੇ ਨਾਮ ਦਰਜ ਕਰਵਾਉਣ ਦੀ ਅੰਤਿਮ ਮਿਤੀ 1 ਨਵੰਬਰ ਤੋਂ 1 ਦਸੰਬਰ ਤੱਕ ਹੋਵੇਗੀ।
2) ਲੜਕੀਆਂ ਦੀ ਉਮਰ 18 ਸਾਲ ਤੋਂ ਉਪਰ ਹੋਣੀ ਚਾਹੀਦੀ ਹੈ।
3) ਵਿਆਹ ਵਾਲੀਆਂ ਲੜਕੀਆਂ ਨੂੰ ਲੋੜੀਂਦਾ ਸਮਾਨ ਮੌਕੇ ਤੇ ਹੀ ਦਿੱਤਾ ਜਾਵੇਗਾ, ਜਿਸ ਵਿੱਚ ਪੇਟੀ, ਬੈੱਡ, ਬਿਸਤਰੇ, ਕੁਰਸੀਆਂ, ਮੇਜ, ਸਟੈਂਡ ਵਾਲਾ ਪੱਖਾ, ਬਰਤਨ ਭਾਂਡੇ, ਸੂਟ ਕੱਪੜੇ, ਲੜਕੀਆਂ ਨੂੰ ਪਜੇਬਾਂ, ਲੜਕੇ ਅਤੇ ਲੜਕੀ ਨੂੰ ਘੜੀ ਪਾਈ ਜਾਵੇਗੀ।

## ਗੁਰੂ ਕਾ ਲੰਗਰ ਅਤੁੱਟ ਵਰਤੇਗਾ

**ਵਿਸ਼ੇਸ਼ ਸਹਿਯੋਗੀ**

**ਵਿਸ਼ੇਸ਼ ਸਹਿਯੋਗੀ NRI**

ਹਰਪ੍ਰੀਤ ਕੌਰ ਵਿਰਕ USA · ਮਨਪ੍ਰੀਤ ਕੌਰ · ਹਰਜੀਤ ਕੌਰ ਸੰਧੂ

**ਲੜਕੀਆਂ ਨੂੰ ਆਸ਼ੀਰਵਾਦ ਦੇਣ ਲਈ ਪਹੁੰਚ ਰਹੇ ਪੰਜਾਬੀ ਲੋਕ ਗਾਇਕ ਅਤੇ ਗੀਤਕਾਰਾਂ ਦਾ ਵਿਸ਼ੇਸ਼ ਸਨਮਾਨ**

ਸਾਬ੍ਹ ਪਨਗੋਟਾ ਗੀਤਕਾਰ · ਜੇਰਾ ਗਿੱਲ ਮਹਿਣਾ ਗੀਤਕਾਰ · ਹਰਮਿਲਾਪ ਗਿੱਲ ਪੰਜਾਬੀ ਲੋਕ ਗਾਇਕ · ਜੱਸ ਸਿੱਧੂ ਪੰਜਾਬੀ ਲੋਕ ਗਾਇਕ

**ਸਹਿਯੋਗੀ ਸੱਜਣ**

**ਸਟੇਜ ਸੈਕਟਰੀ**
ਗੁਰਪ੍ਰੀਤ ਸਿੰਘ

STAR WORLD IMMIGRATION CONSULTANT
Mb. 98148-46333
ਵਿਦੇਸ਼ ਜਾਣ ਲਈ ਮਿਲੋ।
Harindra Nagar, Near Gate of Gurdwara Sahib, Kotkapura Road, FARIDKOT

**ਵਿਸ਼ੇਸ਼ ਸਹਿਯੋਗੀ ਪਿੰਡ ਫਿਰੋਜ਼ਸ਼ਾਹ**

ਸੰਪਰਕ ਬਾਬਾ ਜੀ 98785-40570
ਡਾ. ਜੇ.ਐਸ. ਸੀਰਾ (ਚੱਕ ਸੈਦੋਕੇ) 62807-45635
ਹਰਬੰਸ ਸਿੰਘ ਸੋਨਾ (ਸਾਦਿਕ) 98147-28134
ਡਾ. ਓਮ ਪ੍ਰਕਾਸ਼ ਹਿਸਾਨਵਾਲਾ 98778-60071



ਮੁੱਖ ਸੇਵਾਦਾਰ: ਬਾਬਾ ਹਰਜਿੰਦਰ ਸਿੰਘ ਫਿਰੋਜ਼ਸ਼ਾਹ

*ਜੂਨ 84 ਤੋਂ ਨਵੰਬਰ 84 ਦੇ ਇਤਿਹਾਸਕ ਮੋੜ ਨੇ ਸਿੱਖ ਕੌਮ ਨੂੰ ਇਕ ਨਵਾਂ ਰਾਹ ਪ੍ਰਦਾਨ ਕੀਤਾ ਹੈ, ਜਿਥੋਂ ਉਸ ਨੂੰ ਆਪਣੀ ਮੰਜ਼ਲ ਦਿਸ ਪਈ ਹੈ। ਉਸ ਨੂੰ ਆਪਣੀ ਸੁਰੱਖਿਅਤਾ ਤੇ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਦਾ ਹੱਲ ਦਿਸ ਪਿਆ ਹੈ। ਹੁਣ ਲੋੜ ਹੈ ਕਿ ਇਹਨਾਂ ਪਲਾਂ ਨੂੰ ਆਪਣਿਆਂ ਹਿਰਦਿਆਂ ਵਿਚ ਸੰਭਾਲ ਕੇ ਆਪਣੇ ਰਾਹ ਰੌਸ਼ਨ ਰੱਖਿਆ ਜਾਵੇ ਤੇ ਮੰਜ਼ਲ ਵੱਲ ਵਹੀਰਾਂ ਘੱਤੀਆਂ ਜਾਣ। ਇਸ ਇਤਿਹਾਸਕ ਮੋੜ ਨੇ ਹੀ ਬਹੁਤ ਸਾਰੇ ਭਟਕੇ ਹੋਏ ਸਿੱਖਾਂ ਤੇ ਬਹੁਤ ਸਾਰੇ ਬੁੱਧੀਜੀਵੀਆਂ ਦੀ ਸੋਚ ਨੂੰ ਪਲਟਾ ਦਿੱਤਾ ਹੈ ਤੇ ਉਹ ਇਹ ਸੋਚਣ ਲਈ ਮਜ਼ਬੂਰ ਹੋ ਗਏ ਹਨ ਕਿ ਕੀ ਅਜਿਹੇ ਵਰਤਾਰੇ ਵਿਚ ਸਿੱਖਾਂ ਦੀ ਹੋਂਦ ਤੇ ਸਿੱਖੀ ਸਿਧਾਂਤ ਬਚੇ ਰਹਿ ਸਕਦੇ ਹਨ, ਤੇ ਕੀ ਸਿੱਖਾਂ ਤੇ ਪੰਜਾਬੀਆਂ ਦੀ ਅਣਖ ਸਿਰ ਉੱਚਾ ਕਰਕੇ ਜਿਉ ਸਕਦੀ ਹੈ? ਇਹਨਾਂ ਸਾਰੇ ਸਵਾਲਾਂ ਦੇ ਜਵਾਬ ਹੁਣ ਲੱਭਣੇ ਨਹੀਂ ਪੈ ਰਹੇ, ਦਿਸ ਰਹੇ ਹਨ, ਮੂੰਹੋਂ ਬੋਲ ਰਹੇ ਹਨ, ਉਹਨਾਂ ਨੂੰ ਆਪ ਮੁਹਾਰੇ ਫੁਰ ਰਹੇ ਹਨ।*

# ਨਵੰਬਰ 1984

## ਸਿੱਖਾਂ ਨਾਲ ਜੋ ਵਾਪਰਿਆ

## ਇਤਿਹਾਸ ਦੇ ਡੂੰਘੇ ਜ਼ਖਮ



?ਲਗਾਤਾਰ 1947 ਤੋਂ ਸ਼ੁਰੂ ਹੋਇਆ ਹਿੰਦੋਸਤਾਨ ਦੀ ਸਰਕਾਰ ਵਲੋਂ ਸਿੱਖ ਕੌਮ ਨਾਲ ਨਾ ਇਨਸਾਫੀ ਦਾ ਦੌਰ ਜੋ ਅੱਜ ਤੱਕ ਚਲ ਰਿਹਾ ਹੈ ?ਅੱਜ ਵੀ ਜੂਨ 1984 ਤੋਂ ਲੈ ਕੇ ਨਵੰਬਰ 1984 ਤੱਕ ਦਾ ਛੇ ਮਹੀਨਿਆਂ ਦਾ ਸਫਰ ਸਿੱਖ ਕੌਮ ਲਈ ਇਕ ਆਤਮਿਕ ਦੁਖਾਂਤ ਹੈ, ਜਿਸ ਦੌਰਾਨ ਉਸ ਨੇ ਆਪਣੇ ਸਰਵਉੱਚ ਧਾਰਮਿਕ ਅਸਥਾਨ ਸ੍ਰੀ ਦਰਬਾਰ ਸਾਹਿਬ ਉੱਤੇ 'ਭਾਰਤ' ਦੇਸ਼ ਦੀਆਂ ਫੌਜਾਂ ਵਲੋਂ ਕੀਤੇ ਹਮਲੇ ਤੋਂ ਲੈ ਕੇ 'ਆਪਣੀਆਂ' ਹੀ ਫੋਰਸਾਂ ਦੀ 'ਨਿਗਰਾਨੀ' ਹੇਠ ਆਤਮ-ਨਿਰਭਰਤਾ ਤੋਂ ਸੱਖਣੇ ਲੋਕਾ ਵਲੋਂ ਕਤਲੇਆਮ ਦਾ ਸੰਤਾਪ ਹੰਡਾਇਆ ਹੈ। ਨਵੰਬਰ 1984 ਤੋਂ ਬਾਅਦ ਅੱਜ ਤੱਕ ਸਿੱਖ ਕੌਮ, ਭਾਰਤੀ ਢਾਂਚੇ ਵਲੋਂ ਮਿਲੇ ਅਨਿਆਂ ਤੇ ਬੇਇਨਸਾਫੀਆਂ ਨਾਲ ਘੁਲਦੀ ਆ ਰਹੀ ਹੈ। ਦੋ ਦਹਾਕੇ ਬੀਤ ਜਾਣ ਮਗਰੋਂ ਵੀ ਭਾਰਤੀ ਹਾਕਮਾਂ ਤੇ ਅਦਾਲਤੀ ਢਾਂਚਾ ਉਸ ਨੂੰ ਕੋਈ ਨਿਆਂ, ਇਨਸਾਫ ਦੇਣ ਤੋਂ ਅਸਲੋਂ ਮੁਨਕਰ ਰਿਹਾ ਹੈ।

ਅੱਜ ਤੱਕ ਨਾ 1978 , 1984 ਜਾਂ ਪੰਜਾਬ ਵਿੱਚ ਹੋਏ ਹਜ਼ਾਰਾਂ ਝੂਠੇ ਮੁਕਾਬਲਿਆਂ ਵਿੱਚ ਮਾਰੇ ਗਏ ਨੌਜਵਾਨਾਂ , ਬੱਚੇ , ਮਾਵਾਂ ਭੈਣਾਂ ਅਤੇ ਬਜ਼ੁਰਗਾਂ ਦੇ ਪਰਿਵਾਰਾਂ ਨੂੰ ਪੂਰੀ ਤਰਾਂ ਇਨਸਾਫ ਮਿਲਿਆ ਹੈ ਅਤੇ ਨਾ ਹੀ ਕੋਈ ਇਨਸਾਫ ਮਿਲਣ ਦੀ ਉਮੀਦ ਹੈ । ਹੱਦ ਤੋਂ ਵੱਧ ਇਸ ਗੱਲ ਤੇ ਹੋ ਜਾਂਦੀ ਹੈ ਜਦੋਂ ਸਾਡੇ ਹੀ ਲੋਕਾਂ ਵਲੋਂ ਬਣਾਏ ਹੋਏ ਲੀਡਰ ਸਭ ਤੋਂ ਵੱਧ ਧੋਖਾ ਦੇ ਜਾਂਦੇ ਹਨ । ?

ਸਾਬਕਾ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਜਿਨ੍ਹਾਂ ਨੇ ਬਾਹਰਲੇ ਦੇਸ਼ਾਂ ਵਿੱਚ ਘੁੰਮਣ ਦਾ ਰਿਕਾਰਡ ਬਣਾਇਆ ਹੋਇਆ ਸੀ ਉਨ੍ਹਾਂ ਕੋਲ ਸਿੱਖ ਵਿਧਵਾਵਾਂ ਲਈ ਟਾਇਮ ਨਹੀਂ ਸੀ ਜੋ ਕਿ ਵਿਚਾਰੀਆਂ ਸਾਰੇ ਕੰਮ ਕਾਰ ਛੱਡ ਕਿ ਇਸ ਉਮੀਦ ਨਾਲ ਆਈਆਂ ਸਨ ਕਿ ਜਥੇਦਾਰ ਸਾਹਿਬ ਸਾਡੀ ਲੜਾਈ ਮੂਹਰੇ ਹੋ ਕਿ ਲੜਨਗੇ । ਅਖੌਤੀ ਜਥੇਦਾਰ ਸਾਹਿਬ ਨੇ ਲੜਾਈ ਤਾਂ ਕੀ ਲੜਨੀ ਸੀ ਵਿਧਵਾਵਾਂ ਨੂੰ ਮਿਲਣਾ ਵੀ ਮੁਨਾਸਿਬ ਨਾ ਸਮਝਿਆ ਸੀ

ਜੂਨ 1984 ਵਿਚ ਵਰਤਾਏ ਤੀਜੇ ਘੱਲੂਘਾਰੇ ਦੇ ਜ਼ਖਮਾਂ ਦੀ ਅਸਹਿ ਪੀੜ ਨੂੰ ਸਿੱਖ ਕੌਮ ਅਤੇ ਮਾਨਵਵਾਦੀ ਤੱਤਾਂ ਨੇ ਬੜੀ ਸ਼ਿੱਦਤ ਨਾਲ ਹੰਡਾਇਆ ਪਰ ਇਹ ਪੀੜ ਸਿੱਖ ਮਨਾਂ ਲਈ ਨਿਰੰਤਰ ਇਕ ਚੀਸ ਦਾ ਰੂਪ ਧਾਰਨ ਕਰ ਗਈ ਹੈ। ਇਹ ਇਕ ਅਜਿਹਾ ਇਤਿਹਾਸਕ ਮੋੜ ਸੀ ਜਿਥੋਂ ਸਿੱਖ ਕੌਮ ਨੇ ਆਪਣੇ ਪਿਛੋਕੜ 'ਤੇ ਝਾਤ ਮਾਰਨ ਦੇ ਨਾਲ ਨਾਲ ਆਪਣੇ ਭਵਿੱਖ ਦਾ ਰਾਹ ਵੀ ਵੇਖਣਾ ਤੇ ਅਖਤਿਆਰ ਕਰਨਾ ਸੀ। ਜੂਨ ਦੇ ਇਸ ਰੂਹਾਨੀ ਦੁਖਾਂਤ ਤੋਂ ਛੇ ਮਹੀਨੇ ਬਾਅਦ ਹੀ ਸਿੱਖ ਕੌਮ ਨੂੰ ਕਤਲੇਆਮ ਦਾ ਜ਼ੁਲਮ ਭੋਗਣਾ ਪਿਆ। ਇਹ ਵਰਤਾਰਾ ਦਿੱਲੀ ਸਮੇਤ ਦੇਸ਼ ਦੇ 108 ਸ਼ਹਿਰਾਂ ਵਿਚ ਵਾਪਰਿਆ। ਪਰ ਦੇਸ਼ ਦੀ ਰਾਜਧਾਨੀ ਦਿੱਲੀ ਦਾ ਸਿੱਖ ਕਤਲੇਆਮ, ਸਿੱਖ ਵਿਰੋਧੀ ਤਾਕਤਾਂ ਲਈ ਅਤੇ ਸਿੱਖਾਂ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ। ਦੇਸ਼ ਦੀ ਰਾਜਧਾਨੀ ਵਿਚ ਦੇਸ਼ ਦੇ ਰਖਵਾਲਿਆਂ ਦੀ ਨਿਗਰਾਨੀ ਹੇਠ ਜਿੱਥੇ ਹਕੂਮਤ ਵਿਚ ਭਾਈਵਾਲ ਉੱਘੇ ਆਗੂਆਂ ਨੇ ਆਪਣੇ ਜਨੂੰਨ ਤੇ ਆਪਣੀ ਤਾਕਤ ਦਾ ਮੁਜ਼ਾਹਰਾ ਕਰਕੇ ਸਿੱਖ ਕੌਮ ਨੂੰ ਇਹ ਵੰਗਾਰ ਪਾਈ ਕਿ ਉਹ ਸਿੱਖ ਕੌਮ ਨੂੰ ਦਰੜ ਕੇ ਰੱਖ ਦੇਣ ਦੀ ਹਿੰਮਤ ਰੱਖਦੇ ਹਨ, ਉੱਥੇ ਸਿੱਖ ਕੌਮ ਲਈ ਇਹ ਤੱਥ ਉੱਘੜ ਕੇ ਸਾਹਮਣੇ ਆਇਆ ਕਿ ਦੇਸ਼ ਵਿਚ ਉਹਨਾਂ ਦੀ ਸੁਰੱਖਿਆ ਲਈ ਬਹੁੜਨ ਵਾਲਾ ਕੋਈ ਨਹੀਂ ਹੈ। ਸੁਚੇਤ ਹੋਈ ਸਿੱਖ ਕੌਮ ਨੇ ਆਪਣੀ ਅਸੁਰੱਖਿਅਤਾ ਦੀ ਦੁਹਾਈ ਵੀ ਪਾਈ ਤੇ ਅਦਾਲਤੀ ਢਾਂਚੇ ਕੋਲੋਂ ਨਿਆਂ ਦੀ ਮੰਗ ਵੀ ਕੀਤੀ, ਪਰ ਬ੍ਰਾਹਮਣਵਾਦੀ ਤਾਕਤਾਂ ਦੇ ਇਸ਼ਾਰਿਆਂ 'ਤੇ ਚਲਣ ਵਾਲੀਆਂ ਅਦਾਲਤਾਂ ਵਲੋਂ ਸਿਵਾਏ ਖੱਜਲ-ਖੁਆਰੀ ਦੇ ਕੁੱਝ ਵੀ ਨਾ ਮਿਲ ਸਕਿਆ।ਪੁਲੀਸ ਫੋਰਸਾਂ ਦੇ ਪਹਿਰੇ ਹੇਠ ਜਨੂੰਨੀ ਹਿੰਦੂਆਂ ਨੇ ਸਿੱਖਾਂ ਦੇ ਗਲਾਂ ਵਿਚ ਟਾਇਰ ਪਾ ਪਾ ਕੇ ਅੱਗਾਂ ਲਾਈਆਂ, ਸਿੱਖ ਧੀਆਂ ਦੀ ਬੇਪੱਤੀ ਕੀਤੀ, ਕਾਰੋਬਾਰਾਂ ਦੀ ਲੁੱਟ ਮਚਾਈ, ਬਜ਼ੁਰਗਾਂ ਤੇ ਬੱਚਿਆਂ 'ਤੇ ਜ਼ੁਲਮ ਢਾਹੇ। ਹਕੂਮਤ ਦੇ ਕਪਟੀ ਮਨਸ਼ਿਆਂ ਅਨੁਸਾਰ ਸਰਕਾਰੀ ਮਸ਼ੀਨਰੀ ਦੇ ਪੁਰਜਿਆਂ, ਜਗਦੀਸ਼ ਟਾਈਟਲਰ, ਭਜਨ ਲਾਲ, ਐਚ.ਕੇ.ਐਲ. ਭਗਤ, ਸੱਜਣ ਕੁਮਾਰ, ਅਰਜਨ ਦਾਸ, ਧਰਮ ਦਾਸ ਸ਼ਾਸਤਰੀ ਜਿਹੇ ਸਿੱਖ ਵਿਰੋਧੀਆਂ ਨੇ ਜਨੂੰਨ ਦੀ ਅੱਗ ਨੂੰ ਬੜਾਵਾ ਦਿੱਤਾ ਤੇ ਸਿੱਖਾਂ ਦਾ ਜਾਨੀ ਮਾਲੀ ਨੁਕਸਾਨ ਕਰਨ ਤੇ ਉਹਨਾਂ ਦੀ ਇੱਜ਼ਤ ਦਾ ਖਿਲਵਾੜ ਕਰਨ ਲਈ ਹਿੰਦੂ ਅੱਤਵਾਦ ਨੂੰ ਫੈਲਾਇਆ। ਇਸ ਸਮਰਥਨ ਭਰਪੂਰ ਕਤਲੇਆਮ ਨੂੰ ਭਾਰਤੀ ਮੀਡੀਆ ਨੇ 'ਦਿੱਲੀ ਦੰਗਿਆਂ' ਦਾ ਨਾਂ ਦਿੱਤਾ। ਦੁਨੀਆਂ ਵਿਚ ਜਮਹੂਰੀਅਤ ਦਾ ਦਾਅਵਾ ਕਰਨ ਵਾਲਿਆਂ ਤੇ ਵੱਡੇ ਜੁਡੀਸ਼ਰੀ ਸਿਸਟਮ ਦੀਆਂ ਟਾਹਰਾ ਮਾਰਨ ਵਾਲਿਆਂ ਨੇ ਸਿੱਖ ਕਤਲੇਆਮ ਦੇ ਮੁੱਖ ਦੋਸ਼ੀਆਂ ਦਾ ਵਾਲ ਵੀ ਵਿੰਗਾ ਨਾ ਹੋਣ ਦਿੱਤਾ, ਸਗੋਂ ਇਸ ਤੋਂ ਵੱਧ ਉਹਨਾਂ ਨੂੰ ਕਮਿਸ਼ਨ-ਦਰ-ਕਮਿਸ਼ਨ ਵਾਲੀ ਚਾਣਕੀਆ ਨੀਤੀ 'ਤੇ ਚਲਦਿਆਂ ਇਨਸਾਫ ਲਈ ਭਟਕਦੇ ਰਹਿਣ ਲਈ ਮਜ਼ਬੂਰ ਕਰ ਦਿੱਤਾ।

ਭਾਰਤ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਵਾਪਰਿਆ ਸੀ ਕਿ ਆਪਣੀ ਸੁਰੱਖਿਆ ਲਈ ਸਿੱਖਾਂ 'ਤੇ ਨਿਰਭਰ ਰਹਿਣ ਵਾਲੇ ਹਿੰਦੂਆਂ ਨੇ ਸਰਕਾਰੀ ਸ਼ਹਿ ਦੇ ਬਲਬੂਤੇ ਅਤੇ ਦੇਸ਼ ਦੇ ਹਾਕਮਾਂ ਦੀ ਮਿਲੀਭੁਗਤ ਨਾਲ ਸਿੱਖ ਕੌਮ 'ਤੇ ਆਪਣੀ ਵਹਿਸ਼ੀਆਨਾ ਜ਼ੋਰ ਅਜ਼ਮਾਈ ਕੀਤੀ। ਇਹ ਪਹਿਲਾ ਮੌਕਾ ਸੀ ਜਦੋਂ 'ਆਜ਼ਾਦ' ਭਾਰਤ ਵਿਚ ਸਿੱਖਾਂ ਨੇ 'ਆਜ਼ਾਦ' ਹਿੰਦੂਆਂ ਹੱਥੋਂ ਆਪਣੀ ਪੱਤ ਰੁਲਦੀ ਵੇਖੀ ਸੀ। ਸਭ ਤੋਂ ਵੱਡਾ ਦੁਖਾਂਤ ਸਿੱਖਾਂ ਲਈ ਇਹ ਸੀ ਕਿ ਕੌਮ ਦੀ ਅਣਖ ਤੇ ਪੱਤ ਨਾਲ ਖੇਡਣ ਵਾਲੇ ਉਹ ਲੋਕ ਸਨ ਜੋ ਕਦੇ ਆਪਣੀ ਇੱਜਤ ਲਈ ਸਿੱਖਾਂ ਅੱਗੇ ਲੇਲੜੀਆਂ ਕੱਢਦੇ ਹੁੰਦੇ ਸਨ। ਜਨੂੰਨ ਵਿਚ ਆਏ ਹਿੰਦੂਆਂ ਨੇ ਆਪਣੀ ਤਾਕਤ ਦਾ ਮੁਜ਼ਾਹਰਾ ਕੀਤਾ, ਪਰ ਉਹਨਾਂ ਦੇ ਜ਼ੁਲਮਾਂ ਵਿਚ ਉਹਨਾ ਦੀ ਹੀਣ-ਭਾਵਨਾ ਤੇ ਅੰਦਰੂਨੀ ਸੱਖਣਤਾ ਪ੍ਰਬਲ ਰੂਪ ਵਿਚ ਝਲਕ ਰਹੀ ਸੀ। ਹਕੂਮਤ ਦਾ ਨਸ਼ਾ ਉਹਨਾਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਸੀ ਤੇ ਉਹਨਾਂ ਨੂੰ ਵਕਤ ਨੇ ਆਪਣੀ ਇਤਿਹਾਸਕ ਹਾਰ ਨੂੰ ਜਿੱਤ ਵਿਚ ਬਦਲਣ ਦਾ ਇਹ ਅਹਿਮ ਮੌਕਾ ਬਖਸ਼ਿਆ ਸੀ। ਆਪਣੀ ਇਸ ਨਿਗੂਣੀ ਜਿੱਤ ਦੀਆਂ ਇਹ ਲੋਕ ਲਗਾਤਾਰ ਖੁਸ਼ੀਆਂ ਮਨਾਉਂਦੇ ਆ ਰਹੇ ਸਨ ਤੇ ਸਰਕਾਰਾਂ ਦੀ ਛਤਰਛਾਇਆ ਹੇਠ ਆਪਣੇ ਜਸ਼ਨਾਂ ਵਿਚ 'ਦੇਸ਼-ਭਗਤ' ਹੋਣ ਦਾ ਢੌਂਗ ਰਚਦਿਆਂ ਇਹਨਾ ਕਦੇ ਵੀ ਸ਼ਰਮ ਮਹਿਸੂਸ ਨਹੀਂ ਕੀਤੀ। ਉਹਨਾਂ ਦੀਆਂ ਕਲੰਕਤ ਹੋਈਆਂ ਜ਼ਮੀਰਾਂ ਵੀ ਉਹਨਾਂ ਦੇ ਇਸ ਨਸ਼ੇ ਨੂੰ ਨਹੀਂ ਉਤਾਰ ਸਕੀਆਂ। ਉਹਨਾਂ ਦੇ ਦਾਗੀ ਕਿਰਦਾਰ, ਸਿੱਖੀ ਸਿਧਾਂਤਾਂ ਵਿਰੁੱਧ ਕੰਮ ਕਰ ਰਹੀ ਸਰਕਾਰੀ ਮਸ਼ੀਨਰੀ ਵਿਚ ਅਹਿਮ ਪੁਰਜ਼ਿਆਂ ਵਾਂਗ ਫਿੱਟ ਹੋ ਗਏ ਜਾਪਦੇ ਹਨ।

ਭਾਵੇਂ ਕਿ ਸਿੱਖੀ ਨੂੰ ਖੋਰਾ ਲਾਉਣ ਤੇ ਸਿੱਖਾਂ ਦੀ ਅਣਖ ਨੂੰ ਪੈਰੀਂ ਪਾਉਣ ਦੀਆਂ ਵਿਉਂਤਾਂ 1947 ਤੋਂ ਬਾਅਦ ਹੀ ਆਪਣੀ ਧਾਰਾ ਵਿਚ ਵਹਿ ਤੁਰੀਆਂ ਸਨ, ਪਰ ਨਵੰਬਰ 84 ਦੇ ਸਿੱਖ ਕਤਲੇਆਮ ਦੇ ਸੰਦਰਭ ਵਿਚ ਸਿੱਖਾਂ ਵਿਰੁੱਧ ਕੰਮ ਕਰ ਰਹੀਆਂ ਬ੍ਰਾਹਮਣਵਾਦੀ ਤਾਕਤਾਂ ਦਾ ਪਰਦਾ ਫਾਸ਼ ਹੋਇਆ ਹੈ, ਜਦੋਂ ਸਿੱਖਾਂ ਵਿਰੁੱਧ ਜ਼ਹਿਰ ਉਗਲ ਰਹੀਆਂ ਇਹਨਾਂ ਤਾਕਤਾਂ ਨੂੰ ਸਿੱਖਾਂ ਦਾ ਸ਼ਿਕਾਰ ਕਰਨ ਦਾ ਮੌਕਾ ਨਸੀਬ ਹੋਇਆ ਸੀ। ਦੂਜੇ ਪਾਸੇ ਇਸ ਮੌਕੇ ਸਿੱਖ ਕੌਮ ਦੇ ਅਵੇਸਲੇਪਣ ਤੇ ਆਪਣੀ ਜੰਗਜੂ ਬਿਰਤੀ ਨੂੰ ਬਾਣੀਆ ਮਾਰਕਾ ਬਿਰਤੀ ਵੱਲ ਝੁਕਾਅ ਦਾ ਤੱਥ ਵੀ ਸਾਹਮਣੇ ਆਇਆ, ਖਾਸ ਕਰਕੇ ਸਿੱਖ ਵਪਾਰੀ ਵਰਗ ਵਿਚ। ਦਿੱਲੀ ਵਿਚ ਸਿੱਖਾਂ ਦੇ ਘਰਾਂ 'ਤੇ ਚੜ੍ਹ ਕੇ ਆਈਆਂ ਹਿੰਦੂ ਅੱਤਵਾਦੀਆਂ ਦੀਆਂ ਭੀੜਾਂ ਨੂੰ ਸਿੱਖਾਂ ਵਲੋਂ ਉਸ ਵਿਰੋਧ ਤੇ ਟਕਰਾਅ ਦਾ ਸਾਹਮਣਾ ਨਹੀਂ ਕਰਨਾ ਪਿਆ, ਜਿਸ ਦੀ ਸਿੱਖਾਂ ਤੋਂ ਆਸ ਕੀਤੀ ਜਾ ਸਕਦੀ ਸੀ। ਸਿੱਖੀ ਦੀ ਆਨ-ਸ਼ਾਨ ਅਤੇ ਇੱਜ਼ਤ ਤੇ ਅਣਖ ਨਾਲ ਜਿਊਣ ਮਰਨ ਵਾਲਾ ਸਿੱਖ ਕਿਰਦਾਰ ਜੇ ਇਹਨਾਂ ਜਨੂੰਨੀਆਂ ਨੂੰ ਦਿੱਲੀ ਦੀਆਂ ਗਲੀਆਂ ਵਿਚ ਟੱਕਰਦਾ ਤਾਂ ਕਹਾਣੀ ਕੁਝ ਹੋਰ ਹੁੰਦੀ। ਦੇਸ਼ ਦੇ ਹਾਕਮਾਂ ਦੀਆਂ ਲੰਮੇ ਸਮੇਂ ਤੋਂ ਚੱਲ ਰਹੀਆਂ ਨੀਤੀਆਂ ਨੂੰ ਨਾ ਸਮਝ ਸਕਣ ਅਤੇ ਆਪਣੀ ਵਿਲੱਖਣਤਾ ਤੋਂ ਅਵੇਸਲੇਪਣ ਕਾਰਨ ਕੌਮ ਨੂੰ ਭਾਰੀ ਕੀਮਤ ਚੁਕਾਉਣੀ ਪਈ ਹੈ।

ਇਹ ਸਭ ਕੁਝ ਉਸ ਨਗਰੀ ਵਿਚ ਵਾਪਰਿਆ ਜਿੱਥੇ ਸਾਹਿਬ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਹਿੰਦੂ ਧਰਮ ਵਿਚ ਵਿਸ਼ਵਾਸ ਰੱਖਣ ਵਾਲਿਆਂ ਦੀ ਆਜ਼ਾਦੀ ਲਈ, ਮਾਨਵੀ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਸੀਸ ਕਟਵਾਇਆ ਸੀ। ਸਿੱਖੀ ਸਿਧਾਂਤਾਂ ਦੀਆਂ ਵਿਰੋਧੀ ਬ੍ਰਾਹਮਣੀ ਤਾਕਤਾਂ ਜਿਥੇ ਅਹਿਸਾਨਫਰਾਮੋਸ਼ੀ ਦਾ ਰੱਜ ਕੇ ਦਿਖਾਵਾ ਕਰ ਰਹੀਆਂ ਹਨ, ਉੱਥੇ ਆਪਣੇ ਮਨਸ਼ੇ ਤੇ ਮੰਤਵ ਨੂੰ ਅੱਗੇ ਵਧਾਉਣ ਲਈ ਹਰ ਪੱਖ ਤੋਂ ਆਪਣਾ 'ਕਾਰਜ-ਕਰਮ' ਪੂਰੀ ਦ੍ਰਿੜ੍ਹਤਾ ਨਾਲ ਕਰ ਰਹੀਆਂ ਹਨ। ਇਥੋਂ ਤੱਕ ਕਿ ਆਪਣੇ ਧਰਮ ਦੇ ਰੱਖਿਅਕ ਜਿਸ ਨੂੰ ਕਦੇ ਇਹਨਾਂ ਨੇ ਹੀ 'ਹਿੰਦ ਦੀ ਚਾਦਰ' ਕਹਿ ਕੇ ਸਤਿਕਾਰਿਆ ਸੀ, ਅੱਜ ਆਪਣੀਆਂ ਪਾਠ ਪੁਸਤਕਾਂ ਵਿਚ ਇਕ ਕਾਤਲ ਤੇ ਲੁਟੇਰਾ ਕਹਿਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾ ਰਿਹਾ। ਪੂਰੇ ਦੇਸ਼ ਵਿਚ ਹਿੰਦੂਆਂ ਨੂੰ ਸੁਰੱਖਿਆ ਪ੍ਰਦਾਨ ਕਰਨ ਵਾਲੇ ਸਰਬੰਸ ਦਾਨੀ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇਕ ਹਾਰਿਆ ਹੋਇਆ ਜਰਨੈਲ ਤੇ ਭਟਕਿਆ ਹੋਇਆ ਦੇਸ਼-ਭਗਤ ਕਹਿ ਕੇ ਆਪਣੇ ਟੁੱਟੇ-ਫੁੱਟੇ ਕਿਰਦਾਰਾਂ ਨੂੰ ਚਮਕਾਉਣ ਦੀ ਹੋੜ ਇਹਨਾਂ ਵਿਚ ਅੱਜ ਵੀ ਪ੍ਰਬਲ ਹੈ। ਇਤਿਹਾਸ ਵਿਚ ਇਹਨਾਂ ਨਿਗੂਣੇ ਕਿਰਦਾਰਾਂ ਨੂੰ ਉੱਚਾ ਸਥਾਨ ਦੇਣ ਲਈ ਅਤੇ ਸਿੱਖ ਕਿਰਦਾਰਾਂ ਨੂੰ ਛੁਟਿਆਉਣ ਲਈ ਇਹ ਤਾਕਤਾਂ ਲਗਾਤਾਰ ਕੰਮ ਕਰ ਰਹੀਆਂ ਹਨ।

ਨਵੰਬਰ 1984 ਵਿਚ ਹੋਏ ਸਿੱਖ ਕਤਲੇਆਮ ਨੂੰ ਜੇ ਉਸ ਘਟਨਾ ਨਾਲ ਮੇਲ ਕੇ ਦੇਖਿਆ ਜਾਵੇ ਜਿਸ ਵਿਚ ਅੰਗਰੇਜ਼ਾਂ ਵਲੋਂ ਲਾਲਾ ਲਾਜਪਤ ਰਾਏ ਤੇ ਉਸ ਦੇ ਸਾਥੀਆਂ ਉੱਤੇ ਲਾਠੀਚਾਰਜ ਕੀਤਾ ਗਿਆ ਸੀ, ਤਾਂ ਬਹੁਤ ਕੁਝ ਸਮਝ ਵਿਚ ਆ ਜਾਂਦਾ ਹੈ। ਇਹ ਫਾਸ਼ੀਵਾਦੀ ਤੇ ਗਾਂਧੀਵਾਦੀ ਤਾਕਤਾਂ ਲਾਲਾ ਲਾਜਪਤ ਰਾਏ ਨੂੰ ਦੋ ਸੋਟੀਆਂ ਦੀ ਮਾਰ ਝੱਲਣ ਕਾਰਨ ਇਤਿਹਾਸ ਵਿਚ ਇਕ ਉੱਚਾ ਕਿਰਦਾਰ ਬਣਾਉਣ ਦੇ ਸੁਪਨੇ ਸਿਰਜ ਕੇ ਚੱਲ ਰਹੀਆਂ ਹਨ ਤੇ ਇਸ ਸੰਬੰਧੀ ਉਹਨਾਂ ਨੇ ਲਗਾਤਾਰ ਕੰਮ ਵੀ ਕੀਤਾ ਹੈ। ਪੂਰੇ ਦੇਸ਼ ਦੀਆਂ ਪਾਠ ਪੁਸਤਕਾਂ ਵਿਚ ਆਉਣ ਵਾਲੀਆਂ ਪਨੀਰੀਆਂ ਨੂੰ ਉਸ ਦੀ 'ਮਹਾਨ ਕੁਰਬਾਨੀ' ਨੂੰ ਯਾਦ ਕਰਵਾਇਆ ਜਾਂਦਾ ਹੈ ਤੇ ਦੂਜੇ ਪਾਸੇ ਸਿੱਖ ਕਿਰਦਾਰਾਂ ਨੂੰ ਜਿਹਨਾਂ ਦੀ ਕੁਰਬਾਨੀ ਸਾਹਮਣੇ ਸਭ ਦਾ ਸਿਰ ਝੁਕ ਜਾਂਦਾ ਹੈ, ਛੁਟਿਆ ਕੇ ਸੁੰਗੜਾਉਣ ਦੀ ਕੋਸ਼ਿਸ਼ ਜਾਰੀ ਰਹੀ ਹੈ। ਲਾਲਾ ਲਾਜਪਤ ਰਾਏ 'ਤੇ ਅੰਗਰੇਜ਼ਾਂ ਵਲੋਂ ਕੀਤੇ ਗਏ ਲਾਠੀਚਾਰਜ ਦੇ ਮੁਕਾਬਲੇ ਵਿਚ ਦਿੱਲੀ ਦੀਆਂ ਗਲੀਆਂ ਵਿਚ ਹਕੂਮਤੀ ਨਸ਼ੇ ਵਿਚ ਆਏ ਜਨੂੰਨੀ ਹਿੰਦੂਆਂ ਵਲੋਂ ਖੇਡਿਆ ਗਿਆ ਸਿੱਖਾਂ ਦਾ ਸ਼ਿਕਾਰ ਬਹੁਤ ਜ਼ਿਆਦਾ ਮਾਅਨੇ ਰੱਖਦਾ ਹੈ, ਵਧੇਰੇ ਭਾਵੁਕ ਤੇ ਸੰਗੀਨ ਕਿਸਮ ਦਾ ਵਰਤਾਰਾ ਹੈ। ਇਸ ਮਹੱਤਵਪੂਰਨ ਘਟਨਾਕ੍ਰਮ ਨੂੰ ਇਤਿਹਾਸ ਵਿਚ ਸਾਂਭਣਾ ਸਿੱਖਾਂ ਲਈ ਅਹਿਮ ਜ਼ਰੂਰੀ ਹੈ, ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਇਸ ਤੋਂ ਸਬਕ ਸਿੱਖ ਸਕਣ ਤੇ ਆਪਣੇ ਵਿਰੋਧੀਆਂ ਦਾ ਹਰ ਪੱਖ ਤੋਂ ਮੁਕਾਬਲਾ ਕਰ ਸਕਣ। ਇਹ ਇਤਿਹਾਸ ਦੇ ਉਹ ਪਲ ਹਨ ਜੋ ਸਿੱਖਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦੇ ਹਨ ਤੇ ਇਸ ਨੂੰ ਪੈਦਾ ਹੋਏ ਖਤਰਿਆਂ ਤੋਂ ਚੇਤੰਨ ਕਰਵਾਉਂਦੇ ਹਨ। ਇਹ ਇਤਿਹਾਸ ਦੇ ਉਹ ਪਲ ਹਨ ਜਿਹੜੇ ਸਿੱਖਾਂ ਨੂੰ ਵੰਗਾਰ ਵੰਗਾਰ ਕੇ ਆਖ ਰਹੇ ਹਨ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਤੇ ਹਿੰਦੂਆਂ ਦੇ ਗਲੋਂ ਗ਼ੁਲਾਮੀ ਦਾ ਜੂਲਾ ਲਾਉਣ ਲਈ ਤੁਹਾਡੀਆਂ ਕੀਤੀਆਂ ਢੇਰ ਕੁਰਬਾਨੀਆਂ ਦਾ ਇਹ ਮੁੱਲ ਪਿਆ ਹੈ ਕਿ ਤੁਹਾਡੀ ਇੱਜ਼ਤ ਗਲੀਏ ਗਲੀ ਰੁਲੀ ਹੈ, ਤੇ ਤੁਹਾਡੀ ਅਣਖ ਦੇ ਗਲਾਂ ਵਿਚ ਟਾਇਰ ਪਾ-ਪਾ ਕੇ ਸਾੜਿਆ ਗਿਆ ਹੈ। ਜੂਨ 84 ਤੋਂ ਨਵੰਬਰ 84 ਦੇ ਇਤਿਹਾਸਕ ਮੋੜ ਨੇ ਸਿੱਖ ਕੌਮ ਨੂੰ ਇਕ ਨਵਾਂ ਰਾਹ ਪ੍ਰਦਾਨ ਕੀਤਾ ਹੈ, ਜਿਥੋਂ ਉਸ ਨੂੰ ਆਪਣੀ ਮੰਜ਼ਲ ਦਿਸ ਪਈ ਹੈ। ਉਸ ਨੂੰ ਆਪਣੀ ਸੁਰੱਖਿਅਤਾ ਤੇ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਦਾ ਹੱਲ ਦਿਸ ਪਿਆ ਹੈ। ਹੁਣ ਲੋੜ ਹੈ ਕਿ ਇਹਨਾਂ ਪਲਾਂ ਨੂੰ ਆਪਣਿਆਂ ਹਿਰਦਿਆਂ ਵਿਚ ਸੰਭਾਲ ਕੇ ਆਪਣੇ ਰਾਹ ਰੌਸ਼ਨ ਰੱਖਿਆ ਜਾਵੇ ਤੇ ਮੰਜ਼ਲ ਵੱਲ ਵਹੀਰਾਂ ਘੱਤੀਆਂ ਜਾਣ। ਇਸ ਇਤਿਹਾਸਕ ਮੋੜ ਨੇ ਹੀ ਬਹੁਤ ਸਾਰੇ ਭਟਕੇ ਹੋਏ ਸਿੱਖਾਂ ਤੇ ਬਹੁਤ ਸਾਰੇ ਬੁੱਧੀਜੀਵੀਆਂ ਦੀ ਸੋਚ ਨੂੰ ਪਲਟਾ ਦਿੱਤਾ ਹੈ ਤੇ ਉਹ ਇਹ ਸੋਚਣ ਲਈ ਮਜ਼ਬੂਰ ਹੋ ਗਏ ਹਨ ਕਿ ਕੀ ਅਜਿਹੇ ਵਰਤਾਰੇ ਵਿਚ ਸਿੱਖਾਂ ਦੀ ਹੋਂਦ ਤੇ ਸਿੱਖੀ ਸਿਧਾਂਤ ਬਚੇ ਰਹਿ ਸਕਦੇ ਹਨ, ਤੇ ਕੀ ਸਿੱਖਾਂ ਤੇ ਪੰਜਾਬੀਆਂ ਦੀ ਅਣਖ ਸਿਰ ਉੱਚਾ ਕਰਕੇ ਜਿਉਂ ਸਕਦੀ ਹੈ ? ਇਹਨਾਂ ਸਾਰੇ ਸਵਾਲਾਂ ਦੇ ਜਵਾਬ ਹੁਣ ਲੱਭਣੇ ਨਹੀਂ ਪੈ ਰਹੇ, ਦਿਸ ਰਹੇ ਹਨ, ਮੂੰਹੋਂ ਬੋਲ ਰਹੇ ਹਨ, ਉਹਨਾਂ ਨੂੰ ਆਪ ਮੁਹਾਰੇ ਫੁਰ ਰਹੇ ਹਨ। ਇਸ ਲਈ ਇਹਨਾਂ ਇਤਿਹਾਸ ਦੇ ਖੂਨੀ ਪੰਨਿਆਂ 'ਤੇ ਅੰਕਿਤ ਹੋਈਆਂ ਅਨੇਕਾਂ ਕੁਰਬਾਨੀਆਂ ਨੂੰ ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਹਿਰਦਿਆਂ 'ਤੇ ਉਭਾਰਨਾ ਹੋਵੇਗਾ, ਜਿਸ ਤੋਂ ਉਹ ਆਪਣੇ ਭਵਿੱਖ ਨੂੰ ਪੜ੍ਹ ਸਕਣ ਤੇ ਅੱਗਾ ਸਵਾਰ ਸਕਣ।

ਰਹੀ ਗੱਲ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦੀ ਅਤੇ ਭਾਰਤੀ ਹਕੂਮਤਾਂ ਵਲੋਂ ਕੋਈ ਇਨਸਾਫ ਮਿਲਣ ਦੀ, ਇਹ 'ਰਾਮ-ਕਹਾਣੀ' ਹੁਣ ਬਹੁਤ ਪੁਰਾਣੀ ਹੋ ਚੁੱਕੀ ਹੈ। ਇਸ 'ਰਾਮ-ਕਹਾਣੀ' ਦੇ ਕੁਝ ਪਾਤਰ 'ਸਿੱਖੀ ਸਰੂਪ' ਵਾਲੇ ਵੀ ਬਣੇ ਹੋਏ ਹਨ ਜਿਹਨਾਂ ਨੂੰ ਸਿੱਖ ਵਿਧਵਾਵਾਂ ਦੇ ਮਨਾਂ ਦੀਆਂ ਚੀਕਾਂ ਦੋ ਦਹਾਕਿਆਂ ਤੋਂ ਨਹੀਂ ਸੁਣ ਰਹੀਆਂ। ਉਹਨਾਂ ਦੀਆਂ ਜ਼ਮੀਰਾਂ ਨੂੰ ਦਿੱਲੀ ਦੀਆਂ ਗਲੀਆਂ ਵਿਚੋਂ ਆਪਣੇ ਭਰਾਵਾਂ ਦੀਆਂ ਪੈਟਰੋਲ ਪਾ ਕੇ ਸਾੜੀਆਂ ਜਾ ਰਹੀਆਂ ਜਿੰਦਾਂ ਦੀਆਂ ਰੂਹਾਂ ਦੀਆਂ ਕੁਰਲਾਹਟਾਂ ਵੀ ਨਹੀਂ ਜਗਾ ਸਕੀਆਂ। ਦਿੱਲੀ ਦੀਆਂ ਗਲੀਆਂ ਵਿਚ ਕੌਮ ਦੀਆਂ ਧੀਆਂ ਦੀ ਲੁੱਟੀ ਜਾਂਦੀ ਪੱਤ ਉਹਨਾਂ ਦੀਆਂ ਲਾਲਸਾਈ ਬਿਰਤੀਆਂ ਨੂੰ ਨਹੀਂ ਤੋੜ ਸਕੀ। ਉਹਨਾਂ ਦੇ ਵਿਕੇ ਹੋਏ ਕਿਰਦਾਰ ਕੌਮ ਦੀਆਂ ਕੁਰਬਾਨੀਆਂ ਦਾ ਮੁੱਲ ਪਾਉਣ ਤੋਂ ਅਸਮਰੱਥ ਹੀ ਨਹੀਂ, ਹੀਣੇ ਤੇ ਸੱਖਣੇ ਹਨ। ਜੇ ਅਜਿਹੇ ਧੁੰਦੂਕਾਰੇ ਅੰਦਰ ਇਨਸਾਫ ਪ੍ਰਤੀ 'ਆਪਣਿਆਂ' ਦੀ ਇਹ ਪਹੁੰਚ ਹੈ ਤਾਂ ਫਿਰ ਉਹਨਾਂ ਤਾਕਤਾਂ ਤੋਂ ਕਿਹੜਾ ਨਿਆਂ ਮਿਲ ਸਕਦਾ ਜਿਹੜੀਆਂ 'ਆਜ਼ਾਦੀ' ਹਥਿਆਉਣ ਤੋਂ ਲੈ ਕੇ ਹੁਣ ਤਕ ਸਿੱਖ ਕੌਮ ਦਾ ਮਲੀਆਮੇਟ ਕਰਨ ਅਤੇ ਸਿੱਖੀ ਸਿਧਾਂਤਾਂ ਨੂੰ ਖੋਰਨ ਦੇ ਮਨਸ਼ੇ ਪਾਲ ਰਹੀਆਂ ਹਨ। ਕੀ ਸਿੱਖਾਂ ਨੂੰ ਉਹਨਾਂ ਫਾਸ਼ੀਵਾਦੀ ਤਾਕਤਾਂ ਤੋਂ ਕੋਈ ਇਨਸਾਫ ਮਿਲ ਸਕਦਾ ਹੈ ਜਿਹੜੀਆਂ ਸਿੱਖਾਂ ਦੀਆਂ ਕੁਰਬਾਨੀਆਂ ਨਾਲ ਮਿਲੀ ਆਜ਼ਾਦੀ ਤੋਂ ਬਾਅਦ ਇਹ ਹੁਕਮਨਾਮੇ ਜਾਰੀ ਕਰਨ ਕਿ ਸਿੱਖ ਜਰਾਇਮ ਪੇਸ਼ਾ ਕੌਮ ਹਨ ਤੇ ਦੂਜੇ ਦਰਜੇ ਦੇ ਸ਼ਹਿਰੀ ਹਨ ? ਜਿਹੜੇ ਹਾਕਮ ਸਿੱਖਾਂ ਨੂੰ ਇਕ ਕੌਮ ਮੰਨਣ ਤੋਂ ਵੀ ਇਨਕਾਰੀ ਹਨ ਉਹ ਉਹਨਾਂ ਦੇ ਹੱਕਾਂ, ਉਹਨਾਂ ਦੀਆਂ ਮੰਗਾਂ ਜਾਂ ਇਨਸਾਫ ਪ੍ਰਤੀ ਕਿਹੜੀ ਪਾਰਦਰਸ਼ੀ ਪਹੁੰਚ ਅਪਨਾ ਸਕਦੇ ਹਨ ? ਇਸ ਪ੍ਰਤੀ ਕੋਈ ਦੋ ਰਾਵਾਂ ਨਹੀਂ ਹਨ। ਅਟੱਲ ਸੱਚਾਈ ਤਾਂ ਇਹ ਹੈ ਕਿ ਗੁਰੂ ਸਾਹਿਬਾਨ ਦੇ ਵੇਲੇ ਤੋਂ ਬ੍ਰਾਹਮਣਵਾਦੀ ਢਾਂਚੇ ਨੂੰ ਵੰਗਾਰ ਪਾਉਣ ਵਾਲੇ ਸਿੱਖੀ ਸਿਧਾਂਤਾਂ ਦਾ ਡਰ ਇਹਨਾਂ ਨੂੰ ਵੱਢ-ਵੱਢ ਖਾ ਰਿਹਾ ਹੈ। ਸਿੱਖ ਕੌਮ 'ਤੇ ਢਾਹੇ ਕਹਿਰਾਂ ਤੇ ਨਸਲਕੁਸ਼ੀ ਕਰਨ ਲਈ ਚਲਾਈਆਂ ਸਰਕਾਰੀ ਮੁਹਿੰਮਾਂ ਇਸੇ ਡਰ ਵਿਚੋਂ ਪੈਦਾ ਹੋਈਆਂ ਹਨ। ਹਰਿਮੰਦਰ ਸਾਹਿਬ 'ਤੇ ਹਮਲੇ ਅਤੇ ਦਿੱਲੀ ਦਾ ਸਿੱਖ ਕਤਲੇਆਮ ਇਹਨਾਂ ਦੀਆਂ ਨੀਤੀਆਂ ਦਾ ਸਿਖਰ ਹੈ।

ਨਵੰਬਰ 1984 ਤੋਂ ਲੈ ਕੇ ਹੁਣ ਤੱਕ ਦੇ ਸਿੱਖ ਕੌਮ ਦੇ ਆਗੂ ਤੇ ਕੁਝ ਸੁਹਿਰਦ ਤੱਤ ਇਨਸਾਫ ਦੀ ਮੰਗ ਨੂੰ ਲੈ ਕੇ ਚੱਲ ਰਹੇ ਹਨ। ਹਾਲਾਂ ਕਿ ਉਹਨਾਂ ਨੂੰ ਇਸ ਗੱਲ ਦਾ ਢਿੱਡੋਂ ਚਾਨਣ ਹੈ ਕਿ ਅਜਿਹੇ ਗੰਧਲੇ ਤੇ ਕਮੀਨਗੀ ਭਰੇ ਚੱਲ ਰਹੇ ਵਰਤਾਰੇ ਵਿਚੋਂ ਸਿੱਖਾਂ ਨੂੰ ਕੋਈ ਇਨਸਾਫ ਨਹੀਂ ਮਿਲਣ ਵਾਲਾ। ਅਜਿਹਾ ਕਰੀ ਜਾਣਾ ਕੇਵਲ ਝੋਟੇ ਅੱਗੇ ਬੀਨ ਵਜਾਉਣ ਦੇ ਬਰਾਬਰ ਹੈ। ਕੌਮ ਨੇ ਜਿਵੇਂ ਜੂਨ ਤੋਂ ਲੈ ਕੇ ਨਵੰਬਰ ਤਕ ਦਾ ਰੂਹਾਨੀ ਸੰਤਾਪ ਹੰਢਾਇਆ ਹੈ, ਉਸੇ ਤਰ੍ਹਾਂ ਉਸ ਨੂੰ ਹੁਣ ਇਸ ਅਦਾਲਤੀ ਬੇਇਨਸਾਫੀ ਤੇ ਅਨਿਆਂ ਦਾ ਵੀ ਕੌੜਾ ਘੁੱਟ ਭਰਨਾ ਹੀ ਪੈਣਾ ਹੈ। ਭਾਰਤੀ ਢਾਂਚੇ ਵਲੋਂ ਮਿਲੀ ਇਸ ਬੇਇਨਸਾਫੀ ਨੂੰ ਵੀ ਇਕ ਹੋਰ ਵਰਤਾਰਾ ਸਮਝ ਕੇ ਅੱਗੇ ਤੁਰਨ ਵਿਚ ਹੀ ਸੋਝੀ ਤੇ ਸਿਆਣਪ ਹੈ। ਹੁਣ ਕੇਵਲ ਲੋੜ ਹੈ ਇਤਿਹਾਸ ਦੇ ਇਸ ਅਹਿਮ ਮੋੜ 'ਤੇ ਬੀਤੇ ਦੋ ਦਹਾਕਿਆਂ ਦੇ ਵਰਤਾਰੇ ਤੋਂ ਸਿੱਖਣ ਦੀ ਤੇ ਇਸ ਦੇ ਅਸਰਾਂ ਪ੍ਰਭਾਵਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਦੇ ਮਨਾਂ ਵਿਚ ਵਸਾਉਣ ਦੀ।

ਸਿੱਖੀ ਦੀਆਂ ਸ਼ਾਨਦਾਰ ਰਵਾਇਤਾਂ ਤੇ ਅਣਖੀਲੇ ਇਤਿਹਾਸ ਦੀ ਮਰਿਆਦਾ ਨੂੰ ਕਾਇਮ ਰੱਖਦਿਆਂ ਸਿੱਖਾਂ ਨੂੰ ਕਿਸੇ ਤੋਂ ਇਨਸਾਫ, ਨਿਆਂ ਦੀ ਭੀਖ ਮੰਗਣ ਦੀ ਲੋੜ ਨਹੀਂ ਹੈ, ਲੋੜ ਹੈ ਕੌਮ ਨੂੰ ਸੁਚੇਤ ਕਰਨ ਦੀ ਤੇ ਹੱਕਾਂ ਦੀ ਆਵਾਜ਼ ਨੂੰ ਬੁਲੰਦ ਕਰਨ ਦੀ। ਅੱਜ ਜੋ ਕੁਝ ਸਿੱਖ ਆਗੂਆਂ ਵਲੋਂ ਸਿੱਖ ਹੱਕਾਂ ਤੇ ਇਨਸਾਫ ਲਈ ਆਵਾਜ਼ ਉਠਾਈ ਜਾ ਰਹੀ ਹੈ, ਉਹ ਇਸ ਰੋਲ-ਘਚੋਲੇ ਅੰਦਰ ਇਕ ਤੂਤੀ ਵੱਜਣ ਦੇ ਬਰਾਬਰ ਹੈ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਅੱਜ ਵੀ ਕੁਝ ਸਿੱਖ ਆਗੂ ਅਜਿਹੀਆਂ ਮੰਗਾਂ ਤੇ ਇਨਸਾਫ ਨੂੰ ਲੈ ਕੇ ਅਜੇ ਵੀ ਕੌਮ ਦੇ ਜਜ਼ਬਾਤਾਂ ਨਾਲ ਖੇਡ ਰਹੇ ਹਨ ਤੇ ਕੌਮੀ ਜਜ਼ਬੇ ਨੂੰ ਆਪਣੇ ਰਾਜਸੀ ਮੁਫਾਦਾਂ ਲਈ ਵਰਤ ਰਹੇ ਹਨ। ਉਹਨਾਂ ਲਈ ਵਾਕਿਆ ਹੀ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਹੋਇਆ ਸਿੱਖ ਕਤਲੇਆਮ ਇਕ ਦੰਗੇ ਹੀ ਬਣ ਕੇ ਰਹਿ ਗਏ ਹਨ। ਹਕੀਕਤ ਇਹ ਹੈ ਕਿ ਦੇਸ਼ ਦੀ ਰਾਜਧਾਨੀ ਸਮੇਤ 108 ਸ਼ਹਿਰਾਂ ਵਿਚ ਹੋਇਆ ਸਿੱਖਾਂ ਦਾ ਕਤਲੇਆਮ ਪੂਰੀ ਸਿੱਖ ਕੌਮ ਨੂੰ ਆਪਣੀ ਹੋਂਦ ਬਚਾਉਣ ਤੇ ਆਪਣੇ ਸਿਧਾਂਤਾਂ ਨੂੰ ਬਰਕਰਾਰ ਰੱਖਣ ਲਈ ਇਕ ਵੰਗਾਰ ਹੈ। ਇਸ ਵੰਗਾਰ ਤੋਂ ਬਾਅਦ ਕੌਮ ਨੇ ਦੋ ਦਹਾਕੇ ਇਨਸਾਫ ਦਾ ਇੰਤਜ਼ਾਰ ਕੀਤਾ ਹੈ, ਪਰ ਹੁਣ ਉਸ ਕੋਲ ਇਨਸਾਫ ਮੰਗਣ ਦਾ ਨਹੀਂ ਇਨਸਾਫ ਲੈਣ ਦਾ ਇਕੋ ਇਕ ਰਸਤਾ ਬਾਕੀ ਹੈ। 'ਮਹਾਤਮਾ' ਮੋਹਨ ਦਾਸ ਕਰਮਚੰਦ ਗਾਂਧੀ ਦੇ ਅਨੁਸਾਰ ਜੇ ਹਕੂਮਤ ਨੇ ਸਿੱਖਾਂ ਨਾਲ ਕੋਈ ਬੇਇਨਸਾਫੀ ਕੀਤੀ ਤਾਂ ਸਿੱਖਾਂ ਕੋਲ ਚਲਾਉਣ ਲਈ ਤਲਵਾਰ ਵੀ ਹੈ। ਉਹ ਆਪਣੇ ਹੱਕ ਲੈਣਾ ਜਾਣਦੇ ਹਨ।ਅੱਜ ਸਮੁੱਚੀ ਸਿੱਖ ਕੌਮ ਦੋ ਦਹਾਕਿਆਂ ਤੋਂ ਭਾਰਤੀ ਕਾਨੂੰਨ ਦੇ ਕਰਤਬ ਦੇਖਦੀ ਆ ਰਹੀ ਹੈ। ਇਸ ਦੇ ਕਾਨੂੰਨੀ ਢਾਂਚੇ ਨੇ ਸਿੱਖਾਂ ਦਾ ਤਮਾਸ਼ਾ ਬਣਾ ਰੱਖਿਆ ਹੈ ਤੇ ਅਦਾਲਤਾਂ ਇਸ ਤਮਾਸ਼ੇ ਦਾ ਅਖਾੜਾ ਬਣੀਆਂ ਹੋਈਆਂ ਹਨ। ਇਸ ਤਮਾਸ਼ੇ ਨੂੰ ਖੇਡ ਰਹੇ ਗਾਂਧੀਵਾਦੀਆਂ ਦੇ ਹਮਜੋਲੀ ਬਣੇ ਪੰਜਾਬ ਦੇ ਸਿੱਖ ਆਗੂ ਵੀ ਉਸੇ ਹਾਸੇ-ਠੱਠੇ ਦਾ ਸ਼ਿਕਾਰ ਹਨ, ਜਿਸ ਹਾਸੇ-ਠੱਠੇ ਨੂੰ ਵਧਾਉਣ ਲਈ ਹੁਣ ਦੇ ਪ੍ਰਧਾਨ ਮੰਤਰੀ ਅਤੇ ਭਾਜਪਾ ਦੇ ?ਆਗੂ ਨਰਿੰਦਰ ਮੋਦੀ ਨੇ 2008 ਵਿੱਚ ਇਕ ਟਿੱਪਣੀ ਵਿਚ ਕਿਹਾ ਸੀ ਕਿ ਸਿੰਘਾਂ ਦੇ ਬਾਰਾ ਵੱਜ ਗਏ ਹਨ ।



# ਇਹ ਜੰਗੀ ਮਾਹੌਲ ਹੈ

ਕੁਝ ਦਿਨ ਪਹਿਲਾਂ ਬਿਗੁਲ ਮਜ਼ਦੂਰ ਦਸਤਾ ਦੇ ਕਾਰਕੁਨਾਂ ਉੱਤੇ ਹਰਿਦੁਆਰ ਵਿੱਚ ਹਮਲਾ ਅਤੇ ਫਿਰ ਉਮਰ ਖਾਲਿਦ ਉੱਤੇ ਦਿੱਲੀ ਵਿੱਚ ਹਮਲਾ। ਇਸ ਤੋਂ ਪਹਿਲਾਂ ਕਨ੍ਹੱਈਆ ਕੁਮਾਰ, ਸਵਾਮੀ ਅਗਨੀਵੇਸ਼, ਗੌਰੀ ਲੰਕੇਸ਼,ਗੋਵਿੰਦ ਪਨਸਾਰੇ, ਅਫਰਾਜੁਲ, ਅਖਲਾਕ ਸੂਚੀ ਕਾਫੀ ਲੰਮੀ ਹੈ ।ਹਰ ਰੋਜ਼ ਵਾਪਰ ਰਹੀ ਨਵੀਂ ਘਟਨਾ ਕਿਤੇ ਸਾਨੂੰ ਸਹਿਣ ਕਰਨ ਦਾ ਆਦੀ ਤਾਂ ਨਹੀਂ ਬਣਾ ਰਹੀ ? ਡਰ ਹੈ ਕਿਤੇ ਸਾਡੀ ਸੰਵੇਦਨਾ ਗ੍ਹਿਣੀ ਨਾ ਜਾਵੇ ! ਸਾਡੇ ਫ਼ਿਕਰ ਖੁੰਡੇ ਨਾ ਹੋ ਜਾਣ !

ਲੀਕ ਸਪੱਸ਼ਟ ਹੋ ਗਈ ਹੈ ।ਲੜਾਈ ਦੋ ਧਰਾਤਲਾਂ 'ਤੇ ਲੜੀ ਜਾ ਰਹੀ ਹੈ। ਸਰੀਰਕ ਧਰਾਤਲ 'ਤੇ ਅਤੇ ਮਾਨਸਿਕ ਧਰਾਤਲ 'ਤੇ। ਫਾਸ਼ਿਸਟ ਆਪਣੀ ਪ੍ਰਕਿਰਤੀ ਤੋਂ ਦੱਬੂ ਅਤੇ ਕਮੀਨਾ ਹੁੰਦਾ।ਹੈ ਫਾਸ਼ਿਸਟ ਆਪਣੀ ਪ੍ਰਕਿਰਤੀ ਤੋਂ ਮਨੋ ਵਿਕਾਰੀ ਹੁੰਦਾ ਹੈ।ਉਹ ਇਕੱਲਾ ਰਹਿਣਾ ਚਾਹੁੰਦਾ ਹੈ ।ਲੋਕਾਂ ਦੇ ਸੰਗ ਸਾਥ ਤੋਂ ਡਰਦਾ ਹੈ। ਸੰਗ ਸਾਥ ਹੋਵੇਗਾ ਤਾਂ ਸਵਾਲ ਹੋਣਗੇ।ਸਵਾਲ ਉਸ ਦੀ ਹਸਤੀ ਨੂੰ ਕਾਟੇ ਹੇਠ ਲਿਆਉਂਦੇ ਹਨ। ਇਕੱਲਤਾ ਚ ਉਹ ਸੁਰੱਖਿਅਤ ਮਹਿਸੂਸ ਕਰਦਾ ਹੈ। ਅਜੀਬੋ ਗਰੀਬ ਹਰਕਤਾਂ ਕਰਦਾ ਹੈ। ਜਿਵੇਂ ਚਾਰਲੀ ਚੈਪਲਿਨ ਨੇ 'ਦ ਗ੍ਰੇਟ ਡਿਕਟੇਟਰ' ਵਿੱਚ ਦਿਖਾਇਆ।

ਹਿੰਦੁਸਤਾਨ ਮੁਲਕ ਅੰਦਰ ਇਹ ਵਰਤਾਰਾ ਇਉਂ ਹੈ-ਫਾਸ਼ਿਸਟ ਅਤੇ ਫਾਸ਼ਿਸਟ ਸੰਚਾਲਕ।ਤੇ ਸੰਚਾਲਕ ਤੇਜ਼ ਤਰਾਰ ਹਨ।ਭਾਰਤ ਦੇ ਪਬਲਿਕ ਸੈਕਟਰ ਨੂੰ ਖਤਮ ਕਰਨ ਲਈ ਖਾਂਦੀ ਪੀਂਦੀ ਮਿਡਲ ਕਲਾਸ ਨੂੰ ਮਾਨਸਿਕ ਤੌਰ ਤੇ ਪਹਿਲਾਂ ਤਿਆਰ ਕੀਤਾ ਗਿਆ।ਸਕੂਲਾਂ, ਸਿਹਤ ਸੰਸਥਾਵਾਂ, ਤੇ ਪਬਲਿਕ ਟਰਾਂਸਪੋਰਟ ਵਿੱਚ ਹੁੰਦੇ ਭ੍ਰਿਸ਼ਟਾਚਾਰ ਅਤੇ ਅਨੈਤਿਕ ਵਿਵਹਾਰ ਨੂੰ ਸੋਚੀ ਸਮਝੀ ਯੋਜਨਾ ਤਹਿਤ ਖੁੱਲ੍ਹਾ ਪ੍ਰਚਾਰਿਆ ਗਿਆ ਤਾਂ ਕਿ ਇਨ੍ਹਾਂ ਸੰਸਥਾਵਾਂ ਵਿੱਚੋਂ ਲੋਕਾਂ ਦਾ ਵਿਸ਼ਵਾਸ ਖਤਮ ਕੀਤਾ ਜਾ ਸਕੇ।ਬੁੱਧੀਜੀਵੀਆਂ ਦੇ ਇੱਕ ਪੂਰ ਨੂੰ ਕਤਲ ਕਰਨ ਤੋਂ ਬਾਅਦ ਫਾਸ਼ਿਸਟਾਂ ਨੂੰ ਇਹ ਸਮਝ ਆਈ ਹੈ,ਕਿ ਇਨ੍ਹਾਂ ਦਾ ਵਜੂਦ ਮਿਟਾਉਣ ਲਈ ਇਨ੍ਹਾਂ ਦੀ ਕਿਰਦਾਰ ਕੁਸ਼ੀ ਜ਼ਰੂਰੀ ਹੈ।ਇਨ੍ਹਾਂ ਦਾ ਖੁੱਲ੍ਹੇਆਮ ਬਾਹਰ ਘੁੰਮਣਾ ਇਸ ਲਈ ਵੀ ਖਤਰਨਾਕ ਹੈ ਕਿ ਮਸਲਾ ਹੁਣ ਅਸਹਿਮਤੀ ਦਾ ਨਾ ਰਹਿ ਕੇ ਬਦਲ ਦਾ ਬਣ ਗਿਆ ਹੈ।ਇਸ ਲਈ ਹਕੂਮਤ ਕੋਲ ਵੀ ਕਤਲਾਂ ਅਤੇ ਨਜ਼ਰਬੰਦੀ ਤੋਂ ਬਿਨਾਂ ਕੋਈ ਬਦਲ ਰਹਿ ਨਹੀਂ ਗਿਆ।ਪਰ ਜਿਹੜੇ ਸ਼ਬਦ ਨੂੰ ਦੇਸ਼ਧ੍ਰੋਹੀ ਦਾ ਪ੍ਰਾਇਵਾਚੀ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਉਹੋ ਸ਼ਬਦ ਜੱਦੋਜਹਿਦ ਦਾ ਪ੍ਰਾਇਵਾਚੀ ਬਣ ਗਿਆ।

ਜੇ ਪੀ.ਸਾਈਂਨਾਥ ਜਿਹੇ ਅਪਾਹਜ ਅਧਿਆਪਕ ਦੀ ਆਵਾਜ਼ ਥਰਥਰਾਹਟ ਪੈਦਾ ਕਰਦੀ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਇਸ ਮੁਲਕ ਦੀ ਹਕੂਮਤ ਦੀ ਬੁਨਿਆਦ ਜਰਜਰ ਹੋ ਚੁੱਕੀ ਹੈ। ਭਾਰਤ ਜਿਹੇ ਮੁਲਕਾਂ ਵਿੱਚ ਜਿੱਥੇ ਜਮਹੂਰੀਅਤ ਇੱਕ ਰਾਜਨੀਤਕ ਮਾਡਲ ਵਜੋਂ ਵੇਲਾ ਵਿਹਾ ਚੁੱਕੀ ਹੈ, ਜੋ ਲੰਘਦੇ ਹਰ ਦਿਨ, ਹਰ ਘੜੀ,ਹਰ ਪਲ ਹੋਰ ਦੋਗਲੀ, ਹੋਰ ਰੋਗੀ, ਹੋਰ ਦਮਨਕਾਰੀ ਹੁੰਦੀ ਜਾ ਰਹੀ ਹੈ,ਉੱਥੇ ਵਿਸ਼ਾਲ ਭਾਰਤੀ ਜਨ ਮਾਨਸ ਦੇ ਜੀਵਨ ਵਿੱਚ ਇਹ ਜਮਹੂਰੀਅਤ ਇੱਕ ਮੁੱਲ ਪ੍ਰਬੰਧ ਵਜੋਂ ਕਦੇ ਵੀ ਰਚੀ ਵਸੀ ਨਹੀਂ ਸੀ।ਤੇ ਨਾ ਹੀ ਜਮਹੂਰੀ ਕਲਾ ਅਤੇ ਚਿੰਤਨ ਦੀ ਧਾਰਾ ਇੱਕ ਇਨਕਲਾਬੀ ਵੇਗ ਨਾਲ ਕਾਂਗ ਬਣ ਕੇ ਚੜ੍ਹੀ।ਧਾਰਮਿਕ ਪੁਨਰ ਸੁਰਜੀਤੀ,ਆਧੁਨਿਕ ਬੁਰਜੂਆ,ਖੱਬੇ ਪੱਖੀ,ਅਤੇ ਪਛਾਣ ਦੀ ਰਾਜਨੀਤੀ ਦੀਆਂ ਇੱਕ ਦੂਜੇ ਵਿੱਚ ਰਲਗੱਡ ਹੁੰਦੀਆਂ- ਇੱਕ ਦੂਜੀ ਨੂੰ ਕੱਟਦੀਆਂ ਧਾਰਾਵਾਂ ਸਮਾਨਅੰਤਰ ਚੱਲਦੀਆਂ ਰਹੀਆਂ।ਰਾਧਾ ਮੋਹਨ ਗੋਕੁਲ ਜੀ,ਰਾਹੁਲ ਸੰਕਰਤਾਇਨ ਤੋਂ ਲੈ ਕੇ ਭਗਤ ਸਿੰਘ ਤੱਕ,ਗ਼ਦਰ ਅਖ਼ਬਾਰ ਅਤੇ 'ਕਿਰਤੀ' ਤੋਂ ਲੈ ਕੇ ਮੁਕਤੀਬੋਧ, ਪਾਸ਼, ਪੱਡਾ, ਕਾਤਿਆਇਨੀ, ਅਰੁਨ ਫਰੇਰਾ, ਸੀਮਾ ਆਜ਼ਾਦ ਤੱਕ ਇਹ ਧਾਰਾ ਮੌਜੂਦ ਤਾਂ ਰਹੀ ਪਰ ਮਾਨਸਿਕ ਤਬਦੀਲੀ ਦਾ ਵਿਸਫੋਟ ਨਾ ਕਰ ਸਕੀ। ਇਸ ਦਾ ਖਾਮਿਆਜ਼ਾ ਇਸ ਧਾਰਾ ਨੂੰ ਭੁਗਤਣਾ ਪੈ ਰਿਹਾ ਹੈ। ਪਰ ਮੌਜੂਦਾ ਦਮਨ ਨੇ ਇਸ ਧਾਰਾ ਨੂੰ ਨਿਖਾਰ ਦਿੱਤਾ ਹੈ।ਸਿਖਰ ਦੁਪਹਿਰੇ ਖਿੜੀ ਦੁਪਹਿਰਖਿੜੀ ਵਾਂਗ ਇਹ ਧਾਰਾ ਵੱਖਰੀ ਪਛਾਣੀ ਜਾ ਰਹੀ ਹੈ।

ਪਰ 'ਪਛਾਣ' ਦੇ ਖਤਰੇ ਵੀ ਹਨ। ਪਛਾਣਿਆ ਗਿਆ ਤਾਂ ਸਮਝੋ ਟਿੱਕਿਆ ਗਿਆ। ਟਿੱਕਿਆ ਗਿਆ ਤਾਂ ਫੁੰਡਿਆ ਗਿਆ।ਹਿਟਲਰ ਦੇ ਦਸਤਿਆਂ ਨੇ ਯਹੂਦੀਆਂ ਦੇ ਟਿਕਾਣਿਆਂ ਨੂੰ ਪਛਾਨਣ ਲਈ ਨਿਸ਼ਾਨ ਲਗਾ ਦਿੱਤੇ ਸਨ।ਇਸ ਤੋਂ ਪਹਿਲਾਂ ਕਿ ਫਾਸ਼ੀਵਾਦ ਇਤਿਹਾਸ ਵਿੱਚ ਆਪਣੀ ਦੂਜੀ ਵਾਰੀ ਲਵੇ ਉਨ੍ਹਾਂ ਨੇ ਚਿੰਤਨ ਅਤੇ ਕਲਾ ਦੇ ਖੇਤਰ ਵਿੱਚ ਮਲਕੜੇ ਜਿਹੇ 'ਪਛਾਣ' ਉਤਾਰ ਦਿੱਤੀ ਹੈ।ਖੌਲਦੇ ਦਰਿਆ ਵਿੱਚ ਹਕੂਮਤ ਦੇ ਸੁੱਟੇ ਰੱਸੇ ਨੂੰ ਫੜਨ ਵਾਲਿਆਂ ਦੀ ਕਮੀ ਨਹੀਂ ਹੈ।ਉਹ ਪੂਰੇ ਜਥੇ ਨਾਲ ਹਕੂਮਤ ਦੇ ਏਜੰਡੇ ਤੋਂ ਆਪਣੀ ਲੜਾਈ ਲੜ ਰਹੇ ਹਨ।ਲੜ ਰਹੇ ਹਨ ਅਤੇ ਹਰ ਰੋਜ਼ ਮਰ ਰਹੇ ਹਨ।

ਵਹਿਸ਼ਤ ਤਾਂ ਜਾਰੀ ਹੈ। ਕਿਤੇ ਤਿੱਖੇ ਰੂਪ 'ਚ। ਕਿਤੇ ਮੱਧਮ ਰੂਪ 'ਚ। ਸਵਾਲ ਤਾਂ ਇਹ ਹੈ ਕਿ ਹਰ ਰੋਜ਼ ਵਾਪਰਦੀ ਨਵੀਂ ਘਟਨਾ ਕਿਤੇ ਸਾਨੂੰ ਸਹਿਣ ਕਰਨ ਦਾ ਆਦੀ ਤਾਂ ਨਹੀਂ ਬਣਾ ਰਹੀ ?ਇਸ ਵਹਿਸ਼ਤ ਨੂੰ ਅਸੀਂ ਆਪਣੀ ਜ਼ਿੰਦਗੀ ਦਾ ਸਹਿਜ ਹਿੱਸਾ ਤਾਂ ਨਹੀਂ ਬਣਾ ਲਿਆ ?

ਇੱਥੇ ਧੁੱਪ ਦੇ ਵਿੱਚ ਫੈਲਿਆ ਮੌਤ ਦਾ ਅਦਿੱਖ ਦਸਤਾਵੇਜ਼ ਹੈ।ਮੌਤ ਦਾ ਦਸਤਾਵੇਜ਼,ਜੋ ਪਿਆਜ਼ ਦੇ ਰਸ ਨਾਲ ਲਿਖਿਆ ਗਿਆ ਹੈ।ਜਿਵੇਂ ਜਿਵੇਂ ਵਹਿਸ਼ਤ ਦਾ ਸੇਕ ਵਧੇਗਾ ਸਾਡੇ ਨਾਮ ਉੱਘੜ ਉੱਘੜ ਆਉਂਦੇ ਜਾਣਗੇ ।ਬੂਟਾ ਸਿੰਘ ਵਾਸੀ ਨਵਾਂ ਸ਼ਹਿਰ,ਪੇਰੂਮਲ ਮੁਰੂਗਨ, ਰਾਣਾ ਅਯੂਬ,ਮਨਜੀਤ ਧਨੇਰ, ਦਰਸ਼ਨ ਖਟਕੜ, ..।

ਇਹ ਜੋ ਹਰ ਰੋਜ਼ ਸਨਸਨੀ ਦੀ ਕਾਂਗ ਖੜ੍ਹੀ ਹੁੰਦੀ ਹੈ,ਦੱਸਦੀ ਹੈ ਕਿ ਸੰਕਟ ਮੂੰਹ ਆਈ ਸਰਮਾਏਦਾਰੀ ਨੇ ਆਪਣਾ ਫਾਸ਼ਿਸਟ ਵਿਕਲਪ ਚੁਣ ਲਿਆ ਹੈ। ਕਮਿਊਨਿਸਟਾਂ,ਘੱਟ ਗਿਣਤੀਆਂ, ਦਲਿਤਾਂ, ਜਮਹੂਰੀ ਅਧਿਕਾਰ ਕਾਰਕੁੰਨਾਂ ਦੇ ਰੂਪ ਵਿੱਚ ਆਪਣਾ ਦੁਸ਼ਮਣ ਵੀ ਚੁਣ ਲਿਆ ਹੈ।

ਜ਼ਰੂਰੀ ਨਹੀਂ ਕਿ ਫਾਸ਼ੀਵਾਦ ਦੀ ਸ਼ਰਨ ਚ ਗਿਆ ਪੂੰਜੀਵਾਦ ਭਾਰਤ ਵਿੱਚ ਸੋਬੀਬੋਰ/ਬੁਖਨਵਾਲਡ ਜਿਹੇ ਨੰਗੇ ਚਿੱਟੇ ਤਸੀਹਾ ਕੈਂਪ ਖੜ੍ਹੇ ਕਰੇ। ਪਰ ਮੁਲਕ ਦੇ ਖਾਸ-ਖਾਸ ਹਿੱਸਿਆਂ ਵਿੱਚ ਗੁਜਰਾਤ ਅਤੇ ਮੁਜ਼ੱਫਰਨਗਰ ਖੜ੍ਹੇ ਕਰਨ ਤੋਂ ਬਾਜ਼ ਨਹੀਂ ਆਵੇਗਾ। ਜੰਗ ਦੇ ਦਿਨਾਂ ਵਿੱਚ ਕਫਨ ਘੋਟਾਲਾ ਅਤੇ ਸ਼ਾਂਤੀ ਦੇ ਦਿਨਾਂ ਵਿੱਚ ਭੋਪਾਲ ਗੈਸ ਕਾਂਡ ਸਿਰਜ ਕੇ ਮੁਨਾਫ਼ੇ ਦੀ ਹਵਸ ਸ਼ਾਂਤ ਕਰਨੋਂ ਨਹੀਂ ਟਲ਼ੇਗਾ।ਮਜ਼ਦੂਰਾਂ ਦੇ ਕੰਮ ਕਰਨ ਦੀਆਂ ਥਾਵਾਂ ਨੂੰ ਗੈਸ ਚੈਂਬਰ ਬਣਾ ਕੇ ਕਤਲ ਕਰਦਾ ਰਹੇਗਾ।ਦਿੱਲੀ ਵਿੱਚ ਸੀਵਰੇਜ ਸਾਫ ਕਰਦਿਆਂ ਗੈਸ ਚੜ੍ਹਨ ਨਾਲ ਮਰੇ ਪੰਜ ਮਜ਼ਦੂਰਾਂ ਦੀਆਂ ਲਾਸ਼ਾਂ ਅਜੇ ਤੱਕ ਜ਼ਿਹਨ ਵਿੱਚ ਤੈਰਦੀਆਂ ਫਿਰਦੀਆਂ ਹਨ।

ਜ਼ਰੂਰੀ ਨਹੀਂ ਕਿ ਇਹ ਅਜੇ ਅੱਗ ਦੇ ਭਬੂਕੇ ਵਾਂਗ ਮੱਚ ਉੱਠੇ ਪਰ ਸਾਡੀ ਰੋਜ਼ਮੱਰਾ ਦੀ ਜ਼ਿੰਦਗੀ ਵਿੱਚ ਧੀਮਾ ਜ਼ਹਿਰ ਬਣ ਕੇ ਲਹਿੰਦਾ ਹੋਇਆ ਸਾਹ ਘੁੱਟਦਾ ਰਹੇਗਾ।

ਪੰਜਾਬੀ ਕਵੀ ਲਾਲ ਸਿੰਘ ਦਿਲ ਜਦੋਂ ਅਜਿਹੇ ਮਾਹੌਲ ਬਾਰੇ ਬੋਲਦਾ ਹੈ,ਤਾਂ ਆਪਣਾ ਪੈਂਤੜਾ ਵੀ ਪੇਸ਼ ਕਰਦਾ ਹੈ:-

ਇਹ ਜੰਗੀ ਮਾਹੌਲ ਹੈ
ਤਾਕਤ ਨਾਲ਼ ਗੁਲਾਮ ਬਣਾਉਣ ਦਾ
ਹਰ ਕੋਈ ਹਰ ਕਿਤੇ
ਦਬਦਾ ਜਾਂ ਦਬਾਉਂਦਾ ਹੈ
ਬੋਲ ਰੁੱਖੇ ਅਤੇ ਸਪੱਸ਼ਟ ਹੋ ਗਏ ਹਨ
ਦੇਖਣਾ, ਸੁਕੜਨਾ ਨਾ
ਨਹੀਂ ਤਾਂ ਫੈਲ ਜਾਵੇਗਾ
ਤੁਹਾਡੇ ਤੇ ਕੁਝ।

# ਆਰਥਕ ਵਿਤਕਰੇ ਨਾਲ ਜੂਝਦਾ ਸਮਾਜ

ਮਨੁੱਖ ਨੂੰ ਜਿੰਦਗੀ ਬਸਰ ਕਰਨ ਦੇ ਲਈ ਕਈ ਤਰ੍ਹਾਂ ਦੇ ਸੰਸਾਧਨਾ ਦੀ ਲੋੜ ਪੈਂਦੀ ਹੈ ।ਇਹਨਾਂ ਸਾਧਨਾ ਦੀ ਕਮੀ ਜਾਂ ਨਾ ਹੋਣਾ ਗਰੀਬੀ ਨੂੰ ਦਰਸਾਉ▲ਂਦਾ ਹੈ। ਕੁਝ ਸਮਾਜ ਸ਼ਾਸਤਰੀ ਸਿਰਫ ਭੌਤਿਕ ਸੰਸਾਧਨਾ ਦੀ ਕਮੀ ਨੂੰ ਗਰੀਬੀ ਦਾ ਅਧਾਰ ਮੰਨਦੇ ਹਨ, ਜਦਕਿ ਕੁਝ ਸਿੱਖਿਆ /ਪੜ੍ਹਾਈ-ਲਿਖਾਈ ਦੀ ਕਮੀ, ਰੋਜਗਾਰ ਦੇ ਮੌਕਿਆਂ ਦੀ ਥੋੜ੍ਹ, ਕੰਮ ਕਰਨ ਦੇ ਤਜ਼ੁਰਬੇ ਦੀ ਕਮੀ ਅਤੇ ਸਮਾਜਕ ਬਾਈਕਾਟ ਨੂੰ ਵੀ ਗਰੀਬੀ ਦੇ ਨਾਲ ਜੋੜ ਕੇ ਦੇਖਦੇ ਹਨ। ਇਹ ਉਹ ਪੱਖ ਹਨ ਜੋ ਸਮਾਜ ਦੀਆਂ ਇਕਾਈਆਂ ਨੂੰ ਅਨੇਕਾਂ ਗਤੀਵਿਧੀਆਂ 'ਚ ਸਮੂਲੀਅਤ ਕਰਨ ਲਈ ਰੁਕਾਵਟ ਬਣਦੇ ਹਨ ।ਵਿਸ਼ਵੀਕਰਨ ਤੋਂ ਬਾਅਦ ਗਰੀਬੀ ਦਰ 'ਚ ਤੇਜੀ ਨਾਲ ਵਾਧਾ ਹੋਇਆ ਹੈ। ਅੰਗੇਜੀ ਹਕੂਮਤ ਦੇ ਵਿਗਿਆਨੀ ਗਲਫ਼ ਮਿਲੀਬੇਂਡ ਤਰਕ ਦਿੰਦੇ ਹੋਏ ਦੱਸਦੇ ਹਨ ਕਿ ਜਿਵੇਂ -ਜਿਵੇਂ ਗਰੀਬੀ ਦਾ ਵਿਸਤਾਰ ਹੁੰਦਾ ਹੈ, ਸਮਾਜ ਵਿਚ ਗੈਰ ਬਰਾਬਰੀ ਅਤੇ ਸਮੱਸਿਆਵਾਂ ਹੋਰ ਵਧਦੀਆਂ ਹਨ।

ਪਿਛੇ ਜਿਹੇ ਭੁੱਖਮਰੀ ਦਾ ਸਾਹਮਣਾ ਕਰ ਰਹੇ 117 ਦੇਸ਼ਾਂ ਬਾਰੇ ਵਿਸ਼ਵ ਭੁਖਮਰੀ ਸੂਚਕਾਂਕ ਦੀ ਰਿਪੋਰਟ ਆਈ ਹੈ। ਇਸ ਸੂਚੀ ਵਿਚ ਭਾਰਤ 102ਵੀਂ ਥਾਂ 'ਤੇ ਹੈ, ਜਦਕਿ ਪਾਕਿਸਤਾਨ 94ਵੀਂ, ਬੰਗਲਾਦੇਸ਼ 88ਵੀਂ, ਨੇਪਾਲ 73ਵੀਂ ਅਤੇ ਸ਼੍ਰੀਲੰਕਾ 66ਵੀਂ ਥਾਂ 'ਤੇ ਹੈ। ਸਾਲ 2017 ਵਿਚ ਭਾਰਤ 119 ਦੇਸ਼ਾਂ ਦੀ ਸੂਚੀ ਵਿਚੋਂ 100ਵੀਂ ਥਾਂ 'ਤੇ ਸੀ ਅਤੇ 2018 'ਚ 103ਵੀਂ ਥਾਂ 'ਤੇ ਸੀ ।ਜੇਕਰ 2014 ਦੇ ਆਂਕੜਿਆਂ ਦੇ ਨਾਲ ਮਿਲਾ ਕੇ ਦੇਖੀਏ ਤਾਂ ਭਾਰਤ 55ਵੀਂ ਥਾਂ 'ਤੇ ਸੀ।

ਇਹਨਾਂ ਆਂਕੜਿਆਂ ਦੇ ਅਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਦੇਸ਼ ਵਿਚ ਭੁੱਖਮਰੀ ਦੀ ਹਾਲਤ 'ਚ ਕੋਈ ਸੁਧਾਰ ਨਹੀਂ ਹੋਇਆ ਹੈ। ਕੇਂਦਰੀ ਸਿਹਤ ਅਤੇ ਪਰਿਵਾਰ ਕਲਿਆਨ ਮੰਤਰਾਲੇ ਦੇ ਪਹਿਲੇ ਰਾਸ਼ਟਰੀ ਪੋਸ਼ਣ ਸਰਵੇਖਣ ਦੇ ਮੁਤਾਬਕ ਦੇਸ਼ ਚ 10 ਤੋਂ 19 ਸਾਲ ਦੀ ਉਮਰ ਵਰਗ ਦੇ 4 ਬੱਚਿਆਂ ਵਿਚੋਂ ਇਕ ਬੱਚਾ ਕੁਪੋਸ਼ਣ ਦਾ ਸ਼ਿਕਾਰ ਹੈ।

ਮਹਾਤਮਾ ਗਾਂਧੀ ਨੇ ਦੇਸ਼ ਦੇ ਤਰੱਕੀ 'ਚ ਹਰ ਇਕ ਗਰੀਬ ਇਕਾਈ ਦੀ ਭਾਗਦਾਰੀ ਨੂੰ ਬਹੁਤ ਮਹੱਤਵ ਦਿੱਤਾ ਹੈ, ਤਾਂ ਕਿ ਉਹ ਗਰੀਬੀ, ਬੇਰੋਜ਼ਗਾਰੀ ਅਤੇ ਭੁੱਖਮਰੀ ਨਾਲ ਮੁਕਾਬਲਾ ਕਰਨ ਦੇ ਤਰੀਕੇ ਖੁਦ ਲੱਭ ਸਕਣ।

ਪਰ ਮੌਜੂਦਾ ਉਪਭੋਗਤਾਵਾਦੀ ਅਤੇ ਉਦਾਰਵਾਦੀ ਸਮਾਜ 'ਚ ਅਮੀਰ ਅਤੇ ਗਰੀਬ ਵਰਗ 'ਚ ਵਧਦੇ ਫਾਸਲੇ ਨੇ ਅਨੇਕਾ ਪ੍ਰੇਸ਼ਾਨੀਆਂ ਪੈਦਾ ਕਰਨ ਵਾਲੇ ਹਲਾਤਾਂ ਨੂੰ ਜਨਮ ਦਿੱਤਾ ਹੈ, ਜਿਨ੍ਹਾਂ ਨੇ ਮੱਧ ਵਰਗ ਅਤੇ ਗਰੀਬ ਵਰਗ ਦੇ ਸਾਹਮਣੇ ਉਹਨਾਂ ਦੀ ਹੋਂਦ ਨੂੰ ਹੀ ਲਗਾਤਾਰ ਇਕ ਚੁਣੌਤੀ ਦੇ ਰੂਪ ਵਿਚ ਪੇਸ਼ ਕੀਤਾ ਹੈ।

ਇਹ ਇਕ ਤ੍ਰਾਸਦੀ ਹੀ ਹੈ ਕਿ ਭਾਰਤ ਇਕ ਕਲਿਆਣਕਾਰੀ ਦੇਸ਼ ਦੀ ਛਵੀ ਦੇ ਬਾਵਜੂਦ ਗਰੀਬ ਜਨਸੰਖਿਆ ਨੂੰ ਮੁੱਢਲੀਆਂ ਅਤੇ ਘੱਟੋਘੱਟ ਲੋੜਾਂ ਦੀ ਪੂਰਤੀ ਦੇ ਲਈ ਸੰਸਾਧਨ ਉਪਲਬਧ ਨਹੀਂ ਕਰਵਾ ਪਾ ਰਿਹਾ ਹੈ। ਇਸੇ ਕਾਰਨ ਜੇਕਰ ਅਨੇਕ ਪਰਿਵਾਰ ਰੋਜੀ ਰੋਟੀ ਕਮਾਉਣ, ਸਿਹਤ, ਭੁੱਖਮਰੀ ਅਤੇ ਕੁਪੋਸ਼ਣ ਨਾਲ ਸੰਘਰਸ਼ ਕਰਨ 'ਚ ਅਸਫਲ ਹੋ ਰਹੇ ਹਨ ਤਾਂ ਉਨ੍ਹਾਂ ਦੇ ਸਾਹਮਣੇ ਸਮੂਹਿਕ ਆਤਮਹੱਤਿਆ ਅਤੇ ਹੋਰ ਅਪਰਾਧਾਂ ਵਰਗੇ ਵਿਕਲਪ ਉੱਭਰ ਕੇ ਆ ਸਕਦੇ ਹਨ।

ਰੰਗਰਾਜਨ ਕਮੇਟੀ ਨੇ ਆਪਣੀ ਰਿਪੋਰਟ 'ਚ ਪੇਂਡੂ ਅਤੇ ਸ਼ਹਿਰੀ ਗਰੀਬੀ ਦੇ ਲਈ ਲੜੀਵਾਰ 32 ਅਤੇ 47 ਰੁਪਏ ਪ੍ਰਤੀਦਿਨ ਖਰਚ ਦਾ ਪੈਮਾਨਾ ਤੈਅ ਕੀਤਾ ਸੀ। ਜਦਕਿ ਅਰਜੁਨ ਸੇਨ ਗੁਪਤਾ ਕਮੇਟੀ ਨੇ ਇਹ ਰਕਮ 20 ਰੁਪਏ ਪ੍ਰਤੀ ਦਿਨ ਤੈਅ ਕੀਤੀ ਸੀ।

ਇਹ ਰਿਪੋਰਟਾਂ ਭਾਵੇਂ ਕਿੰਨੀਆਂ ਹੀ ਵਿਵਾਦਪੂਰਨ ਹੋਣ, ਪਰ ਇਸ ਤੱਥ ਨੂੰ ਤਸਦੀਕ ਕਰਦੀਆਂ ਹਨ ਕਿ ਦੇਸ਼ ਦੀ ਅਬਾਦੀ ਦਾ ਲਗਪਗ 35 ਫੀਸਦ ਹਿੱਸਾ ਗਰੀਬੀ ਰੇਖਾੋਂ ਤਂ ਹੇਠਾ ਜਿੰਦਗੀ ਗੁਜ਼ਾਰਨ ਨੂੰ ਮਜਬੂਰ ਹੈ।

ਵਿਸ਼ਵ ਆਰਥਕ ਮੰਚ ਵੱਲੋਂ ਹਾਲ ਹੀ 'ਚ ਜਾਰੀ ਗਲੋਬਲ ਮੁਕਾਬਲਾ ਸੂਚਕਾਂਕ 'ਚ ਭਾਰਤ ਨੂੰ ਇਸ ਸਾਲ 141 ਦੇਸ਼ਾਂ ਦੀ ਸੂਚੀ ਵਿਚ 68ਵੇਂ ਥਾਂ 'ਤੇ ਰੱਖਿਆ ਗਿਆ ਹੈ। ਰਿਪੋਰਟ ਦੇ ਮੁਤਾਬਕ ਸੂਚਨਾ ਅਤੇ ਤਕਨੀਕ ਨੂੰ ਅਪਣਾਉਣ 'ਚ ਸੁਸਤ ਰਹਿਣ, ਸਿਹਤ ਖੇਤਰ 'ਚ ਖਰਾਬ ਹਾਲਤ ਹੋਣ ਅਤੇ ਸਿਹਤਮੰਦ ਜਿੰਦਗੀ ਦੀਆਂ ਖਰਾਬ ਸੰਭਾਵਨਾਵਾਂ ਦੇ ਕਾਰਨ ਪਿਛੜ ਗਿਆ। ਇਥੋਂ ਤੱਕ ਕਿ ਸਿਹਤਮੰਦ ਜਿੰਦਗੀ ਦੀ ਸੰਭਾਵਨਾ 'ਚ ਤਾਂ ਭਾਰਤ ਦੀ ਥਾਂ 109ਵੀਂ ਰਹੀ, ਜਿਨਸੀ ਗੈਰਬਰਾਬਰੀ 'ਚ ਭਾਰਤ 128ਵੇਂ ਥਾਂ 'ਤੇ ਰਿਹਾ ਅਤੇ ਸਭ ਤੋਂ ਵੱਡੀ ਗੱਲ ਤਾ ਇਹ ਕਿ ਵਿਸ਼ਵ ਸ਼ਾਂਤੀ ਸੂਚਕਾਂਕ 'ਚ ਪਿਛਲੇ ਸਾਲ ਦੀ ਬਰਾਬਰੀ 'ਚ ਭਾਰਤ 5 ਪੌੜੀਆਂ ਹੋਰ ਥੱਲੇ ਡਿੱਗ ਗਿਆ।

ਅੱਜ ਇਹਨਾਂ ਸਾਰਿਆਂ ਆਂਕੜਿਆਂ ਨੂੰ ਧਿਆਨ 'ਚ ਰੱਖ ਕੇ ਚਿੰਤਨ ਕਰਨ ਦੀ ਲੋੜ ਹੈ, ਤਾਂ ਕਿ ਸਮਾਂ ਰਹਿੰਦੇ ਤਰੱਕੀ ਦੇ ਮਾਡਲ ਨੂੰ ਅਸਲ ਰੂਪ ਦਿੱਤਾ ਜਾ ਸਕੇ।

ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਰਤ ਵਿਚ ਸਿਹਤ ਸਹੂਲਤਾਂ ਵੀ ਕਾਰਪੋਰੇਟ ਬਜਾਰ ਦਾ ਹਿੱਸਾ ਬਣਦੀਆਂ ਜਾ ਰਹੀਆਂ ਹਨ। ਸਿਹਤ ਸੇਵਾਂਵਾ ਦੇ ਵਪਾਰੀਕਰਨ ਨੇ ਡਾਕਟਰ-ਮਰੀਜ਼ ਵਿਚਕਾਰਲੇ ਸਬੰਧ 'ਤੇ ਨਕਰਾਤਕਮਕ ਅਸਰ ਪਾਇਆ ਹੈ। ਜਿਆਦਾਤਰ ਅਜਿਹਾ ਦੇਖਿਆ ਜਾਂਦਾ ਹੈ ਕਿ ਸਰਕਾਰੀ ਹਸਪਤਾਲਾਂ 'ਚ ਮੈਡੀਕਲ ਉਪਕਰਣ ਖਰਾਬ ਪਏ ਹੋਣ ਜਾਂ ਆਧੁਨਿਕ ਤਕਨੀਕ ਨਾ ਹੋਣ ਨਾਲ ਰੋਗੀ



ਨੂੰ ਸਬੰਧਤ ਜਾਂਚ ਦੇ ਲਈ ਨਿੱਜੀ ਹਸਪਤਾਲ ਵੱਲ ਜਾਣ ਲਈ ਮਜਬੂਰ ਹੋਣਾ ਪੈਂਦਾ ਹੈ ਅਤੇ ਗਰੀਬੀ ਦੇ ਕਾਰਨ ਉਹ ਸਿਹਤ ਸਹੂਲਤਾਂ ਤੋਂ ਵਾਂਝੇ ਰਹਿ ਜਾਂਦੇ ਹਨ।

ਇਸ ਨੂੰ ਤ੍ਰਾਸਦੀ ਹੀ ਕਿਹਾ ਜਾਵੇਗਾ ਕਿ ਇਕ ਪਾਸੇ ਅਬਾਦੀ ਦਾ ਇਕ ਹਿੱਸਾ ਆਪਣੀ ਝੂਠੀ ਸਾਨ-ਸ਼ੌਕਤ ਦੇ ਲਈ ਵਿਆਹ ਅਤੇ ਹੋਰ ਸਮਾਗਮਾ 'ਚ ਖਾਣੇ ਦੀ ਬਰਬਾਦੀ ਕਰਦਾ ਹੈ, ਤਾਂ ਦੂਜੇ ਪਾਸੇ ਭਾਰਤ ਕੁਪੋਸ਼ਣ, ਖੂਨ ਦੀ ਕਮੀ, ਭੁੱਖਮਰੀ ਦੇ ਕਾਰਨ ਦੁਨੀਆਂ ਦੇ ਪੈਮਾਨੇ 'ਤੇ ਸ਼ਰਮਨਾਕ ਹਾਲਤ ਵਿਚ ਹੈ। ਇਹ ਤਰੱਕੀ ਦੀ ਕਿਹੋ ਜਿਹੀ ਤਸਵੀਰ ਹੈ ਜੋ ਇਕ ਪਾਸੇ ਇਹ ਤਸਦੀਕ ਕਰਦੀ ਹੈ ਕਿ ਹਿੰਦੂਸਤਾਨ ਤੇਜੀ ਨਾਲ ਵਧਣ ਵਾਲੀਆਂ ਅਰਥਵਿਵਸਥਾਵਾਂ 'ਚ ਉੱਚੀ ਥਾਂ 'ਤੇ ਹੈ ਅਤੇ ਦੂਜੇ ਪਾਸੇ ਗਰੀਬੀ, ਭੁੱਖਮਰੀ, ਕੁਪੋਸ਼ਣ, ਖੁਸ਼ਹਾਲੀ, ਬੇਰੋਜਗਾਰੀ ਅਤੇ ਮਾਨਸਕ ਸਿਹਤ ਪੱਖੋਂ ਨੀਵੀਂ ਥਾਂ 'ਤੇ ਖੜਾ ਨਜਰ ਆਉਂਦਾ ਹੈ ।ਕਹਿੰਦੇ ਹਨ ਕਿ ਸਿਹਤਮੰਦ ਸ਼ਰੀਰ 'ਚ ਸਿਹਤਮੰਦ ਦਿਮਾਗ ਵੱਸਦਾ ਹੈ, ਤਾਂ ਫਿਰ ਜੇਕਰ ਕਿਸੇ ਦੇਸ਼ ਦੇ ਬਹੁਤਾਤ ਲੋਕਾਂ ਦੀ ਮਾਨਸਕ ਅਤੇ ਸ਼ਰੀਰਕ ਸਿਹਤ ਹੀ ਸੰਕਟ ਦਾ ਸਾਹਮਣਾ ਜਾਂ ਚੁਣੌਤੀ ਦਾ ਸਾਹਮਣਾ ਕਰ ਰਹੀ ਹੋਵੇ ਤਾਂ ਉਸ ਦੇਸ਼ ਦੀ ਤਰੱਕੀ ਸ਼ੱਕ ਦੇ ਦਾਇਰੇ 'ਚ ਆ ਜਾਂਦੀ ਹੈ।

**ਹਰਪ੍ਰੀਤ ਸਿੰਘ ਬਰਾੜ**
**ਮੇਨ ਏਅਰ ਫੋਰਸ ਰੋਡ ,ਬਠਿੰਡਾ**



# ਮਹਾਨਤਾ ਤੇ ਮਸ਼ਹੂਰੀ ਵਿਚਲਾ ਅੰਤਰ

**ਮਦਰ ਟਰੇਸਾ ਸਾਰੀ ਉਮਰ ਲੋਕ ਭਲਾਈ ਅਤੇ ਨਿਮਾਣਿਆਂ ਦੀ ਸੇਵਾ ਨੂੰ ਸਮਰਪਿਤ ਰਹੀ। ਭਗਤ ਪੂਰਨ ਸਿੰਘ ਨੇ ਅਨਾਥ ਬੱਚੇ ਪਿਆਰਾ ਸਿੰਘ ਦੀ ਸੇਵਾ ਤੋਂ ਸ਼ੁਰੂ ਕਰਕੇ ਲੂਲ੍ਹੇ, ਲੰਗੜੇ, ਅਨਾਥ ਅਤੇ ਬੇਸਹਾਰਾ ਬੱਚਿਆਂ ਤੇ ਲੋਕਾਂ ਦੀ ਸੇਵਾ ਲਈ ਪਿੰਗਲਵਾੜਾ ਸ਼ੁਰੂ ਕਰਕੇ ਮਨੁੱਖਤਾ ਦੀ ਭਲਾਈ ਵਿਚ ਅਜਿਹਾ ਕੀਰਤੀਮਾਨ ਸਥਾਪਤ ਕੀਤਾ, ਜਿਸ ਦਾ ਕੋਈ ਸਾਨੀ ਨਹੀਂ। ਭਾਵੇਂ ਸਮੇਂ ਦੀਆਂ ਸਰਕਾਰਾਂ ਨੇ ਕੋਈ ਮੁੱਲ ਨਹੀਂ ਪਾਇਆ, ਪਰ ਉਹ ਲੋਕ-ਚੇਤਿਆਂ ਵਿਚ ਵੱਸਦਾ ਲੋਕ ਯਾਦ ਦਾ ਹਿੱਸਾ ਬਣਿਆ ਹੋਇਆ ਏ ਅਤੇ ਪਿੰਗਲਵਾੜਾ ਨਵੀਆਂ ਪੈੜਾਂ ਦਾ ਸਿਰਜਣਹਾਰਾ ਸਾਬਤ ਹੋ ਹਿਰਾ ਏ।**

ਮਹਾਨ ਹੋਣਾ ਅਤੇ ਮਸ਼ਹੂਰ ਹੋਣਾ, ਦੋ ਵੱਖ-ਵੱਖ ਪਹਿਲੂ। ਵੱਖ-ਵੱਖ ਅਰਥ ਅਤੇ ਵੱਖੋ ਵੱਖਰੇ ਸਰੋਕਾਰ। ਇਨ੍ਹਾਂ ਵਿਚ ਕੋਈ ਨਹੀਂ ਸਮਾਨਤਾ। ਇਨ੍ਹਾਂ ਵਿਚਲਾ ਵੱਖਰਾਪਣ ਹੀ ਨਿਰਧਾਰਤ ਕਰਦਾ ਕਿ ਕੋਈ ਮਹਾਨ ਹੈ ਜਾਂ ਮਸ਼ਹੂਰ।

ਹਰ ਮਹਾਨ ਵਿਅਕਤੀ ਮਸ਼ਹੂਰ ਤਾਂ ਹੋ ਸਕਦਾ, ਪਰ ਹਰ ਮਸ਼ਹੂਰ ਵਿਅਕਤੀ ਕਦੇ ਵੀ ਮਹਾਨ ਨਹੀਂ ਹੁੰਦਾ, ਕਿਉਂਕਿ ਮਹਾਨਤਾ ਤੇ ਮਸ਼ਹੂਰੀ ਅਲੱਗ ਅਲੱਗ ਨੇ।

ਮਸ਼ਹੂਰ ਹੋਣਾ ਬਹੁਤ ਅਸਾਨ, ਜਦੋਂ ਕਿ ਮਹਾਨ ਹੋਣਾ ਬਹੁਤ ਔਖਾ। ਬੜਾ ਲੰਮਾ ਪੈਂਡਾ। ਬਹੁਤ ਸਾਰੀਆਂ ਘਾਲਨਾਵਾਂ, ਔਕੜਾਂ ਤੇ ਮੁਸ਼ਕਿਲਾਂ ਵਿਚੋਂ ਗੁਜਰਨਾ ਪੈਂਦਾ। ਸਮਾਜ ਦਾ ਵਿਰੋਧ ਜਾਂ ਕੁਝ ਰਾਜਸੀ, ਅਫਸਰਸ਼ਾਹੀ ਤੇ ਸੱਤਾਧਾਰੀਆਂ ਦੇ ਵਿਰੋਧ ਦਾ ਸਾਹਮਣਾ ਕਰਨ ਵਿਚੋਂ ਹੀ ਮਹਾਨਤਾ ਪੁੰਗਰਦੀ। ਮਸ਼ਹੂਰ ਹੋਣ ਲਈ ਜਰੂਰੀ ਨਹੀਂ ਕਿ ਕੁਝ ਚੰਗਾ ਹੀ ਕੀਤਾ ਜਾਵੇ; ਕੁਝ ਵੀ ਮਾੜਾ ਕੀਤਾ, ਕਿਹਾ ਜਾਂ ਕਰਵਾਇਆ ਜਾ ਸਕਦਾ।

ਵਿਅਕਤੀ ਚੰਗੇ ਕਾਰਜਾਂ ਕਰਕੇ ਵੀ ਮਸ਼ਹੂਰ ਹੋ ਸਕਦਾ ਜਾਂ ਮਾੜੇ ਕੰਮਾਂ ਕਰਕੇ ਵੀ। ਸ਼ੋਸ਼ਲ ਮੀਡੀਆ ਦੇ ਜ਼ਮਾਨੇ ਵਿਚ ਮਸ਼ਹੂਰੀ ਲਈ ਲੋਕ ਕੁਝ ਵੀ ਕਰਨ ਲਈ ਤਿਆਰ। ਭਾਵੇਂ ਉਹ ਆਮ ਲੋਕਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਉਣਾ ਹੋਵੇ, ਲਾਈਵ ਖੁਦਕੁਸ਼ੀ ਕਰਨੀ ਹੋਵੇ; ਸਿਆਸੀ, ਸਮਾਜਕ ਜਾਂ ਧਾਰਮਿਕ ਖਲਬਲੀ ਪੈਦਾ ਕਰਨੀ ਹੋਵੇ, ਜਾਂ ਕੁਝ ਵੀ ਅਜਿਹਾ, ਜੋ ਬਿਖੇੜਾ ਖੜਾ ਕਰਕੇ ਮਸ਼ਹੂਰੀ ਦਾ ਸਬੱਬ ਬਣੇ। ਕਈ ਲੋਕ ਜਾਣ ਬੁਝ ਕੇ ਫੋਕੀ ਸ਼ੁਹਰਤ ਲਈ ਲੱਚਰ ਗੱਲ ਕਰਨਗੇ, ਗੀਤ ਗਾਉਣਗੇ, ਵਿਵਾਦਮਈ ਚਰਚਾ ਛੇੜਨਗੇ, ਕਿਸੇ ਪ੍ਰੋਗਰਾਮ ਵਿਚ ਖਲਲ ਪਾਉਣਗੇ ਤੇ ਪ੍ਰੋਗਰਾਮ ਦਾ ਸਵਾਦ ਕਿਰਕਰਾ ਕਰ ਦੇਣਗੇ। ਅਕਸਰ ਹੀ ਕਈ ਵਾਰ ਕੁਝ ਗਾਣਿਆਂ ਜਾਂ ਫਿਲਮਾਂ ਨੂੰ ਵਿਵਾਦਮਈ ਦੱਸ ਕੇ ਉਨ੍ਹਾਂ ਦੀ ਚਰਚਾ ਕੁਝ ਇਸ ਤਰ੍ਹਾਂ ਕੀਤੀ ਜਾਂਦੀ ਹੈ ਕਿ ਬਹੁਤ ਸਾਰੇ ਲੋਕ ਵਿਵਾਦਮਈ ਹਿੱਸੇ ਨੂੰ ਦੇਖਣ ਦੀ ਉਤਸੁਕਤਾ ਵੱਸ ਹੀ ਪ੍ਰੋਮੋਸ਼ਨ ਦੇ ਜਾਂਦੇ ਨੇ, ਜਦੋਂ ਕਿ ਅਸਲੀਅਤ ਕੁਝ ਹੋਰ ਹੁੰਦੀ। ਮਸ਼ਹੂਰੀ ਹੀ ਕੁਝ ਇਸ ਤਰ੍ਹਾਂ ਕਰ ਦਿਤੀ ਜਾਂਦੀ। ਕੁਝ ਲੋਕਾਂ ਨੂੰ ਜਲਦੀ ਜਲਦੀ ਮਸ਼ਹੂਰ ਹੋਣ ਦਾ ਵੱਧ ਚਾਅ ਹੁੰਦਾ। ਉਹ ਕੁਝ ਘਟੀਆ ਕਿਸਮ ਦੀ ਹਰਕਤ ਨਾਲ ਮਸ਼ਹੂਰ ਹੋਣਾ ਲੋਚਦੇ। ਅਜਿਹੇ ਲੋਕ ਮਾਨਸਿਕ ਤੌਰ 'ਤੇ ਬਿਮਾਰ। ਉਨ੍ਹਾਂ ਦੀ ਕੋਝੀ ਮਾਨਸਿਕਤਾ ਹੀ ਉਨ੍ਹਾਂ ਦੇ ਘਟੀਆਪਣ ਦਾ ਪੈਮਾਨਾ।

ਮਸ਼ਹੂਰੀ ਕਰਵਾਉਣਾ, ਦਰਅਸਲ ਮਨ ਵਿਚ ਇਕ ਭਰਮ ਪੈਦਾ ਕਰਨਾ ਹੁੰਦਾ। ਇਸ ਵਿਚ ਹੀ ਛੁਪਿਆ ਹੁੰਦਾ ਮਨੁੱਖ ਦਾ ਵਿਨਾਸ਼। ਅੱਜ ਕਲ ਲੋਕ ਅਜਿਹੀ ਮਾਨਸਿਕਤਾ ਦਾ ਸ਼ਿਕਾਰ। ਮਸ਼ਹੂਰੀ ਲਈ ਮੰਤਰੀ ਜਾਂ ਵੱਡੇ ਵਿਅਕਤੀ ਨਾਲ ਖਿਚਵਾਈ ਫੋਟੋ, ਨਿੱਕੇ ਜਿਹੇ ਦਾਨ ਨੂੰ ਖਬਰਾਂ ਤੇ ਸ਼ੋਸ਼ਲ ਮੀਡੀਆ 'ਤੇ ਪ੍ਰਚਾਰਨ ਦਾ ਢੌਂਗ ਅਤੇ ਕੁਝ ਨਾ ਕਰਕੇ ਵੀ ਬਹੁਤ ਕੁਝ ਕਰਨ ਦਾ ਪਰਪੰਚ, ਮਨ ਦਾ ਕੋਝਾ ਵਹਿਮ। ਬਹੁਤੇ ਲੋਕ ਅਜਿਹੇ ਪਰਪੰਚ 'ਚ ਬਹੁਤ ਨਿਪੁੰਨ। ਅਜਿਹੀ ਮਸ਼ਹੂਰੀ ਸਿਰਫ ਛਿਣ-ਭੰਗਰੀ। ਕੋਈ ਨਹੀਂ ਇਸ ਨੂੰ ਚੇਤੇ ਰੱਖਦਾ। ਕਈ ਵਾਰ ਮਸ਼ਹੂਰ ਵਿਅਕਤੀ ਕੋਝੇ, ਲਾਲਚੀ, ਨਿਜ-ਪ੍ਰਸਤ ਅਤੇ ਸਵੈ ਤੀਕ ਸੀਮਤ। ਉਹ ਸਵੈ ਲਈ ਕਿਸੇ ਵੀ ਕਮੀਨਗੀ 'ਤੇ ਉਤਾਰੂ। ਉਹ ਤਾਂ ਆਪਣੇ ਪਿਆਰਿਆਂ, ਪਰਿਵਾਰ, ਸਮਾਜ, ਕੌਮ ਜਾਂ ਦੇਸ਼ ਨੂੰ ਧੋਖਾ ਦੇਣ, ਫਰੇਬ ਕਰਨ ਜਾਂ ਹਥਿਆਉਣ ਲਈ ਕੁਝ ਵੀ ਕਰ ਸਕਦੇ। ਅਜਿਹੇ ਲੋਕਾਂ ਤੋਂ ਬਚਣ ਵਿਚ ਹੀ ਭਲਾਈ। ਮਹਾਨ ਵਿਅਕਤੀ ਸਿਰਫ ਆਪਣੇ ਵਿਚਾਰ, ਕਿਰਦਾਰ, ਅਚਾਰ, ਵਿਹਾਰ ਅਤੇ ਜੀਵਨ-ਸੰਘਰਸ਼ ਵਿਚੋਂ ਹੀ ਪੈਦਾ ਹੁੰਦੇ। ਉਨ੍ਹਾਂ ਦਾ ਇਕ ਸੁਪਨਾ ਹੁੰਦਾ ਅਤੇ ਉਹ ਇਸ ਦੀ ਪ੍ਰਾਪਤੀ ਲਈ ਸਿਰੜ, ਸਾਧਨਾ ਅਤੇ ਸਮਰਪਣ ਨੂੰ ਪ੍ਰਤੀਬੱਧ। ਇਹ ਸੁਪਨਾ ਨਿੱਜੀ ਨਹੀਂ, ਸਗੋਂ ਸਮੁੱਚ ਦਾ ਹੁੰਦਾ। ਸਰਬ-ਲੋਕਾਈ ਦੀ ਭਲਾਈ ਛੁਪੀ ਹੁੰਦੀ। ਇਹ ਅਨਾਥ ਬੱਚਿਆਂ ਦਾ ਸਹਾਰਾ, ਹਨੇਰੇ ਮਸਤਕ ਵਿਚ ਚਾਨਣ-ਚਿਰਾਗ਼ ਧਰਨ ਦਾ ਉਪਰਾਲਾ, ਜਖਮਾਂ ਲਈ ਮਰਹਮ ਜਾਂ ਲੋੜਵੰਦ ਦੀ ਸਮੇਂ ਸਿਰ ਸਾਰਥਕ ਮਦਦ ਵੀ ਹੋ ਸਕਦਾ। ਮਹਾਨ ਲੋਕਾਂ ਲਈ ਨਿੱਜੀ ਲਾਲਚ, ਧਨ ਜਾਂ ਰੁਤਬੇ ਦਾ ਕੋਈ ਅਰਥ ਨਹੀਂ। ਗੁੰਮ ਹੋਏ ਬੱਚਿਆਂ ਨੂੰ ਲੱਭਣ ਵਾਲਾ ਅਤੇ ਸ਼ਾਂਤੀ ਨੋਬਲ ਪੁਰਸਕਾਰ ਜਿੱਤਣ ਵਾਲਾ ਕੈਲਾਸ਼ ਸਤਿਆਰਥੀ ਇਕ ਅਜਿਹਾ ਕਰਮਯੋਗੀ ਹੈ, ਜਿਸ ਨੂੰ ਤਾਕਤਵਾਰ ਗਰੋਹਾਂ ਨੇ ਜਾਨ ਤੋਂ ਮਾਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਉਹ ਆਪਣੇ ਇਰਾਦੇ 'ਤੇ ਅਡੋਲ ਰਿਹਾ। ਬੱਚਿਆਂ ਨੂੰ ਬਚਾਉਣਾ ਹੀ ਉਸ ਦਾ ਪਰਮ ਧਰਮ ਹੈ। ਸੁਪਰ-30 ਵਾਲਾ ਅਨੰਦ ਕੁਮਾਰ ਬਹੁਤ ਹੀ ਗਰੀਬ, ਪਰ ਹੁਸ਼ਿਆਰ ਬੱਚਿਆਂ ਨੂੰ ਮੁਫਤ ਵਿਚ ਕੋਚਿੰਗ, ਰਿਹਾਇਸ਼ ਅਤੇ ਖਾਣਾ ਦਿੰਦਾ, ਆਈ.ਆਈ.ਟੀ. ਦੇ ਦਾਖਲਾ ਇਮਤਿਹਾਨ ਲਈ ਤਿਆਰੀ ਕਰਵਾਉਂਦਾ ਹੈ। ਉਹ ਹੁਣ ਤੀਕ ਬਹੁਤ ਸਾਰੇ ਅਜਿਹੇ ਬੱਚਿਆਂ ਦੇ ਸੁਪਨਿਆਂ ਦੀ ਪੂਰਤੀ ਦਾ ਸਬੱਬ ਬਣਿਆ ਹੈ, ਜੋ ਕਿਸੇ ਆਈ.ਆਈ.ਟੀ. ਜਿਹੀ ਸੰਸਥਾ ਵਿਚ ਦਾਖਲੇ ਦਾ ਸੁਪਨਾ ਵੀ ਨਹੀਂ ਸੀ ਲੈ ਸਕਦੇ।

ਮਦਰ ਟਰੇਸਾ ਸਾਰੀ ਉਮਰ ਲੋਕ ਭਲਾਈ ਅਤੇ ਨਿਮਾਣਿਆਂ ਦੀ ਸੇਵਾ ਨੂੰ ਸਮਰਪਿਤ ਰਹੀ। ਭਗਤ ਪੂਰਨ ਸਿੰਘ ਨੇ ਅਨਾਥ ਬੱਚੇ ਪਿਆਰਾ ਸਿੰਘ ਦੀ ਸੇਵਾ ਤੋਂ ਸ਼ੁਰੂ ਕਰਕੇ ਲੂਲ੍ਹੇ, ਲੰਗੜੇ, ਅਨਾਥ ਅਤੇ ਬੇਸਹਾਰਾ ਬੱਚਿਆਂ ਤੇ ਲੋਕਾਂ ਦੀ ਸੇਵਾ ਲਈ ਪਿੰਗਲਵਾੜਾ ਸ਼ੁਰੂ ਕਰਕੇ ਮਨੁੱਖਤਾ ਦੀ ਭਲਾਈ ਵਿਚ ਅਜਿਹਾ ਕੀਰਤੀਮਾਨ ਸਥਾਪਤ ਕੀਤਾ, ਜਿਸ ਦਾ ਕੋਈ ਸਾਨੀ ਨਹੀਂ। ਭਾਵੇਂ ਸਮੇਂ ਦੀਆਂ ਸਰਕਾਰਾਂ ਨੇ ਕੋਈ ਮੁੱਲ ਨਹੀਂ ਪਾਇਆ, ਪਰ ਉਹ ਲੋਕ-ਚੇਤਿਆਂ ਵਿਚ ਵੱਸਦਾ ਲੋਕ ਯਾਦ ਦਾ ਹਿੱਸਾ ਬਣਿਆ ਹੋਇਆ ਏ ਅਤੇ ਪਿੰਗਲਵਾੜਾ ਨਵੀਆਂ ਪੈੜਾਂ ਦਾ ਸਿਰਜਣਹਾਰਾ ਸਾਬਤ ਹੋ ਹਿਰਾ ਏ।

ਖਾਲਸਾ ਏਡ ਵਰਗੀ ਗੈਰ-ਸਰਕਾਰੀ ਸੰਸਥਾ ਨੇ ਸਰਬੱਤ ਦੇ ਭਲੇ ਦੇ ਪੈਗਾਮ ਨੂੰ ਸਾਰੀ ਦੁਨੀਆਂ ਵਿਚ ਫੈਲਾਇਆ ਏ। ਉਹ ਹਰ ਲੋੜਵੰਦ ਦੀ ਮਦਦ ਲਈ ਪਹੁੰਚਦੀ ਹੈ। ਭਾਵੇਂ ਇਹ ਭਰਾ ਮਾਰੂ ਜੰਗ ਦੀ ਮਾਰ ਹੇਠ ਆਇਆ ਸੀਰੀਆ ਹੋਵੇ, ਭੁਚਾਲ-ਗ੍ਰਸਤ ਹੇਤੀ ਹੋਵੇ, ਮੀਆਂਮਾਰ ਦੇ ਰੋਹਿੰਗੇ ਮੁਸਲਮਾਨ ਹੋਣ ਜਾਂ ਪੰਜਾਬ ਵਿਚ ਹੜ੍ਹਾਂ ਦੌਰਾਨ ਉਜੜੇ ਪੰਜਾਬੀਆਂ ਦੀ ਬਾਂਹ ਫੜਨ ਦਾ ਵੇਲਾ ਹੋਵੇ। ਅਜਿਹੇ ਕਾਰਜ ਮਹਾਨਤਾ ਵੰਨੀਂ ਜਾਂਦੇ ਮਾਰਗ ਦੀ ਨਿਸ਼ਾਨਦੇਹੀ ਹਨ। ਇਨ੍ਹਾਂ ਲਈ ਮਸ਼ਹੂਰੀ ਦੇ ਕੋਈ ਅਰਥ ਨਹੀਂ। ਮਸ਼ਹੂਰ ਤਾਂ ਫਿਲਮੀ ਕਲਾਕਾਰ ਜਾਂ ਗਾਇਕ ਵੀ, ਪਰ ਸਾਰੇ ਮਹਾਨ ਨਹੀਂ ਹੁੰਦੇ। ਕਿਉਂਕਿ ਮਹਾਨਤਾ ਕਮਾਉਣੀ ਪੈਂਦੀ, ਸਮਾਜ ਨਾਲ ਜੁੜ ਕੇ, ਸਮਾਜਕ ਸੂਝ ਰਾਹੀਂ ਇਸ ਦੇ ਸਰੋਕਾਰਾਂ ਨੂੰ ਆਪਣੀ ਸੋਚ ਦਾ ਹਿੱਸਾ ਬਣਾ ਕੇ। ਸਮਾਜ ਨੂੰ ਕੁਝ ਅਜਿਹਾ ਦੇਣਾ ਕਿ ਜਿਸ ਨਾਲ ਸਮਾਜ ਦਾ ਮੁਹਾਂਦਰਾ ਨਿਖਰੇ, ਕੁਦਰਤ ਦਾ ਅਸਾਵਾਂਪਣ ਦੂਰ ਹੋਵੇ, ਪਲੀਤ ਪਾਣੀ ਪਵਿੱਤਰ ਹੋਵੇ, ਜ਼ਹਿਰੀਲੀ ਪੌਣ ਵਿਚੋਂ ਜ਼ਹਿਰ ਚੂਸੀ ਜਾਵੇ ਅਤੇ ਧਰਤੀ ਦੀ ਕੁੱਖ ਵਿਚ ਫਸਲਾਂ ਅਤੇ ਬਿਰਖ ਮੌਲਣ, ਨਾ ਕਿ ਇਸ ਦੀ ਕੁੱਖ ਵਿਚ ਖੁਦਕੁਸ਼ੀਆਂ ਪੈਦਾ ਹੋਣ। ਅਜਿਹੇ ਕਰਮਯੋਗੀ ਹੀ ਧਰਤ ਮਾਂ ਦੇ ਛਿੰਦੇ ਪੁੱਤ, ਅਤੇ ਲੋਕਾਈ ਉਨ੍ਹਾਂ ਦੇ ਸਦਕੇ ਜਾਂਦੀ। ਪਾਣੀ ਨੂੰ ਸੰਭਾਲਣ ਵਾਲੇ ਅਤੇ ਹਵਾ ਦੇ ਲੰਗਰ ਲਾਉਣ ਵਾਲੇ ਲੋਕ, ਕੁਦਰਤੀ ਸੰਤੁਲਨ ਦੇ ਹਾਮੀ। ਅਜਿਹੇ ਵਿਅਕਤੀ ਮਹਾਨ ਹੁੰਦੇ, ਪਰ ਉਹ ਸ਼ਖਸ ਸਿਰਫ 'ਛੁਪੇ ਰਹਿਣ ਦੀ ਚਾਹ, ਛੁਪੇ ਤੁਰ ਜਾਣ ਦੀਂ' ਮਨ ਵਿਚ ਪਾਲ ਕੇ ਮਨੁੱਖਤਾ ਦੀ ਝੋਲੀ ਵਿਚ ਕੁਝ ਅਜਿਹਾ ਧਰ ਜਾਂਦੇ ਕਿ ਕੁਦਰਤ ਸਦਾ ਉਨ੍ਹਾਂ ਦਾ ਸ਼ੁਕਰੀਆ ਅਦਾ ਕਰਦੀ। ਮਹਾਨ ਵਿਅਕਤੀ ਉਹ ਹੁੰਦੇ, ਜੋ ਜੀਵਨ ਨੂੰ ਹੋਰ ਜਿਉਣ ਜੋਗਾ ਬਣਾਉਂਦੇ, ਸੁੰਦਰ ਧਰਤੀ ਨੂੰ ਅਤਿ-ਸੁੰਦਰ ਬਣਾ ਕੇ ਇਸ ਦੀ ਉਪਭੋਗਤਾ ਅਤੇ ਉਤਪਾਦਕਤਾ ਨੂੰ ਕਈ ਗੁਣਾ ਵਧਾਉਂਦੇ, ਰੁੱਸੀ ਹੋਈ ਜ਼ਿੰਦਗੀ ਨੂੰ ਮੋੜ ਕੇ ਲਿਆਉਂਦੇ ਅਤੇ ਉਸ ਦੀ ਝੋਲੀ ਵਿਚ ਨਿਆਮਤਾਂ ਦਾ ਸ਼ਗਨ ਪਾਉਂਦੇ। ਵੱਡੇ ਵਿਅਕਤੀ ਉਹ ਹੁੰਦੇ, ਜਿਨ੍ਹਾਂ ਦੇ ਬੋਲਾਂ ਵਿਚ ਸਿਆਣਪ, ਸੋਝੀ ਅਤੇ ਸੱਚ ਦਾ ਵਾਸਾ, ਜਿਨ੍ਹਾਂ ਦੇ ਹਰਫਾਂ ਵਿਚ ਜਬਰ ਵਿਰੁਧ ਡਟਣ, ਕੁਰਹਿਤਾਂ ਨੂੰ ਲਲਕਾਰਨ ਅਤੇ ਨਿਹੱਥਿਆਂ ਤੇ ਨਿਧਰਿਆਂ ਦੀ ਧਿਰ ਬਣਨ ਦਾ ਵਲਵਲਾ। ਇਸ ਵਿਚੋਂ ਹੀ ਉਨ੍ਹਾਂ ਦੀ ਮਹਾਨਤਾ ਦਾ ਮਾਰਗ ਸ਼ੁਰੂ ਹੁੰਦਾ।

ਮਹਾਨ ਬਾਬਾ ਨਾਨਕ ਸੀ, ਜਿਸ ਦੇ ਵਿਵੇਕ ਨੇ ਧਾਰਮਿਕ ਤੇ ਸਮਾਜਕ ਅਰਾਜਕਤਾ ਨੂੰ ਠੱਲ ਪਾਈ, ਲੁਟੀ ਜਾ ਰਹੀ ਲੋਕਾਈ ਨੂੰ ਜਗਾਇਆ, ਬਾਬਰਵਾਣੀ ਰਾਹੀਂ ਸਮੇਂ ਦੇ ਹਾਕਮ ਨੂੰ ਖਰੀਆਂ ਖਰੀਆਂ ਸੁਣਾਈਆਂ, ਧਰਮ ਦੇ ਅਲੰਬਰਦਾਰਾਂ ਨੂੰ ਉਨ੍ਹਾਂ ਦੀ ਅਸਲੀਅਤ ਤੋਂ ਜਾਣੂ ਕਰਵਾ ਕੇ ਫੋਕੇ ਭਰਮਾਂ, ਪਖੰਡਾਂ ਅਤੇ ਮਰਿਆਦਾਵਾਂ ਦਾ ਭਾਂਡਾ ਭੰਨਿਆ। ਬਾਬੇ ਦੀ ਮਹਾਨਤਾ ਨੂੰ ਨਤਮਸਤਕ ਹੋ ਅਤੇ ਉਸ ਦੀ ਸ਼ਬਦ-ਸੂਝ ਨੂੰ ਮਨ ਵਿਚ ਵਸਾ ਕੇ ਮਾਨਵਤਾ ਦਾ ਸਿਖਰ ਸਿਰਜਿਆ ਜਾ ਸਕਦਾ। ਕਈ ਲੋਕ ਇਕ ਮੁਖੌਟਾ ਪਾ ਕੇ ਖੁਦ ਨੂੰ ਮਹਾਨ ਅਤੇ ਮਸ਼ਹੂਰ ਹੋਣ ਦਾ ਢੌਂਗ ਰਚਦੇ। ਇਹ ਪਰਦਾਦਾਰੀ ਇਕ ਹੀ ਗੱਲ, ਕਾਰਜ ਜਾਂ ਗਲਤ ਕਦਮ ਨਾਲ ਅਜਿਹੀ ਲੀਰੋ ਲੀਰ ਹੁੰਦੀ ਕਿ ਕਈ ਸਾਲਾਂ ਦਾ ਪਾਇਆ ਮੁਖੌਟਾ ਵੀ ਸਾਥ ਦੇਣ ਤੋਂ ਨਾਬਰ ਹੋ ਜਾਂਦਾ। ਮਹਾਨ ਲੋਕ ਸਦਾ ਸੱਚੇ, ਸਪੱਸ਼ਟ, ਸਮਝਦਾਰ, ਸਮਰਪਿਤ ਅਤੇ ਸਿਦਕ ਵਾਲੇ। ਉਨ੍ਹਾਂ ਦੇ ਮਨਾਂ ਵਿਚ ਕੂੜ-ਕਪਟ, ਕੋਝਾਪਣ, ਕਮੀਨਗੀ ਅਤੇ ਕਾਲਖ ਨਹੀਂ ਹੁੰਦੀ। ਉਹ ਪਾਰਦਰਸ਼ੀ ਅਤੇ ਪਾਕ ਹੁੰਦੇ। ਮਹਾਨ ਵਿਅਕਤੀ ਨਿਮਾਣੇ, ਨਿਮਰ ਅਤੇ ਧਰਤੀ ਨਾਲ ਜੁੜੇ ਹੁੰਦੇ। ਉਨ੍ਹਾਂ ਦੇ ਮਨਾਂ ਵਿਚ 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ' ਦੀ ਸੋਚ ਪ੍ਰਬਲ। ਉਹ ਕਹਿਣ ਨਾਲੋਂ ਕਰਨ ਦੇ ਵੱਧ ਵਿਸ਼ਵਾਸੀ। ਉਹ ਭਲਾਈ ਕਰ ਕੇ ਲਾਹਾ ਨਹੀਂ ਲੈਂਦੇ। ਉਹ ਗੁਪਤ ਦਾਨੀ ਹੁੰਦੇ, ਕਿਉਂਕਿ ਉਹ ਚਾਹੁੰਦੇ ਕਿ ਕੋਈ ਉਨ੍ਹਾਂ ਦੇ ਨਾਂ ਦਾ ਪੱਥਰ ਨਾ ਲਾਵੇ। ਉਹ ਇਤਿਹਾਸ ਪੜ੍ਹਦੇ ਨਹੀਂ, ਇਤਿਹਾਸ ਸਿਰਜਦੇ। ਉਹ ਪੈਰ 'ਚ ਪੈਰ ਨਹੀਂ ਧਰਦੇ, ਪੈੜਾਂ ਖੁਦ ਸਿਰਜਦੇ। ਉਹ ਇਬਾਰਤ ਵਿਚੋਂ ਇਬਾਦਤ ਨਹੀਂ ਦੇਖਦੇ, ਸਗੋਂ ਉਨ੍ਹਾਂ ਦੀ ਕੀਰਤੀ ਹੀ ਉਨ੍ਹਾਂ ਲਈ ਇਬਾਦਤ ਹੁੰਦੀ। ਉਨ੍ਹਾਂ ਲਈ ਕਿਰਤ ਕਰਨੀ ਅਤੇ ਵੰਡ ਛਕਣਾ, ਜੀਵਨ ਦਾ ਮੂਲ-ਮੰਤਰ, ਜੋ ਉਨ੍ਹਾਂ ਨੂੰ ਕਰਮਯੋਗੀ ਬਣਾਉਂਦੀ। ਮਹਾਨਤਾ ਸਦੀਵੀ, ਸਮਾਂ ਸੀਮਾ ਤੋਂ ਪਾਰ, ਪਰ ਮਸ਼ਹੂਰੀ ਕੁਝ ਪਲ, ਘੰਟੇ, ਦਿਨ, ਮਹੀਨੇ ਜਾਂ ਸਾਲਾਂ ਦੀ ਹੋ ਸਕਦੀ ਅਤੇ ਇਸ ਪਿਛੋਂ ਕੋਈ ਨਹੀਂ ਜਾਣਦਾ। ਮਹਾਨ ਵਿਅਕਤੀ ਨੂੰ ਆਪਣੀ ਮਹਾਨਤਾ ਦਾ ਕਦੇ ਵੀ ਅੰਦਾਜ਼ਾ ਨਹੀਂ ਹੁੰਦਾ। ਉਹ ਆਪਣੀ ਕਰਮ-ਕਿਰਤ ਵਿਚ ਇੰਨਾ ਲੀਨ ਹੁੰਦੇ ਕਿ ਮਹਾਨਤਾ ਵੀ ਰਸਾਤਲ ਜਾਪਦੀ। ਉਨ੍ਹਾਂ ਲਈ ਮਹਾਨਤਾ ਦੇ ਅਰਥ ਸਮਾਜਕ ਤੇ ਅੰਤਰੀਵੀ ਹੁੰਦੇ, ਜਿਸ ਨਾਲ ਮਨੁੱਖ ਖੁਦ ਵਿਚੋਂ ਹੀ ਆਪਣੀ ਪੁਨਰ ਸਿਰਜਣਾ ਕਰਦਾ। ਮਨੁੱਖ ਤੋਂ ਇਨਸਾਨ ਤੇ ਇਨਸਾਨੀਅਤ ਦਾ ਅਭਿਲਾਸ਼ੀ। ਸਭ ਤੋਂ ਵੱਡਾ ਧਰਮ ਇਨਸਾਨੀਅਤ ਹੈ ਅਤੇ ਮਨੁੱਖ ਇਸ ਤੋਂ ਹੀ ਪਾਸਾ ਵੱਟਣ ਲਈ ਕਾਹਲਾ। ਮਰ ਗਈ ਇਨਸਾਨੀਅਤ ਦਾ ਮਰਸੀਆ ਪੜ੍ਹਨ ਦੀ ਥਾਂ ਜੇ ਅਸੀਂ ਇਸ ਦੀ ਆਰਤੀ ਉਤਾਰਾਂਗੇ, ਇਸ ਦੇ ਸਮੁੱਚ ਨੂੰ ਜੀਵਨ-ਸ਼ੈਲੀ ਬਣਾਵਾਂਗੇ ਜਾਂ ਮਨ-ਕੋਠੇ 'ਤੇ ਉਚੀ ਆਵਾਜ਼ ਵਿਚ ਹੋਕਾ ਦੇਵਾਂਗੇ ਤਾਂ ਬੋਲੇ ਕੰਨ ਵੀ ਇਸ ਨੂੰ ਸੁਣ ਸਕਣਗੇ; ਪਰ ਸਭ ਤੋਂ ਪਹਿਲਾਂ ਖੁਦ ਨੂੰ ਇਸ ਦਾ ਹਾਣੀ ਬਣਾਉਣਾ ਪਵੇਗਾ।

ਮਹਾਨ ਵਿਅਕਤੀ ਹਿੰਮਤੀ, ਮਦਦਗਾਰ, ਮਿਕਨਾਤੀਸ, ਮੇਲ-ਜੋਲ ਵਾਲੇ ਅਤੇ ਮੁਸਕਰਾਹਟ ਦੇ ਵਣਜਾਰੇ। ਇਸ ਮੁਸਕਰਾਹਟ ਵਿਚੋਂ ਹੀ ਉਨ੍ਹਾਂ ਦੀ ਬੰਦਿਆਈ ਤੇ ਭਲਾਈ ਮੁਸਕਰਾਉਂਦੀ। ਇਸ ਵਿਚ ਹੀ ਸਮੋਈ ਹੁੰਦੀ ਮਨੁੱਖ-ਭਾਵੀ ਮਹਾਨਤਾ। ਮਹਾਨ ਵਿਅਕਤੀਆਂ ਦੀ ਮਹਾਨਤਾ ਇਸ ਕਰਕੇ ਵੀ ਹੁੰਦੀ ਕਿ ਉਹ ਕੁਰੱਖਤ ਸਮੇਂ ਵਿਚ ਮਜਬੂਤ ਰਹਿੰਦੇ ਅਤੇ ਹਰੇਕ ਕਿਸਮ ਦੇ ਵਿਰੋਧ ਦੇ ਬਾਵਜੂਦ ਉਹ ਕੁਝ ਪ੍ਰਾਪਤ ਕਰ ਲੈਂਦੇ, ਜਿਸ ਦਾ ਅੰਦਾਜ਼ਾ ਉਨ੍ਹਾਂ ਦੇ ਵਿਰੋਧੀਆਂ ਨੂੰ ਵੀ ਨਹੀਂ ਹੁੰਦਾ। ਹਰ ਵਿਅਕਤੀ ਵਿਚ ਮਹਾਨ ਬਣਨ ਦੇ ਗੁਣ ਹੁੰਦੇ ਬਸ਼ਰਤੇ ਉਹ ਆਪਣੇ ਸੁਪਨਿਆਂ ਅਤੇ ਸਾਧਨਾਂ ਨੂੰ ਖਾਸ ਸੇਧ ਦੇ, ਇਸ ਨੂੰ ਪੂਰਨਤਾ ਵੰਨੀਂ ਲੈ ਜਾਣ ਦਾ ਪ੍ਰਣ ਨਿਭਾਉਣਾ ਜਾਣਦਾ ਹੋਵੇ। ਮਹਾਨਤਾ ਦਰਅਸਲ ਮਨੁੱਖ ਦੇ ਅੰਦਰ ਵੱਸਦੀ, ਜੋ ਸਮੁੱਚੀ ਪਛਾਣ ਵਿਚੋਂ ਪ੍ਰਗਟਦੀ।

ਮਹਾਨ ਹੋਣ ਲਈ ਵਿਅਕਤੀ ਦਾ ਜ਼ਿੰਮੇਵਾਰ ਹੋਣਾ ਅਤੇ ਖੁਦ ਲਈ ਜਵਾਬਦੇਹ ਹੋਣਾ ਬਹੁਤ ਜਰੂਰੀ। ਉਸ ਨੂੰ ਸੱਚ/ਝੂਠ, ਗਲਤ/ਸਹੀ ਜਾਂ ਅਰਥਮਈ/ਬੇਅਰਥੇ ਦਾ ਅਹਿਸਾਸ ਅਤੇ ਅਭਾਸ ਹੁੰਦਾ। ਮਹਾਨਤਾ ਕਮਾਈ ਜਾਂਦੀ। ਕਦੇ ਵੀ ਕਿਸਮਤ ਨਹੀਂ ਹੁੰਦੀ। ਨਾ ਹੀ ਵਿਰਸੇ ਵਿਚ ਮਿਲਦੀ ਜਾਂ ਖਰੀਦੀ ਜਾ ਸਕਦੀ। ਇਹ ਤਾਂ ਖੁਦ ਤੋਂ ਖੁਦਾਈ ਤੀਕ ਦਾ ਸਫਰ। ਨਿਮਾਣਾ ਅਤੇ ਹਲੀਮ ਬਣ ਕੇ ਮਨੁੱਖ ਮਹਾਨ ਹੋ ਸਕਦਾ। ਹੰਕਾਰੀ, ਹੈਂਕੜਬਾਜ ਕਦੇ ਵੀ ਮਹਾਨ ਨਹੀਂ ਹੋ ਸਕਦਾ। ਮਹਾਨ ਬਣਨ ਲਈ ਵਕਤ, ਵਖਤ, ਵਿਰੋਧ, ਵੱਖਰਤਾਵਾਂ ਦਾ ਸਾਹਮਣਾ ਕਰਨਾ ਪੈਂਦਾ।

ਯਾਦ ਰੱਖਣਾ! ਮਸ਼ਹੂਰੀ ਕਰਵਾਉਣ ਵਾਲਾ ਵਿਅਕਤੀ ਕਦੇ ਵੀ ਮਹਾਨ ਨਹੀਂ ਹੁੰਦਾ, ਜਦ ਕਿ ਮਹਾਨ ਵਿਅਕਤੀ ਕਦੇ ਵੀ ਮਸ਼ਹੂਰੀ ਨਹੀਂ ਚਾਹੁੰਦਾ। ਮਹਾਨ ਵਿਅਕਤੀ ਉਹ ਹੀ ਹੋ ਸਕਦਾ, ਜਿਸ ਦੇ ਮਨ ਵਿਚ ਸੁਪਨਾ, ਸੰਭਾਵਨਾ ਅਤੇ ਸੰਭਵ ਦੇ ਸੰਦਰਭ ਨੂੰ ਸਮਝੇ। ਇਸ ਨੂੰ ਸਮਾਜਕ ਸਰੋਕਾਰਾਂ ਦੇ ਚੰਗੇ ਵਿਕਾਸ ਤੇ ਵਿਸਥਾਰ ਲਈ ਨਿਵੇਕਲੇ ਅਤੇ ਨਰੋਏ ਦਿਸਹੱਦਿਆਂ ਦੀ ਨਿਸ਼ਾਨਦੇਹੀ ਕਰੇ। ਮਹਾਨਤਾ ਦੁਨਿਆਵੀ ਵਸਤਾਂ, ਸੁੱਖ-ਸਹੂਲਤਾਂ ਤੋਂ ਉਤੇ। ਸਮਾਜ ਤੇ ਦੇਸ਼ ਲਈ ਨਵੇਂ ਸਿਰਨਾਵਿਆਂ ਦੀ ਸਿਰਜਣਾ। ਕੁਝ ਅਜਿਹਾ ਕਰ ਜਾਣਾ ਕਿ ਲੋਕ ਤੁਹਾਡੇ ਰਾਹਾਂ 'ਤੇ ਤੁਰਨ ਦੀ ਚਾਹਨਾ ਮਨ ਵਿਚ ਪਾਲਣ। ਭਵਿੱਖ ਤੁਹਾਡੇ 'ਤੇ ਮਾਣ ਕਰੇ ਅਤੇ ਲੋਕ-ਚੇਤਿਆਂ ਵਿਚ ਸਦੀਵੀ ਥਾਂ ਹੋਵੇ।

ਮਹਾਨਤਾ ਨੂੰ ਨਤਮਸਤਕ ਹੋਣ ਲਈ ਕੁਦਰਤ ਵੰਨੀਂ ਦੇਖਣਾ, ਇਸ ਦੇ ਨਿਆਮਤ-ਭੰਡਾਰਾਂ ਦਾ ਸ਼ੁਕਰੀਆ ਕਰਨਾ ਅਤੇ ਇਸ ਦੀਆਂ ਬਖਸ਼ਿਸ਼ਾਂ ਦੀ ਬੰਦਗੀ ਕਰਨਾ, ਜੋ ਮਨੁੱਖ ਨੂੰ ਸੁੰਦਰਤਾ, ਸਦੀਵਤਾ ਤੇ ਸਾਹ ਬਖਸ਼ਦੀ ਏ। ਇਸ ਤੋਂ ਮਹਾਨ ਤਾਂ ਕੋਈ ਹੋ ਹੀ ਨਹੀਂ ਸਕਦਾ। ਮਹਾਨ ਲੋਕਾਂ ਦੇ ਸੁਪਨੇ ਵੀ ਵੱਡੇ ਹੁੰਦੇ। ਉਨ੍ਹਾਂ ਦੇ ਸੁਪਨਿਆਂ ਦਾ ਸੱਚ ਵੀ ਚਿਰੰਜੀਵੀ, ਸਥਿਰ ਅਤੇ ਦੂਰ-ਪ੍ਰਭਾਵੀ। ਵੱਡੇ ਸੁਪਨੇ ਹੀ ਵੱਡੇ ਅਰਥਾਂ ਦੀ ਅਰਦਾਸ ਹੁੰਦੇ। ਹੌਸਲੇ, ਵਿਸ਼ਵਾਸ, ਸਖਤ ਮਿਹਨਤ ਤੇ ਨਿਸ਼ਠਾ ਵਿਚੋਂ ਹੀ ਮਹਾਨਤਾ ਪੁੰਗਰਦੀ। ਮਹਾਨਤਾ ਪਹਾੜ ਦੀ ਚੋਟੀ ਨੂੰ ਜਾਂਦਾ ਪਥਰੀਲਾ ਰਸਤਾ, ਪਰ ਸਿਖਰ 'ਤੇ ਪਹੁੰਚ ਕੇ ਇਕ ਸਕੂਨ ਤੇ ਸਹਿਜ ਸੰਗ ਅੰਬਰ ਨਾਲ ਗੱਲਾਂ ਕਰਨਾ ਅਤੇ ਸਮੁੱਚੇ ਬ੍ਰਹਿਮੰਡ ਨੂੰ ਨਿਹਾਰਨਾ ਮਨ-ਤ੍ਰਿਪਤੀ ਦੀ ਸੰਪੂਰਨਤਾ।

ਲੋੜ ਹੈ, ਮਸ਼ਹੂਰ ਹੋਣ ਦੀ ਥਾਂ ਮਹਾਨਤਾ ਨੂੰ ਜ਼ਿੰਦਗੀ ਦਾ ਟੀਚਾ ਬਣਾਉਣ ਦੀ, ਅਰਥ ਭਰਪੂਰ ਸਬੰਧਾਂ ਸੰਗ ਪ੍ਰਣਾਉਣ ਦੀ। ਦੁੱਖ ਦੀ ਪੀੜ ਵਿਚ ਪੀੜ-ਪੀੜ ਹੋਣ ਦਾ ਹੁਨਰ ਹੋਵੇ, ਦਰਦ ਵਿਚ ਖੁਰ ਰਿਹਾ ਅੰਤਰੀਵ ਹੋਵੇ, ਰੂਹ ਵਿਚ ਸ਼ੁਭ-ਚਿੰਤਨ ਅਤੇ ਸ਼ੁਭ-ਕਰਮਨ ਦਾ ਪਾਠ ਨਿਰੰਤਰ ਚੱਲਦਾ ਰਹੇ। ਉਜਾੜ ਨੂੰ ਵਸਾਉਣ, ਕੁੱਲੀ ਦੀ ਛੱਤ ਬਣਨ ਜਾਂ ਨੰਗੇ ਬਦਨ ਲਈ ਲਿਬਾਸ ਬਣਨ ਦੀ ਤਮੰਨਾ ਮਨ ਵਿਚ ਪਾਲੋ। ਗਿਆਨ-ਹੀਣ ਲਈ ਹਰਫ-ਚਿਰਾਗ ਬਣੋ। ਝੋਲੇ ਦੀਆਂ ਪੁਸਤਕਾਂ ਵਿਚ ਹੁੰਗਾਰੇ ਭਰਦੀ ਗਿਆਨ-ਗੋਸ਼ਟਿ ਦਾ ਸਬੱਬ ਸਿਰਜੋ। ਰੋਂਦੇ ਦੇ ਹੰਝੂ ਪੂੰਝਣ ਲਈ ਦੁਆ ਬਣੋ। ਮੁਰਝਾਏ ਚਿਹਰਿਆਂ 'ਤੇ ਫੈਲੀ ਮੁਸਕਰਾਹਟ ਤੁਹਾਨੂੰ ਜ਼ਿੰਦਗੀ ਅਤੇ ਸਮਾਜ ਨੂੰ ਜਿਉਣ ਜੋਗਾ ਕਰੇਗੀ, ਜਿਸ ਨਾਲ ਧਰਤੀ 'ਤੇ ਪਸਰੀ ਸੁੰਦਰਤਾ ਹੋਰ ਸੁੰਦਰ ਤੇ ਸਦੀਵ ਹੋਵੇਗੀ।

**ਡਾ. ਗੁਰਬਖਸ਼ ਸਿੰਘ ਭੰਡਾਲ**



# ਫਿੱਟ ਰਹਿਣਾ ਤਾਂ ਇਕੱਲੇ ਹੀ ਖਾਓ, ਦੋਸਤਾਂ ਨਾਲ ਬੈਠ ਕੇ ਪਛਤਾਓਗੇ

**ਜੇਕਰ ਸਰੀਰ ਨੂੰ ਸਹੀ ਰੱਖਣ ਲਈ ਘੱਟ ਰੋਟੀ ਖਾਣਾ ਚਾਹੁੰਦੇ ਹੋ ਤਾਂ ਚੰਗਾ ਹੋਵੇਗਾ ਕਿ ਇਕੱਲੇ ਬੈਠ ਕੇ ਖਾਓ। ਇੱਕ ਨਵੀਂ ਖੋਜ 'ਚ ਪਤਾ ਲੱਗਿਆ ਹੈ ਕਿ ਵਿਅਕਤੀ ਦੋਸਤਾਂ ਤੇ ਪਰਿਵਾਰਕ ਮੈਂਬਰਾਂ ਨਾਲ ਜ਼ਿਆਦਾ ਖਾਣਾ ਖਾ ਲੈਂਦਾ ਹੈ। ਅਮਰੀਕਨ ਸੁਸਾਇਟੀ ਆਫ਼ ਕਲੀਨੀਕਲ ਨਿਊਟ੍ਰੀਸ਼ਨ 'ਚ ਛਪੇ ਲੇਖ 'ਚ ਕਿਹਾ ਗਿਆ ਹੈ।**

ਜੇਕਰ ਸਰੀਰ ਨੂੰ ਸਹੀ ਰੱਖਣ ਲਈ ਘੱਟ ਰੋਟੀ ਖਾਣਾ ਚਾਹੁੰਦੇ ਹੋ ਤਾਂ ਚੰਗਾ ਹੋਵੇਗਾ ਕਿ ਇਕੱਲੇ ਬੈਠ ਕੇ ਖਾਓ। ਇੱਕ ਨਵੀਂ ਖੋਜ 'ਚ ਪਤਾ ਲੱਗਿਆ ਹੈ ਕਿ ਵਿਅਕਤੀ ਦੋਸਤਾਂ ਤੇ ਪਰਿਵਾਰਕ ਮੈਂਬਰਾਂ ਨਾਲ ਜ਼ਿਆਦਾ ਖਾਣਾ ਖਾ ਲੈਂਦਾ ਹੈ। ਅਮਰੀਕਨ ਸੁਸਾਇਟੀ ਆਫ਼ ਕਲੀਨੀਕਲ ਨਿਊਟ੍ਰੀਸ਼ਨ 'ਚ ਛਪੇ ਲੇਖ 'ਚ ਕਿਹਾ ਗਿਆ ਹੈ ਕਿ ਸਮਾਜਿਕ ਤੌਰ 'ਤੇ ਖਾਣਾ ਖਾਂਦੇ ਸਮੇਂ ਵਿਅਕਤੀ ਜ਼ਿਆਦਾ ਖਾ ਲੈਂਦਾ ਹੈ ਜਦਕਿ ਇਕੱਲੇ 'ਚ ਉਹ ਘੱਟ ਖਾਣਾ ਖਾਂਦਾ ਹੈ। ਬ੍ਰਿਟੇਨ 'ਚ ਬਰਮਿੰਘਮ ਯੂਨੀਵਰਸਿਟੀ ਦੀ ਰਿਸਰਚ ਹੇਲੇਨ ਰੁਡਾਕ ਨੇ ਕਿਹਾ, ਸਾਨੂੰ ਇਸ ਗੱਲ ਦੇ ਪੁਖਤਾ ਸਬੂਤ ਮਿਲੇ ਹਨ ਕਿ ਇਕੱਲੇ ਰੋਟੀ ਖਾਣ ਦੀ ਤੁਲਨਾ 'ਚ ਵਿਅਕਤੀ ਪਰਿਵਾਰਕ ਮੈਂਬਰਾਂ ਤੇ ਦੋਸਤਾਂ ਨਾਲ ਬੈਠ ਕੇ ਜ਼ਿਆਦਾ ਖਾਣਾ ਖਾਂਦਾ ਹੈ। ਪਿਛਲੀ ਰਿਸਰਚ 'ਚ ਪਾਇਆ ਗਿਆ ਕਿ ਦੂਜਿਆਂ ਨਾਲ ਰੋਟੀ ਖਾਣ ਵਾਲਿਆਂ ਨੇ ਇਕੱਲੇ ਰੋਟੀ ਖਾਣ ਵਾਲ਼ਿਆਂ ਦੇ ਮੁਕਾਬਲੇ 48% ਜ਼ਿਆਦਾ ਖਾਣਾ ਖਾਧਾ ਤੇ ਮੋਟਾਪੇ ਦਾ ਸ਼ਿਕਾਰ ਮਹਿਲਾਵਾਂ ਨੇ ਸਮਾਜਿਕ ਤੌਰ 'ਤੇ ਇਕੱਲੇ ਰੋਟੀ ਖਾਣ ਦੇ ਮੁਕਾਬਲੇ 29% ਤਕ ਜ਼ਿਆਦਾ ਖਾਧਾ।

# ਜੇ ਰੋਜ਼ਾਨਾ ਖਾਂਦੇ ਹੋ ਬਦਾਮ ਤਾਂ ਹੋ ਸਕਦਾ ਵੱਡਾ ਨੁਕਸਾਨ



ਜੰਕਫੂਡ, ਜ਼ਿਆਦਾ ਤਲੇ-ਭੁੰਨੇ ਹੋਏ ਖਾਣੇ ਤੇ ਮਾਰਕੀਟ ਵਿੱਚ ਵਿਕਣ ਵਾਲੇ ਵੱਖ-ਵੱਖ ਸਾਫਟ ਡਰਿੰਕ ਕਾਰਨ, ਕੋਲੈਸਟ੍ਰੋਲ ਵਧਣ ਦੀ ਸਮੱਸਿਆ ਹਰ ਉਮਰ ਦੇ ਲੋਕਾਂ ਵਿੱਚ ਆਮ ਹੋ ਗਈ ਹੈ। ਕੋਲੈਸਟ੍ਰੋਲ ਦਾ ਪੱਧਰ ਵਧਣ ਨਾਲ ਦਿਲ ਦੀਆਂ ਬਿਮਾਰੀਆਂ ਦਾ ਸਭ ਤੋਂ ਵੱਧ ਖਤਰਾ ਹੁੰਦਾ ਹੈ। ਅਜਿਹੀ ਸਥਿਤੀ ਵਿੱਚ, ਜੇ ਤੁਸੀਂ ਰੋਜ਼ਾਨਾ ਕਸਰਤ ਦੇ ਨਾਲ ਬਦਾਮ ਨੂੰ ਨਿਯਮਤ ਰੂਪ ਵਿੱਚ ਖਾਣ ਤੇ ਇਸ ਦੇ ਨਾਲ ਸੰਤੁਲਿਤ ਖੁਰਾਕ ਖਾਣ ਦੀ ਆਦਤ ਪਾ ਲੈਂਦੇ ਹੋ, ਤਾਂ ਇਸ ਨਾਲ ਤੰਦਰੁਸਤ ਰਿਹਾ ਜਾ ਸਕਦਾ ਹੈ। ਦੱਸ ਦੇਈਏ ਬਦਾਮਾਂ ਵਿੱਚ ਪ੍ਰੋਟੀਨ, ਦਿਲ ਲਈ ਜ਼ਰੂਰੀ ਚਰਬੀ, ਵਿਟਾਮਿਨ-ਏ, ਈ ਤੇ ਡੀ, ਰਿਬੋਫਲੇਵਿਨ, ਫਾਈਬਰ, ਕੈਲਸੀਅਮ ਵਰਤੇ ਬਹੁਤ ਸਾਰੇ ਖਣਿਜ ਹੁੰਦੇ ਹਨ। ਇਸ ਲਈ, ਰੋਜ਼ ਬਦਾਮ ਖਾਣਾ ਦਿਲ ਨਾਲ ਜੁੜੀਆਂ ਬਿਮਾਰੀਆਂ, ਹਾਈ ਬੀਪੀ, ਵਧੇਰੇ ਯੂਰਿਕ ਐਸਿਡ ਬਣਨ ਦੀ ਸਮੱਸਿਆ ਤੇ ਹੋਰ ਬਹੁਤ ਸਾਰੀਆਂ ਬਿਮਾਰੀਆਂ ਵਿੱਚ ਲਾਭਕਾਰੀ ਹੈ। ਕਹਿੰਦੀਆਂ ਹਨ ਕਿ ਬਦਾਮ ਦਿਲ ਦਾ ਦੌਰਾ, ਕੋਰੋਨਰੀ ਦਿਲ ਦੀ ਬਿਮਾਰੀ, ਨਾੜੀਆਂ ਵਿਚ ਰੁਕਾਵਟ ਵਰਗੇ ਦਿਲ ਦੇ ਰੋਗ ਦੇ ਜੋਖਮ ਨੂੰ ਘਟਾਉਣ ਵਿੱਚ ਬਹੁਤ ਮਦਦਗਾਰ ਹੁੰਦੇ ਹਨ। ਸਭ ਦੇ ਬਾਵਜੂਦ ਮੋਟੇ ਲੋਕਾਂ ਨੂੰ ਬਦਾਮ ਤੇ ਹੋਰ ਡ੍ਰਾਈ ਫਰੂਟ ਨਹੀਂ ਖਾਣੇ ਚਾਹੀਦੇ। ਮੰਨਿਆ ਜਾਂਦਾ ਹੈ ਕਿ ਇਸ ਨਾਲ ਉਨ੍ਹਾਂ ਦਾ ਭਾਰ ਵਧਦਾ ਹੈ। ਹਾਲਾਂਕਿ, ਕੋਈ ਵੀ ਇਸ ਨੂੰ ਸੀਮਤ ਮਾਤਰਾ ਵਿੱਚ ਖਾ ਸਕਦਾ ਹੈ। ਛੋਟੇ ਬੱਚਿਆਂ ਨੂੰ 5 ਤੇ ਕਿਸ਼ੋਰਾਂ ਤੇ ਬਾਲਗਾਂ ਨੂੰ ਆਪਣੀ ਖੁਰਾਕ ਵਿੱਚ ਰੋਜ਼ਾਨਾ 10 ਤੋਂ 12 ਬਦਾਮ ਸ਼ਾਮਲ ਕਰਨੇ ਚਾਹੀਦੇ ਹਨ। ਮੋਟਾਪਾ, ਗੁਰਦੇ ਦੀਆਂ ਸਮੱਸਿਆਵਾਂ ਤੇ ਸ਼ੂਗਰ ਦੇ ਮਰੀਜ਼ਾਂ ਨੂੰ ਮਾਹਿਰ ਦੀ ਸਲਾਹ ਨਾਲ ਹੀ ਖੁਰਾਕ ਵਿੱਚ ਬਦਾਮ ਦੀ ਮਾਤਰਾ ਸ਼ਾਮਲ ਕਰਨੀ ਚਾਹੀਦੀ ਹੈ। ਧਿਆਨ ਰਹੇ ਬਦਾਮ ਦੇ ਛਿਲਕੇ ਵਿੱਚ ਬਹੁਤ ਜ਼ਿਆਦਾ ਫਾਈਬਰ ਪਾਇਆ ਜਾਂਦਾ ਹੈ। ਇਸ ਦੇ ਨਾਲ ਹੀ, ਇਹ ਵਿਟਾਮਿਨ ਬੀ ਦਾ ਇੱਕ ਬਿਹਤਰ ਸਰੋਤ ਹੈ। ਕੁਝ ਲੋਕ ਬਦਾਮ ਨੂੰ ਗਰਮ ਮੰਨਦੇ ਹਨ ਤੇ ਇਸ ਨੂੰ ਭਿਉਂ ਕੇ ਤੇ ਛਿੱਲ ਕੇ ਖਾਂਦੇ ਹਨ। ਅਜਿਹੀ ਸਥਿਤੀ ਵਿੱਚ ਇਸਦਾ ਪੂਰਾ ਲਾਭ ਨਹੀਂ ਮਿਲਦਾ। ਇਸ ਲਈ ਬਦਾਮ ਨੂੰ ਬਿਨਾ ਭਿਉਂਏਂ ਹੀ ਖਾਓ।

# ਗਰਮ ਪਾਣੀ ਪੀਣ ਦੇ ਅਨੇਕਾਂ ਫਾਇਦੇ, ਵਜ਼ਨ ਦੇ ਨਾਲ-ਨਾਲ ਕਈ ਬਿਮਾਰੀਆਂ ਦਾ ਰਾਮਬਾਣ ਇਲਾਜ

**ਗਰਮ ਪਾਣੀ ਤੁਹਾਡੇ ਲਗਾਤਾਰ ਵਧ ਰਹੇ ਭਾਰ ਨੂੰ ਘਟਾਉਣ ਵਿੱਚ ਮਦਦਗਾਰ ਸਾਬਤ ਹੁੰਦਾ ਹੈ। ਜੇ ਤੁਹਾਨੂੰ ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ ਕੋਈ ਫਰਕ ਨਹੀਂ ਮਹਿਸੂਸ ਹੁੰਦਾ, ਤਾਂ ਸ਼ਹਿਦ ਤੇ ਨਿੰਬੂ ਨੂੰ ਕੋਸੇ ਪਾਣੀ ਵਿੱਚ ਮਿਲਾਓ ਤੇ ਇਸ ਨੂੰ ਤਿੰਨ ਮਹੀਨਿਆਂ ਤਕ ਲਗਾਤਾਰ ਪੀਓ। ਤੁਸੀਂ ਨਿਸ਼ਚਤ ਤੌਰ 'ਤੇ ਫਰਕ ਮਹਿਸੂਸ ਕਰੋਗੇ।**



ਗਰਮ ਪਾਣੀ ਸਾਡੇ ਸਰੀਰ ਲਈ ਬਹੁਤ ਫਾਇਦੇਮੰਦ ਹੈ। ਇਸ ਦੇ ਸਿਹਤ ਨੂੰ ਇੰਨੇ ਲਾਭ ਹਨ ਕਿ ਤੁਸੀਂ ਗਰਮ ਪਾਣੀ ਪੀਣ ਲਈ ਮਜਬੂਰ ਹੋਵੋਗੇ। ਉਂਝ ਵੀ ਕਿਹਾ ਜਾਂਦਾ ਹੈ ਕਿ ਤਕਰੀਬਨ 8 ਤੋਂ 10 ਗਲਾਸ ਪਾਣੀ ਪੀਣਾ ਸਰੀਰ ਲਈ ਬਹੁਤ ਜ਼ਰੂਰੀ ਹੁੰਦਾ ਹੈ। ਪਰ ਜੇ ਤੁਸੀਂ ਦਿਨ ਵਿੱਚ ਤਿੰਨ ਵਾਰ ਆਸਾਨੀ ਨਾਲ ਗਰਮ ਪਾਣੀ ਪੀਣ ਦੀ ਆਦਤ ਪਾ ਸਕਦੇ ਹੋ, ਤਾਂ ਤੁਹਾਨੂੰ ਕਦੇ ਵੀ ਡਾਕਟਰਾਂ ਕੋਲ ਨਹੀਂ ਜਾਣਾ ਪਏਗਾ। ਗਰਮ ਪਾਣੀ ਤੁਹਾਡੇ ਲਗਾਤਾਰ ਵਧ ਰਹੇ ਭਾਰ ਨੂੰ ਘਟਾਉਣ ਵਿੱਚ ਮਦਦਗਾਰ ਸਾਬਤ ਹੁੰਦਾ ਹੈ। ਜੇ ਤੁਹਾਨੂੰ ਲੱਖਾਂ ਕੋਸ਼ਿਸ਼ਾਂ ਦੇ ਬਾਵਜੂਦ ਕੋਈ ਫਰਕ ਨਹੀਂ ਮਹਿਸੂਸ ਹੁੰਦਾ, ਤਾਂ ਸ਼ਹਿਦ ਤੇ ਨਿੰਬੂ ਨੂੰ ਕੋਸੇ ਪਾਣੀ ਵਿੱਚ ਮਿਲਾਓ ਤੇ ਇਸ ਨੂੰ ਤਿੰਨ ਮਹੀਨਿਆਂ ਤਕ ਲਗਾਤਾਰ ਪੀਓ। ਤੁਸੀਂ ਨਿਸ਼ਚਤ ਤੌਰ 'ਤੇ ਫਰਕ ਮਹਿਸੂਸ ਕਰੋਗੇ। ਇਸ ਦੇ ਨਾਲ ਹੀ, ਜੇ ਹੋ ਸਕੇ ਤਾਂ ਖਾਣਾ ਖਾਣ ਤੋਂ ਬਾਅਦ, ਤੁਸੀਂ ਇੱਕ ਕੱਪ ਗਰਮ ਪਾਣੀ ਪੀਣਾ ਸ਼ੁਰੂ ਕਰੋ। ਇਸ ਦੇ ਨਾਲ ਹੀ ਗਰਮ ਪਾਣੀ ਤੁਹਾਨੂੰ ਗਲੇ ਦੀ ਜਕੜਨ ਤੇ ਜ਼ੁਕਾਮ ਤੋਂ ਵੀ ਰਾਹਤ ਦਿੰਦਾ ਹੈ। ਕੋਸੇ ਪਾਣੀ ਪੀਣ ਨਾਲ ਤੁਹਾਡਾ ਗਲਾ ਵੀ ਠੀਕ ਹੋ ਜਾਂਦਾ ਹੈ। ਇਸ ਦੀ ਵਰਤੋਂ ਨਾਲ ਰਾਹਤ ਮਿਲਦੀ ਹੈ। ਕੁੜੀਆਂ ਦੀ ਮਾਹਵਾਰੀ ਦਾ ਦਰਦ ਸਾਰੇ ਕੰਮ ਵਿਗਾੜ ਦਿੰਦਾ ਹੈ ਪਰ ਇਸ ਦੌਰਾਨ, ਗਰਮ ਪਾਣੀ ਪੀਣਾ ਰਾਮਬਾਣ ਤੋਂ ਘੱਟ ਨਹੀਂ। ਇਸ ਸਮੇਂ ਦੌਰਾਨ ਗਰਮ ਪਾਣੀ ਪੀਣ ਨਾਲ ਪੇਟ ਦੀ ਸਫਾਈ ਵੀ ਹੁੰਦੀ ਹੈ, ਜਦਕਿ ਗਰਮ ਪਾਣੀ ਸਰੀਰ ਨੂੰ ਡੀਟੌਕਸ ਕਰਨ ਵਿਚ ਵੀ ਮਦਦ ਕਰਦਾ ਹੈ।

## ਆਂਡਿਆਂ ਦੇ ਛਿੱਲਕੇ ਵੀ ਹੁੰਦੈ ਲਾਭਕਾਰੀ, ਜਾਣੋ ਕਿਵੇਂ

ਅੰਡਾ ਸਿਹਤ ਲਈ ਬਹੁਤ ਲਾਭਕਾਰੀ ਹੈ। ਜੋ ਲੋਕ ਭਾਰ ਘਟਾਉਣ ਬਾਰੇ ਸੋਚਦੇ ਹਨ ਉਨ੍ਹਾਂ ਦੀ ਖੁਰਾਕ ਵਿੱਚ ਅੰਡੇ ਦੀ ਖੁਰਾਕ ਸ਼ਾਮਿਲ ਹੁੰਦੀ ਹੈ। ਰੋਜ਼ਾਨਾ ਨਾਸ਼ਤੇ 'ਚ ਉੱਬਲੇ ਹੋਏ ਅੰਡੇ ਸ਼ਾਮਲ ਕਰਨਾ ਸਿਹਤ ਦੀਆਂ ਕਈ ਸਮੱਸਿਆਵਾਂ ਵਿੱਚ ਸੁਧਾਰ ਕਰ ਸਕਦਾ ਹੈ। ਨਾਲ ਹੀ, ਇਸ ਵਿਚਲਾ ਫਾਈਬਰ ਪੇਟ ਨੂੰ ਲੰਬੇ ਸਮੇਂ ਲਈ ਭਰਪੂਰ ਰੱਖਦਾ ਹੈ, ਜਿਸ ਕਾਰਨ ਗੈਰ-ਸਿਹਤਮੰਦ ਖਾਣ ਦੀ ਇੱਛਾ ਨਹੀਂ ਹੁੰਦੀ। ਪਰ ਕੀ ਤੁਸੀਂ ਜਾਣਦੇ ਹੋ ਕਿ ਅੰਡੇ ਦੇ ਨਾਲ-ਨਾਲ ਇਸ ਦੇ ਛਿਲਕੇ 'ਚ ਵੀ ਕਈ ਗੁਣ ਹੁੰਦੇ ਹਨ ਜੋ ਸਰੀਰ ਨੂੰ ਬਹੁਤ ਸਾਰੇ ਫਾਇਦੇ ਪ੍ਰਦਾਨ ਕਰਦੇ ਹਨ। ਅੰਡੇ ਦੇ ਸਖ਼ਤ ਬਾਹਰੀ ਸ਼ੈੱਲ ਵਿੱਚ ਕੈਲਸ਼ੀਅਮ ਕਾਰਬੋਨੇਟ, ਪ੍ਰੋਟੀਨ ਅਤੇ ਹੋਰ ਖਣਿਜ ਹੁੰਦੇ ਹਨ। ਹੈਲਥਲਾਈਨ ਦੇ ਅਨੁਸਾਰ, ਅੰਡਿਆਂ ਵਿੱਚ ਲਗਭਗ 40 ਪ੍ਰਤੀਸ਼ਤ ਕੈਲਸ਼ੀਅਮ ਹੁੰਦਾ ਹੈ।

# ਕੌਫ਼ੀ 'ਚ ਇਸ ਚੀਜ਼ ਨੂੰ ਮਿਲਾਉਣ ਨਾਲ ਘਟੇਗਾ ਵਜ਼ਨ



ਜਦੋਂ ਗੱਲ ਬੀਮਾਰੀਆਂ ਦੇ ਇਲਾਜ ਦੀ ਆਉਂਦੀ ਹੈ ਤਾਂ ਅਜਿਹੇ ਬਹੁਤ ਸਾਰੇ ਫੂਡ ਹਨ ਜੋ ਆਪਣੇ ਗੁਣਾਂ ਦੀ ਵਜ੍ਹਾ ਨਾਲ ਬੀਮਾਰੀਆਂ ਨੂੰ ਦੂਰ ਕਰਨ ਵਿੱਚ ਬੇਹੱਦ ਅਸਰਦਾਰ ਮੰਨੇ ਜਾਂਦੇ ਹਨ। ਗੁਣਾਂ ਨਾਲ ਭਰਪੂਰ ਅਜਿਹਾ ਹੀ ਇੱਕ ਪਦਾਰਥ ਹੈ ਸ਼ਹਿਦ। ਸਰਦੀ-ਜੁਕਾਮ ਹੋ ਜਾਂ ਗਲਾ ਖ਼ਰਾਬ ਜਾਂ ਕਮਜੋਰ ਇੰਮਿਊਨਿਟੀ ਇਹਨਾਂ ਸੱਮਸਿਆਵਾਂ ਦੇ ਨਾਲ-ਨਾਲ ਭਾਰ ਘੱਟ 'ਚ ਵੀ ਕਈ ਤਰ੍ਹਾਂ ਨਾਲ ਮਦਦਗਾਰ ਹੈ ਸ਼ਹਿਦ। ਅੱਜ ਅਸੀ ਤੁਹਾਨੂੰ ਦੱਸਾਂਗੇ ਕਿ ਕਿਵੇਂ, ਕੌਫ਼ੀ ਵਿੱਚ ਸ਼ਹਿਦ ਪਾਕੇ ਤੁਸੀ ਹੇਲਦੀ ਤਰੀਕੇ ਨਾਲ ਆਪਣਾ ਭਾਰ ਘਟਾ ਸਕਦੇ ਹੋ।ਕੈਫੀਨ ਦੀ ਵਜ੍ਹਾ ਨਾਲ ਕੌਫ਼ੀ ਨੂੰ ਐਨਰਜੀ ਡਰਿੰਕ ਦੀ ਤਰ੍ਹਾਂ ਯੂਜ ਕੀਤਾ ਜਾਂਦਾ ਹੈ ਕਿਉਂਕਿ ਕੌਫ਼ੀ ਡੋਪਾਮਾਇਨ ਜਿਵੇਂ ਨਿਊਰੋਟਰਾਂਸਮਿਟਰ ਨੂੰ ਰਿਲੀਜ ਕਰਦੀ ਹੈ ਅਤੇ ਸਾਨੂੰ ਤਰੋਤਾਜਾ ਮਹਿਸੂਸ ਕਰਾਉਂਣ 'ਚ ਮਦਦ ਕਰਦੀ ਹੈ। ਪਰ ਸ਼ਾਇਦ ਤੁਸੀ ਨਹੀਂ ਜਾਣਦੇ ਹੋਵੋਗੇ ਕਿ ਕੈਫੀਨ, ਫੈਟ ਬਰਨਿੰਗ ਸਪਲੀਮੈਂਟ ਦੀ ਤਰ੍ਹਾਂ ਕੰਮ ਕਰਦਾ ਹੈ ਅਤੇ ਭਾਰ ਘੱਟ ਕਰਨ ਵਿੱਚ ਮਦਦ ਕਰਦਾ ਹੈ। ਰਿਸਰਚ ਵਿੱਚ ਇਹ ਗੱਲ ਸਾਬਤ ਹੋਈ ਹੈ ਕਿ ਕੌਫ਼ੀ 2 ਤਰ੍ਹਾਂ ਨਾਲ ਭਾਰ ਘਟਾਉਂਦੀ ਹੈ। ਪਹਿਲਾ- ਮੇਟਾਬਾਲਿਜਮ ਵਧਾਕੇ ਅਤੇ ਦੂਜਾ- ਫੈਟ ਟਿਸ਼ੂ ਨਾਲ ਫੈਟ ਨੂੰ ਗਤੀਸ਼ੀਲ ਬਣਾਕੇ।ਹੁਣ ਤਾਂ ਤੁਹਾਨੂੰ ਇਹ ਗੱਲ ਪਤਾ ਚੱਲ ਹੀ ਗਿਆ ਹੋਵੇਗਾ ਕਿ ਕੌਫ਼ੀ ਅਤੇ ਸ਼ਹਿਦ ਦੋਨੋਂ ਹੀ ਭਾਰ ਘਟਾਉਣ ਵਿੱਚ ਮਦਦ ਕਰਦੇ ਹਨ। ਅਜਿਹੇ ਵਿੱਚ ਜਦੋਂ ਇਨ੍ਹਾਂ ਦੋਨਾਂ ਨੂੰ ਮਿਲਾ ਦਿੱਤਾ ਜਾਵੇ ਤਾਂ ਭਾਰ ਤੇਜੀ ਨਾਲ ਘੱਟ ਹੋਵੇਗਾ ਅਤੇ ਇਸਦਾ ਸਰੀਰ ਉੱਤੇ ਅਸਰ ਜ਼ਿਆਦਾ ਵਿਖੇਗਾ। ਚਾਹੇ ਤੁਸੀ ਚਾਹ ਤਾਂ ਆਪਣੀ ਕੌਫ਼ੀ ਵਿੱਚ 1 ਚੱਮਚ ਸ਼ਹਿਦ ਪਾ ਸਕਦੇ ਹੋ। ਐਂਟੀਆਕਸੀਡੈਂਟਸ ਨਾਲ ਭਰਪੂਰ ਸ਼ਹਿਦ, ਅਤੇ ਕੈਫੀਨ ਵਾਲੀ ਕੌਫ਼ੀ, ਦੋਨੋਂ ਹੀ ਸਰੀਰ ਦੇ ਮੇਟਾਬਾਲਿਜਮ ਨੂੰ ਵਧਾਉਣ ਵਿੱਚ ਮਦਦ ਕਰਦੇ ਹਨ। ਬਿਹਤਰ ਮੇਟਾਬਾਲਿਜਮ ਦਾ ਮਤਲਬ ਹੈ ਕਿ ਤੁਹਾਡਾ ਸਰੀਰ ਫੈਟ ਨੂੰ ਬਰਨ ਕਰਨ 'ਚ ਵਧੀਆ ਤਰੀਕੇ ਨਾਲ ਕੰਮ ਕਰੇਗਾ ਅਤੇ ਭਾਰ ਛੇਤੀ ਘਟੇਗਾ।ਸ਼ਹਿਦ ਵਿੱਚ ਕਈ ਤਰ੍ਹਾਂ ਦੇ ਵਿਟਾਮਿਨਜ਼, ਮਿਨਰਲਜ਼ ਹੁੰਦੇ ਹਨ ਅਤੇ ਜੇਕਰ ਇਨ੍ਹਾਂ ਦਾ ਸਹੀ ਤਰੀਕੇ ਨਾਲ ਯੂਜ ਕੀਤਾ ਜਾਵੇ ਤਾਂ ਕੈਲਰੀਜ ਨੂੰ ਬਰਨ ਕਰਨ ਵਿੱਚ ਮਦਦ ਮਿਲ ਸਕਦੀ ਹੈ।

# ਇਨ੍ਹਾਂ ਚੀਜ਼ਾਂ ਨਾਲ ਰੱਖੋ ਪਾਚਨ ਪ੍ਰਣਾਲੀ ਨੂੰ ਤੰਦਰੁਸਤ



ਪਾਚਨ ਪ੍ਰਣਾਲੀ ਸਾਡੀ ਸਿਹਤ ਦਾ ਸਭ ਤੋਂ ਜਰੂਰੀ ਅੰਗ ਹੈ ਅਤੇ ਇਹ ਸਾਡੇ ਸਰੀਰ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਇਹ ਸਾਡੇ ਭੋਜਨ ਨੂੰ ਹਜ਼ਮ ਕਰਨ ਅਤੇ ਉਸ ਭੋਜਨ ਨਾਲ ਸਰੀਰ ਨੂੰ ਪੌਸ਼ਟਿਕ ਤੱਤ ਪ੍ਰਦਾਨ ਕਰਨ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ। ਇਸ ਲਈ, ਪਾਚਨ ਪ੍ਰਣਾਲੀ ਨੂੰ ਤੰਦਰੁਸਤ ਰੱਖਣਾ ਮਹੱਤਵਪੂਰਨ ਹੈ। ਸਰੀਰ ਦੇ ਤਕਰੀਬਨ ਹਰ ਸੈੱਲ ਵਿੱਚ ਅੰਦਰੂਨੀ ਬਾਡੀ ਕਲੌਕ ਚੱਲਦਾ ਹੈ ਅਤੇ ਸਰੀਰ ਦੇ ਅੰਗਾਂ ਦੇ ਹਿਸਾਬ ਨਾਲ ਇਸ ਦੇ ਕੰਮ ਵਿੱਚ ਤਬਦੀਲੀ ਆਉਂਦੀ ਰਹਿੰਦੀ ਹੈ।ਅੱਜ ਅਸੀਂ ਤੁਹਾਨੂੰ ਪਾਚਨ ਪ੍ਰਣਾਲੀ ਨੂੰ ਕਿਸ ਤਰ੍ਹਾਂ ਦਰੁਸਤ ਰੱਖੀਏ ਇਸ ਬਾਰੇ ਦੱਸਣ ਜਾ ਰਹੇ ਹਾਂ ਭੋਜਨ ਨੂੰ ਪੇਟ ਵਿੱਚ ਲੰਘਾਉਣ ਤੋਂ ਪਹਿਲਾਂ ਪੂਰੀ ਤਰ੍ਹਾਂ ਚਬਾਓ, ਤਾਂਕਿ ਉਸ ਨਾਲ ਮੂੰਹ ਤੋਂ ਨਿਕਲ ਵਾਲਾ ਪਾਚਕ ਰਸ ਮਿਲ ਜਾਵੇ। ਫਲਾਂ ਦਾ ਜੂਸ ਪੀਣ ਦੀ ਬਜਾਏ, ਇਨ੍ਹਾਂ ਨੂੰ ਕੱਟ ਕੇ ਖਾਓ ਤਾਂ ਜੋ ਤੁਹਾਨੂੰ ਉਨ੍ਹਾਂ ਦਾ ਫਾਈਬਰ ਮਿਲਣ ਸਕਣ। ਭੋਜਨ ਖਾਣ ਤੋਂ ਅੱਧਾ ਘੰਟਾ ਪਹਿਲਾਂ ਪਾਣੀ ਪੀਣਾ ਪਾਚਨ ਵਿੱਚ ਮਦਦਗਾਰ ਹੁੰਦਾ ਹੈ। ਸਵੇਰੇ ਉੱਠਣ ਤੋਂ ਬਾਅਦ ਕੋਸੇ ਪਾਣੀ ਨੂੰ ਪੀਣ ਨਾਲ ਅੰਤੜੀਆਂ ਦੀ ਸਫ਼ਾਈ, ਨਵੇਂ ਖੂਨ ਦਾ ਨਿਰਮਾਣ, ਭਾਰ ਘਟਾਉਣ ਅਤੇ ਚਮੜੀ ਨੂੰ ਚਮਕ ਦੇਣ ਵਿੱਚ ਸਹਾਇਤਾ ਕਰਦਾ ਹੈ। ਭੋਜਨ ਖਾਣ ਤੋਂ ਤੁਰੰਤ ਬਾਅਦ ਚਾਹ ਜਾਂ ਕੌਫੀ ਨਾ ਲਓ, ਕਿਉਂਕਿ ਇਹ ਭੋਜਨ ਤੋਂ ਆਇਰਨ ਤੱਤ ਲੈਣ ਵਿੱਚ ਰੁਕਾਵਟ ਪੈਦਾ ਕਰਦੇ ਹਨ। ਭੋਜਨ ਖਾਣ ਤੋਂ ਤੁਰੰਤ ਬਾਅਦ ਲੰਮੇ ਨਾ ਪਓ, ਨਾ ਹੀ ਨੀਂਦ ਲਓ, ਕਿਉਂਕਿ ਇਸ ਨਾਲ ਭੋਜਨ ਨਲੀ ਵਿੱਚ ਐਸਿਡ ਪਹੁੰਚਣ ਨਾਲ ਛਾਤੀ ਵਿੱਚ ਜਲਨ ਹੋ ਸਕਦੀ ਹੈ। ਗ਼ੈਰ-ਸਿਹਤਮੰਦ ਪੇਟ ਲਈ ਦਹੀਂ ਸਭ ਤੋਂ ਵਧੀਆ ਖੁਰਾਕ ਹੈ। ਇਹ ਪੇਟ ਨੂੰ ਤੁਰੰਤ ਠੰਢਕ ਪ੍ਰਦਾਨ ਕਰਦਾ ਹੈ। ਪਾਚਨ ਸਮੱਸਿਆਵਾਂ ਨੂੰ ਠੀਕ ਕਰਨ ਦਾ ਇਕ ਸ਼ਾਨਦਾਰ ਤਰੀਕਾ ਹੈ। ਭੋਜਨ ਨੂੰ ਹਜ਼ਮ ਕਰਨ ਲਈ ਜ਼ਰੂਰੀ ਰਸਾਂ ਅਤੇ ਪਾਚਕਾਂ ਦੇ ਪ੍ਰਵਾਹ ਨੂੰ ਪ੍ਰੇਰਿਤ ਕਰਦਾ ਹੈ। ਖੰਘ, ਜ਼ੁਕਾਮ, ਬਦਹਜ਼ਮੀ, ਉਲਟੀਆਂ ਅਤੇ ਗਲ਼ੇ ਦੇ ਦਰਦ ਤੋਂ ਛੁਟਕਾਰਾ ਮਿਲਦਾ ਹੈ। ਕੇਲੇ ਤੁਹਾਡੀਆਂ ਅੰਤੜੀਆਂ ਨੂੰ ਤੰਦਰੁਸਤ ਰੱਖਣ, ਦਿਲ ਦੀ ਲੈਅ ਬਣਾਈ ਰੱਖਣ ਵਾਲੇ ਪੌਸ਼ਟਿਕ ਤੱਤ ਪ੍ਰਦਾਨ ਕਰਨ ਅਤੇ ਸਿਹਤ ਲਈ ਜ਼ਰੂਰੀ ਵਿਟਾਮਿਨ ਦੇਣ ਵਿੱਚ ਮਦਦ ਕਰਦਾ ਹੈ। ਕੇਲਾ ਪੇਟ ਲਈ ਬਹੁਤ ਫਾਇਦੇਮੰਦ ਫਲ ਹੈ, ਜੋ ਤੁਹਾਡੇ ਖਰਾਬ ਪੇਟ ਨੂੰ ਕੁਦਰਤੀ ਤਰੀਕੇ ਨਾਲ ਠੀਕ ਕਰਨ ਵਿੱਚ ਮਦਦ ਕਰਦਾ ਹੈ।


# ਫਿੱਟ ਰਹਿਣਾ ਤਾਂ ਇਕੱਲੇ ਹੀ ਖਾਓ, ਦੋਸਤਾਂ ਨਾਲ ਬੈਠ ਕੇ ਪਛਤਾਓਗੇ

**ਜੇਕਰ ਸਰੀਰ ਨੂੰ ਸਹੀ ਰੱਖਣ ਲਈ ਘੱਟ ਰੋਟੀ ਖਾਣਾ ਚਾਹੁੰਦੇ ਹੋ ਤਾਂ ਚੰਗਾ ਹੋਵੇਗਾ ਕਿ ਇਕੱਲੇ ਬੈਠ ਕੇ ਖਾਓ। ਇੱਕ ਨਵੀਂ ਖੋਜ 'ਚ ਪਤਾ ਲੱਗਿਆ ਹੈ ਕਿ ਵਿਅਕਤੀ ਦੋਸਤਾਂ ਤੇ ਪਰਿਵਾਰਕ ਮੈਂਬਰਾਂ ਨਾਲ ਜ਼ਿਆਦਾ ਖਾਣਾ ਖਾ ਲੈਂਦਾ ਹੈ। ਅਮਰੀਕਨ ਸੁਸਾਇਟੀ ਆਫ਼ ਕਲੀਨੀਕਲ ਨਿਊਟ੍ਰੀਸ਼ਨ 'ਚ ਛਪੇ ਲੇਖ 'ਚ ਕਿਹਾ ਗਿਆ ਹੈ।**




ਨਵੀਂ ਦਿੱਲੀ: ਜੇਕਰ ਸਰੀਰ ਨੂੰ ਸਹੀ ਰੱਖਣ ਲਈ ਘੱਟ ਰੋਟੀ ਖਾਣਾ ਚਾਹੁੰਦੇ ਹੋ ਤਾਂ ਚੰਗਾ ਹੋਵੇਗਾ ਕਿ ਇਕੱਲੇ ਬੈਠ ਕੇ ਖਾਓ। ਇੱਕ ਨਵੀਂ ਖੋਜ 'ਚ ਪਤਾ ਲੱਗਿਆ ਹੈ ਕਿ ਵਿਅਕਤੀ ਦੋਸਤਾਂ ਤੇ ਪਰਿਵਾਰਕ ਮੈਂਬਰਾਂ ਨਾਲ ਜ਼ਿਆਦਾ ਖਾਣਾ ਖਾ ਲੈਂਦਾ ਹੈ। ਅਮਰੀਕਨ ਸੁਸਾਇਟੀ ਆਫ਼ ਕਲੀਨੀਕਲ ਨਿਊਟ੍ਰੀਸ਼ਨ 'ਚ ਛਪੇ ਲੇਖ 'ਚ ਕਿਹਾ ਗਿਆ ਹੈ ਕਿ ਸਮਾਜਿਕ ਤੌਰ 'ਤੇ ਖਾਣਾ ਖਾਂਦੇ ਸਮੇਂ ਵਿਅਕਤੀ ਜ਼ਿਆਦਾ ਖਾ ਲੈਂਦਾ ਹੈ ਜਦਕਿ ਇਕੱਲੇ 'ਚ ਉਹ ਘੱਟ ਖਾਣਾ ਖਾਂਦਾ ਹੈ। ਬ੍ਰਿਟੇਨ 'ਚ ਬਰਮਿੰਘਮ ਯੂਨੀਵਰਸਿਟੀ ਦੀ ਰਿਸਰਚ ਹੇਲੇਨ ਰੁਡਾਕ ਨੇ ਕਿਹਾ, [illegible] ਗੱਲ ਦੇ ਪੁਖਤਾ ਸਬੂਤ ਮਿਲੇ ਹਨ ਕਿ ਇਕੱਲੇ ਰੋਟੀ ਖਾਣ ਦੀ ਤੁਲਨਾ 'ਚ ਵਿਅਕਤੀ ਪਰਿਵਾਰਕ ਮੈਂਬਰਾਂ ਤੇ ਦੋਸਤਾਂ ਨਾਲ ਬੈਠ ਕੇ ਜ਼ਿਆਦਾ ਖਾਣਾ ਖਾਂਦਾ ਹੈ। ਪਿਛਲੀ ਰਿਸਰਚ 'ਚ ਪਾਇਆ ਗਿਆ ਕਿ ਦੂਜਿਆਂ ਨਾਲ ਰੋਟੀ ਖਾਣ ਵਾਲਿਆਂ ਨੇ ਇਕੱਲੇ ਰੋਟੀ ਖਾਣ ਵਾਲ਼ਿਆਂ ਦੇ ਮੁਕਾਬਲੇ 48% ਜ਼ਿਆਦਾ ਖਾਣਾ ਖਾਧਾ ਤੇ ਮੋਟਾਪੇ ਦਾ ਸ਼ਿਕਾਰ ਮਹਿਲਾਵਾਂ ਨੇ ਸਮਾਜਿਕ ਤੌਰ 'ਤੇ ਇਕੱਲੇ ਰੋਟੀ ਖਾਣ ਦੇ ਮੁਕਾਬਲੇ 29% ਤਕ ਜ਼ਿਆਦਾ ਖਾਧਾ।



# ਅਕਾਲ ਤਖਤ ਦਾ ਸੱਚ ਬਨਾਮ ਮੋਹਨ ਭਾਗਵਤ ਦਾ ਕੱਚ



ਆਰ. ਐਸ ਐਸ ਦੇ ਆਗੂ ਮੋਹਨ ਭਾਗਵਤ ਵਲੋਂ ਭਾਰਤ ਨੂੰ ਹਿੰਦੂ ਰਾਜ ਐਲਾਨੇ ਜਾਣ ਪਿਛੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਪ੍ਰਤੀਕਰਮ 'ਤੇ ਹੈਰਾਨੀ ਦਾ ਆਲਮ ਹੈ। ਇਹ ਗੱਲ ਕਿਸੇ ਦੇ ਚਿੱਤ ਚੇਤੇ ਨਹੀਂ ਸੀ ਕਿ ਅਕਾਲ ਤਖਤ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਵਲੋਂ ਅਕਾਲ ਤਖਤ ਦੇ ਰੁਤਬੇ ਨੂੰ ਜਿਸ ਕਦਰ ਢਾਹ ਲਾਈ ਗਈ ਸੀ, ਉਸ ਦੀ ਮੁੜ ਬਹਾਲੀ ਵੀ ਹੋ ਸਕਦੀ ਹੈ; ਪਰ ਹੁਣ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵਲੋਂ ਆਰ. ਐਸ਼ ਐਸ਼ ਨੂੰ ਗੈਰਕਾਨੂੰਨੀ ਕਰਾਰ ਦਿੱਤੇ ਜਾਣ ਬਾਰੇ ਆਏ ਬਿਆਨ ਨਾਲ ਸਿੱਖ ਭਾਈਚਾਰੇ ਵਿਚ ਕੁਝ ਰੌਸ਼ਨੀ ਦੀ ਕਿਰਨ ਜਗੀ ਹੈ।

ਜਿਸ ਤਰ੍ਹਾਂ ਹਿੰਦੂਤਵੀ ਆਗੂ ਮੁਸਲਮਾਨਾਂ ਤੇ ਭਾਰਤ ਦੀਆਂ ਹੋਰ ਘੱਟਗਿਣਤੀਆਂ ਨਾਲ ਪੇਸ਼ ਆ ਰਹੇ ਹਨ ਅਤੇ ਜਿਸ ਤਰ੍ਹਾਂ ਹਿੰਦੂ ਭੀੜਾਂ ਨੂੰ ਹਿੰਸਾ ਲਈ ਉਕਸਾਇਆ ਜਾ ਰਿਹਾ ਹੈ, ਉਸ ਨੂੰ ਦੇਖਦਿਆਂ ਤਾਂ ਇਹ ਜਰੂਰੀ ਸਮਝਿਆ ਜਾਣਾ ਚਾਹੀਦਾ ਹੈ ਕਿ ਇੱਕ ਲੋਕ ਰਾਜੀ ਦੇਸ਼ ਵਿਚ ਅਜਿਹੀਆਂ ਗੈਰਕਾਨੂੰਨੀ ਕਾਰਵਾਈਆਂ ਦੀ ਕੱਤਈ ਇਜਾਜ਼ਤ ਨਹੀਂ ਹੋਣੀ ਚਾਹੀਦੀ। ਇਸ ਬੁਰਛਾਗਰਦੀ ਪਿੱਛੇ ਲਾਮਬੰਦ ਆਰ. ਐਸ਼ ਐਸ਼ ਦੇ ਗਿਰੋਹ ਨੂੰ ਨਿਆਂਪਾਲਿਕਾ ਵਿਚ ਪੇਸ਼ ਕਰਕੇ ਗੈਰਕਾਨੂੰਨੀ ਕਰਾਰ ਦੇ ਹੀ ਦੇਣਾ ਚਾਹੀਦਾ ਹੈ; ਪਰ ਭਾਰਤ ਦੇ ਰਾਜ ਭਾਗ 'ਤੇ ਹਾਵੀ ਭਾਜਪਾ ਤਾਂ ਆਰ. ਐਸ਼ ਐਸ਼ ਦੀ ਹੀ ਪੈਦਾਇਸ਼ ਹੈ ਅਤੇ ਕਾਂਗਰਸ ਵਿਚ ਏਨਾ ਦਮ ਹੀ ਨਹੀਂ ਹੈ ਕਿ ਭਾਰਤ ਦੇ ਸੰਵਿਧਾਨ ਦੇ ਖਿਲਾਫ ਕਾਰਵਾਈਆਂ ਕਰਨ ਵਾਲੇ ਆਰ. ਐਸ਼ ਐਸ਼ ਦੇ ਅਪਰਾਧੀ ਗਿਰੋਹ ਦੀ ਜਵਾਬਦੇਹੀ ਕਰਵਾ ਸਕੇ।

ਗਿਆਨੀ ਹਰਪ੍ਰੀਤ ਸਿੰਘ ਦੀ ਬੇਬਾਕੀ ਕਾਰਨ ਸ਼ਾਇਦ ਬਾਦਲਾਂ ਨੇ ਉਨ੍ਹਾਂ ਨੂੰ ਸਿਰਫ ਆਰਜ਼ੀ ਤੌਰ 'ਤੇ ਹੀ ਅਕਾਲ ਤਖਤ ਸਾਹਿਬ ਦੀ ਜਥੇਦਾਰੀ ਦਿੱਤੀ ਹੋਈ ਹੈ। ਹੁਣ ਦੇਖਣਾ ਇਹ ਹੈ ਕਿ ਆਰ. ਐਸ਼ ਐਸ਼ ਦੇ ਖਿਲਾਫ ਆਏ ਸਖਤ ਬਿਆਨਾਂ ਪਿੱਛੋਂ ਬਾਦਲ ਕੇ ਕੋਹੜੀ ਜਾਂ ਕਲੰਕੀ ਹੋਣ ਵਿਚੋਂ ਕਿਸ ਨੂੰ ਚੁਣਦੇ ਹਨ। ਕੁਝ ਲੋਕਾਂ ਦਾ ਖਿਆਲ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਦੇ ਆਰ. ਐਸ਼ ਐਸ਼ 'ਤੇ ਪਾਬੰਦੀ ਦੇ ਬਿਆਨ ਮਹਿਜ ਸਿਆਸਤ ਤੋਂ ਪ੍ਰੇਰਿਤ ਹੀ ਹਨ, ਕਿਉਂਕਿ ਭਾਜਪਾ ਨਾਲ ਅਕਾਲੀ ਦਲ (ਬਾਦਲ) ਦੇ ਨਹੁੰ-ਮਾਸ ਦੇ ਰਿਸ਼ਤੇ ਦਾ ਹਰਿਆਣਾ ਵਿਚ ਤਲਾਕ ਹੋ ਗਿਆ ਅਤੇ ਪੰਜਾਬ ਵਿਚ ਬਾਦਲਾਂ ਦੇ ਲੱਤ ਮਾਰਨ ਲਈ ਭਾਜਪਾ ਸਿਰਫ ਮੁਨਾਸਬ ਮੌਕੇ ਦੀ ਭਾਲ ਵਿਚ ਹੈ।

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਜਿਸ ਤਰ੍ਹਾਂ ਦੇ ਬਿਆਨ ਅਕਾਲੀ ਦਲ ਖਿਲਾਫ ਪੰਜਾਬੀ ਵਿਚ ਦਿੱਤੇ ਹਨ, ਉਨ੍ਹਾਂ ਨੂੰ ਦੇਖ ਕੇ ਇਹ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਭਾਜਪਾ ਨਾਲ ਬਾਦਲਾਂ ਦੇ ਇਸ ਰਿਸ਼ਤੇ ਦਾ ਹੁਣ ਕੋਈ ਵੀ ਤੁਕ ਨਹੀਂ ਬਣਦਾ। ਗਿਆਨੀ ਹਰਪ੍ਰੀਤ ਸਿੰਘ ਦੇ ਬਿਆਨਾਂ ਨੂੰ ਸਿਰਫ ਸਿਆਸੀ ਕਹਿਣਾ ਏਨਾ ਮੁਨਾਸਬ ਨਹੀਂ, ਕਿਉਂਕਿ ਉਨ੍ਹਾਂ ਨੇ ਪਹਿਲਾਂ ਕਸ਼ਮੀਰ ਦੇ ਮਾਮਲੇ ਵਿਚ ਵੀ ਉਸ ਵੇਲੇ ਡਟਵੇਂ ਬਿਆਨ ਦਿੱਤੇ ਸਨ, ਜਦੋਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਸੀ ਕਿ 'ਜਿਨ੍ਹਾਂ ਲੋਕਾਂ ਦੇ ਵਿਆਹ ਨਹੀਂ ਹੁੰਦੇ, ਉਹ ਹੁਣ ਕਸ਼ਮੀਰ ਤੋਂ ਕੁੜੀਆਂ ਲਿਆ ਸਕਣਗੇ।'

ਆਰ. ਐਸ਼ ਐਸ਼ 'ਤੇ ਆਜ਼ਾਦ ਭਾਰਤ ਵਿਚ ਪਹਿਲਾਂ ਵੀ ਪਾਬੰਦੀ ਲੱਗ ਚੁਕੀ ਹੈ ਅਤੇ ਜੇ ਸਿੱਖਾਂ ਤੇ ਭਾਰਤ ਦੀਆਂ ਸਮੂਹ ਘੱਟਗਿਣਤੀਆਂ ਨੇ 'ਹਿੰਦੀ, ਹਿੰਦੂ, ਹਿੰਦੋਸਤਾਨ' ਅਤੇ ਹਿੰਦੂਤਵੀਆਂ ਦੇ ਰੁਝਾਨ ਦਾ ਵਿਰੋਧ ਨਾ ਕੀਤਾ ਤਾਂ ਭਾਰਤ ਵਿਚ ਘੱਟਗਿਣਤੀਆਂ ਦਾ ਰਹਿਣਾ ਮੁਹਾਲ ਹੋ ਜਾਏਗਾ। ਆਰ. ਐਸ਼ ਐਸ਼ ਵਲੋਂ ਹਿੰਦੂਆਂ ਨੂੰ ਹੀ ਭਾਰਤ ਦੇ ਅਸਲੀ ਵਾਸੀ ਮੰਨਿਆ ਜਾਣਾ ਵੀ ਸਰਾਸਰ ਗਲਤ ਹੈ। ਕੁਝ ਚਿੰਤਕ ਦਰਾਵੜ ਲੋਕਾਂ ਨੂੰ ਭਾਰਤ ਦੇ ਅਸਲ ਵਾਸੀ ਮੰਨਦੇ ਹਨ, ਜਦ ਕਿ ਸੱਚ ਇਹ ਹੈ ਕਿ ਭਾਰਤ ਕਦੀ ਵੀ ਇੱਕ ਦੇਸ਼ ਨਹੀਂ ਸੀ ਅਤੇ ਇਹ ਦੇਸ਼ ਅਨੇਕਾਂ ਕੌਮਾਂ, ਧਰਮਾਂ, ਬੋਲੀਆਂ ਅਤੇ ਨਸਲਾਂ ਦਾ ਸਮੂਹ ਹੈ। ਇਨ੍ਹਾਂ ਸਭ ਕੌਮਾਂ ਦਾ ਭਾਰਤ 'ਤੇ ਓਨਾ ਹੀ ਹੱਕ ਹੈ, ਜਿੰਨਾ ਹਿੰਦੂਆਂ ਦਾ। ਸੱਚ ਇਹ ਹੈ ਕਿ ਆਰ. ਐਸ਼ ਐਸ਼ ਦੀ ਹਿੰਦੂਤਵੀ ਦਾਅਵੇਦਾਰੀ ਅਤੇ ਬੁਰਛਾਗਰਦੀ ਦੇਸ਼ ਵਿਚ ਗ੍ਰਹਿ ਯੁੱਧ ਜਿਹੇ ਹਾਲਾਤ ਪੈਦਾ ਕਰਕੇ ਭਾਰਤ ਨੂੰ ਤੋੜ ਦੇਵੇਗੀ।

550ਵੇਂ ਪ੍ਰਕਾਸ਼ ਪੁਰਬ ਸਬੰਧੀ ਸੰਦੇਸ਼: ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੰਥ ਦੇ ਨਾਂ ਕੁਝ ਸੰਦੇਸ਼ ਜਾਰੀ ਕੀਤੇ ਹਨ, ਜੋ ਕ੍ਰਮਵਾਰ ਇਸ ਤਰ੍ਹਾਂ ਹਨ,

- ਗੁਰਦੁਆਰਿਆਂ ਵਿਚ ਇਲੈਕਟ੍ਰਾਨਿਕ ਚੰਦੋਏ ਲਾਉਣ ਦੀ ਮਨਾਹੀ ਕੀਤੀ ਗਈ ਹੈ।
- ਬਾਜ਼ਾਰ ਵਿਚ ਗੁਰੂ ਸਾਹਿਬ ਦੀਆਂ ਵਿਕ ਰਹੀਆਂ ਮੂਰਤੀਆਂ ਦੀ ਮਨਾਹੀ ਕੀਤੀ ਗਈ ਹੈ ਕਿ ਇਹ ਬੰਦ ਕੀਤੀਆਂ ਜਾਣ।
- ਪਰਦੇਸਾਂ ਵਿਚ ਬਿਰਧ ਬੀੜਾਂ ਅਤੇ ਗੁਟਕਾ ਸਾਹਿਬ ਦੇ ਸਸਕਾਰ ਦੀ ਇਜਾਜ਼ਤ ਬਾਰੇ ਕਿਹਾ ਗਿਆ ਹੈ ਕਿ ਪਰਦੇਸਾਂ ਵਿਚ ਰਹਿਣ ਵਾਲੇ ਸਿੱਖ ਸਬੰਧਤ ਸਰਕਾਰਾਂ ਨਾਲ ਰਾਬਤਾ ਬਣਾ ਕੇ ਜਾਣਕਾਰੀ ਅਕਾਲ ਤਖਤ ਨੂੰ ਭੇਜਣ ਤਾਂ ਕਿ ਕੋਈ ਰੁਕਾਵਟ ਨਾ ਆਵੇ।
- 12 ਨਵੰਬਰ ਨੂੰ ਗੁਰਦੁਆਰਾ ਬੇਰ ਸਾਹਿਬ, ਸੁਲਤਾਨਪੁਰ ਵਿਖੇ ਪੰਥ ਵਲੋਂ ਇੱਕ ਸਰਬ ਸਾਂਝੀ ਸਟੇਜ ਲਾਈ ਜਾਵੇਗੀ, ਜਿਸ ਦੀ ਜਿੰਮੇਵਾਰੀ ਸ਼੍ਰੋਮਣੀ ਕਮੇਟੀ ਦੀ ਹੋਵੇਗੀ। ਇਸ ਮੌਕੇ ਆਏ ਸਿਆਸੀ ਅਤੇ ਗੈਰ-ਸਿਆਸੀ ਆਗੂਆਂ ਦਾ ਬਰਾਬਰ ਦਾ ਸਤਿਕਾਰ ਹੋਵੇਗਾ, ਕਿਸੇ ਨਾਲ ਵੀ ਪੱਖਪਾਤ ਨਹੀਂ ਹੋਵੇਗਾ।

ਇਸ ਦੇ ਨਾਲ ਹੀ ਸੰਦੇਸ਼ ਜਾਰੀ ਕੀਤਾ ਗਿਆ ਹੈ ਕਿ ਸਾਢੇ ਪੰਜ ਸੌ ਸਾਲਾ ਪ੍ਰਕਾਸ਼ ਪੁਰਬ ਮਨਾਉਂਦਿਆਂ ਸਾਰੇ ਪੰਥਕ ਪ੍ਰਚਾਰਕ ਅਤੇ ਬੁਲਾਰੇ ਸਿਰਫ ਤੇ ਸਿਰਫ ਗੁਰੂ ਨਾਨਕ ਸਾਹਿਬ ਦੀ ਮਾਨਵਤਾ ਨੂੰ ਦੇਣ ਨੂੰ ਹੀ ਪ੍ਰਮੁਖ ਰੱਖਣ।

- ਸਿੱਖ ਮਾਈ ਭਾਈ ਸੋਸ਼ਲ ਮੀਡੀਏ 'ਤੇ ਕੀਤੀ ਜਾ ਰਹੀ ਬੇਲੋੜੀ ਅਤੇ ਬੇਰਸੀ ਬਿਆਨਬਾਜ਼ੀ ਤੋਂ ਸੰਕੋਚ ਕਰਨ।

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਮੀਡੀਏ ਨੂੰ ਦਿੱਤੇ ਬਿਆਨਾਂ ਵਿਚ ਕਿਹਾ ਹੈ ਕਿ ਭਾਈ ਰਣਜੀਤ ਸਿੰਘ ਢੱਡਰੀਆਂ ਸਬੰਧੀ ਆਈਆਂ ਸ਼ਿਕਾਇਤਾਂ ਲਈ ਪੰਜ ਮੈਂਬਰੀ ਵਿਦਵਾਨਾਂ ਦੀ ਟੀਮ ਬਣਾਈ ਜਾਵੇਗੀ, ਜੋ ਉਨ੍ਹਾਂ ਨਾਲ ਰਾਬਤਾ ਕਰਕੇ ਉਨ੍ਹਾਂ ਦੇ ਬਿਆਨ ਰਿਕਾਰਡ ਕਰਕੇ ਅਕਾਲ ਤਖਤ 'ਤੇ ਪੇਸ਼ ਕਰੇਗੀ। ਇਨ੍ਹਾਂ ਬਿਆਨਾਂ ਦੇ ਆਧਾਰ 'ਤੇ ਪੰਜ ਸਿੰਘ ਸਾਹਿਬਾਨ ਕੋਈ ਫੈਸਲਾ ਕਰਨਗੇ।

ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਭਾਈ ਢੱਡਰੀਆਂ ਵਾਲੇ ਵਲੋਂ ਮਾਤਾ ਭਾਗ ਕੌਰ ਸਬੰਧੀ ਬਿਆਨਬਾਜ਼ੀ ਬਾਰੇ ਅਕਾਲ ਤਖਤ ਸਾਹਿਬ 'ਤੇ ਆਈਆਂ ਸ਼ਿਕਾਇਤਾਂ ਪਿਛੋਂ ਇਹ ਮਾਮਲਾ ਭਖ ਗਿਆ ਸੀ। ਭਾਈ ਢੱਡਰੀਆਂ ਵਾਲੇ ਨੇ ਕਿਹਾ ਸੀ ਕਿ ਗੀਤਕਾਰ ਸਿੱਧੂ ਮੂਸੇਵਾਲੇ ਨੇ ਆਪਣੇ ਗੀਤ ਵਿਚ ਮਾਤਾ ਭਾਗ ਕੌਰ ਬਾਰੇ ਅਯੋਗ ਟਿੱਪਣੀ ਬਾਰੇ ਤਾਂ ਮੁਆਫੀ ਮੰਗ ਲਈ ਹੈ, ਪਰ 'ਸਾਡੇ ਵਾਲੇ' ਤਾਂ ਕਵੀ ਸੰਤੋਖ ਸਿੰਘ ਵਲੋਂ ਲਿਖਤ ਸੂਰਜ ਪ੍ਰਕਾਸ਼ ਗ੍ਰੰਥ ਦੀ ਕਥਾ ਗੁਰਦੁਆਰਿਆਂ ਵਿਚ ਕਰਵਾ ਰਹੇ ਹਨ, ਜਿਸ ਵਿਚ ਨਾ ਕੇਵਲ ਮਾਤਾ ਭਾਗ ਕੌਰ ਬਾਰੇ ਹੀ ਸਗੋਂ ਗੁਰਮਤਿ ਤੋਂ ਉਲਟ ਹੋਰ ਵੀ ਅਨੇਕਾਂ ਹਵਾਲੇ ਹਨ।

ਅਕਾਲ ਤਖਤ ਸਾਹਿਬ ਦੀ ਸਰਬ-ਉਚਤਾ ਬਾਰੇ ਵਿਵਾਦ: ਕੁਝ ਵਿਦਵਾਨਾਂ ਵਲੋਂ ਲਗਾਤਾਰ ਬਿਆਨਬਾਜ਼ੀ ਕੀਤੀ ਜਾ ਰਹੀ ਹੈ ਕਿ ਅਕਾਲ ਤਖਤ ਨੂੰ ਕਿਉਂਕਿ ਪਿਛਲੇ ਲੰਬੇ ਅਰਸੇ ਤੋਂ ਸਿਆਸੀ ਧਿਰਾਂ ਆਪਣੇ ਸੌੜੇ ਹਿੱਤਾਂ ਲਈ ਵਰਤ ਰਹੀਆਂ ਹਨ, ਇਸ ਕਰਕੇ ਅੱਜ ਕਲ ਦੇ ਅਮਲਾਂ ਵਿਚ ਤਖਤ ਸਾਹਿਬ ਦੀ ਤਾਬਿਆ ਰਹਿਣ ਦਾ ਮਤਲਬ ਆਰ. ਐਸ਼ ਐਸ਼ ਅਤੇ ਸਿਆਸੀ ਮੋਹਰਿਆਂ ਦੇ ਦੁਸ਼ਟ ਚੱਕਰ ਦੀ ਤਾਬਿਆ ਹੋਣਾ ਹੈ, ਜਿਸ ਖਿਲਾਫ ਬਗਾਵਤ ਜਰੂਰੀ ਹੈ। ਇਸ ਸਬੰਧੀ ਇਹ ਵੀ ਕਿਹਾ ਜਾ ਰਿਹਾ ਹੈ ਕਿ ਗੁਰੂ ਤੇਗ ਬਹਾਦਰ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਵੀ ਤਾਂ ਅਕਾਲ ਤਖਤ ਦੇ ਦਾਇਰੇ ਵਿਚ ਨਹੀਂ ਸਨ।

ਜਿਥੋਂ ਤਕ ਗੁਰੂ ਕਾਲ ਦਾ ਸਬੰਧ ਹੈ, ਇਸ ਵਿਚ ਕੋਈ ਸ਼ੱਕ ਨਹੀਂ ਕਿ ਧੀਰ ਮੱਲੀਆਂ ਨੇ ਗੁਰੂ ਤੇਗ ਬਾਹਦਰ ਦੇ ਅੰਮ੍ਰਿਤਸਰ ਆਉਣ 'ਤੇ ਦਰਬਾਰ ਸਾਹਿਬ ਦੇ ਦਰਵਾਜੇ ਬੰਦ ਕਰ ਦਿੱਤੇ ਸਨ ਅਤੇ ਗੁਰੂ ਸਾਹਿਬ 'ਤੇ ਗੋਲੀ ਚਲਾਉਣ ਦੀ ਵੀ ਕੋਸ਼ਿਸ਼ ਕੀਤੀ ਸੀ, ਪਰ ਇਸ ਦਾ ਮਤਲਬ ਇਹ ਨਹੀਂ ਕਿ ਭਲਕ ਨੂੰ ਸਿੱਖ ਸਮਾਜ ਨੂੰ ਦਰਬਾਰ ਸਾਹਿਬ ਤੋਂ ਬੇਮੁਖ ਕਰਨ ਲਈ ਢੁੱਚਰਾਂ ਖੜ੍ਹੀਆਂ ਕੀਤੀਆਂ ਜਾਣ। ਜਿਥੋਂ ਤਕ ਦਸਮ ਪਾਤਸ਼ਾਹ ਦਾ ਸਬੰਧ ਹੈ, ਹਰ ਆਮ ਖਾਸ ਸਿੱਖ ਸਮਝ ਸਕਦਾ ਹੈ ਕਿ ਉਨ੍ਹਾਂ ਨੇ ਜੰਗੀ ਵਿਓਂਤਬੰਦੀ ਦੀ ਲੋੜ ਮੁਤਾਬਕ ਸ੍ਰੀ ਅਨੰਦਪੁਰ ਸਾਹਿਬ ਨੂੰ ਚੁਣਿਆ ਸੀ ਅਤੇ ਹਾਲਾਤ ਦੇ ਬਦਲਣ ਨਾਲ ਖਾਲਸੇ ਨੇ ਭਾਈ ਮਨੀ ਸਿੰਘ ਨੂੰ ਦਰਬਾਰ ਸਾਹਿਬ ਦੀ ਸੇਵਾ ਸੌਂਪ ਦਿੱਤੀ ਸੀ।

ਅੰਗਰੇਜ਼ਾਂ ਅਤੇ ਭਾਰਤੀ ਹਾਕਮਾਂ ਵਲੋਂ ਲਗਾਤਾਰ ਇਹ ਕੋਸ਼ਿਸ਼ਾਂ ਜਾਰੀ ਰਹੀਆਂ ਕਿ ਖਾਲਸੇ ਦੇ ਪ੍ਰਮੁਖ ਸ੍ਰੋਤਾਂ ਅਕਾਲ ਤਖਤ ਸਾਹਿਬ ਅਤੇ ਦਰਬਾਰ ਸਾਹਿਬ ਨੂੰ ਆਪਣੇ ਹਿੱਤ ਲਈ ਕਿਵੇਂ ਭੁਗਤਾਇਆ ਜਾਵੇ। ਇਸੇ ਕਰਕੇ ਅਕਾਲ ਤਖਤ ਸਾਹਿਬ 'ਤੇ ਓਹੀ ਜਥੇਦਾਰ ਨਿਯੁਕਤ ਕੀਤੇ ਗਏ, ਜੋ ਸਰਕਾਰਾਂ ਨੂੰ ਮਨਜ਼ੂਰ ਸਨ। ਇਹ ਲੜੀ ਅਕਾਲ ਤਖਤ ਦੇ ਅੰਗਰੇਜ਼ਾਂ ਦੇ ਵੇਲੇ ਤੋਂ ਸਥਾਪਤ ਅਰੂੜ ਸਿੰਘ ਜਿਹੇ ਸਰਬਰਾਹਾਂ ਤੋਂ ਸ਼ੁਰੂ ਹੋ ਕੇ ਗਿਆਨੀ ਗੁਰਬਚਨ ਸਿੰਘ ਤਕ ਚਲੀ ਆਈ ਹੈ। ਇਥੋਂ ਤਕ ਕਿ ਸੰਨ ਚੁਰਾਸੀ 'ਚ ਜਦੋਂ ਭਾਰਤੀ ਫੌਜ ਨੇ ਅਕਾਲ ਤਖਤ ਨੂੰ ਢਹਿ ਢੇਰੀ ਕਰ ਦਿੱਤਾ ਸੀ ਤਾਂ ਜਥੇਦਾਰ ਅਕਾਲ ਤਖਤ ਵਲੋਂ ਬਿਆਨ ਆਏ ਸਨ ਕਿ ਕੋਠਾ ਸਾਹਿਬ ਸੁਰੱਖਿਅਤ ਹਨ।

ਸੌਦੇ ਵਾਲੇ ਸਾਧ ਨੂੰ ਗਿਆਨੀ ਗੁਰਬਚਨ ਸਿੰਘ ਤੋਂ ਬਰੀ ਕਰਵਾ ਕੇ ਬਾਦਲਾਂ ਨੇ ਨਤੀਜਾ ਭੁਗਤ ਲਿਆ ਹੈ। ਇਹ ਵੀ ਸਪੱਸ਼ਟ ਹੈ ਕਿ ਭਾਜਪਾ ਨਾਲ ਅਕਾਲੀ ਦਲ ਦਾ ਰਿਸ਼ਤਾ ਡਾਵਾਂਡੋਲ ਹੈ ਅਤੇ ਹੁਣ ਮੌਕਾ ਹੈ ਕਿ ਅਕਾਲ ਤਖਤ ਸਾਹਿਬ ਦੇ ਰੁਤਬੇ ਨੂੰ ਬੁਲੰਦ ਕਰਕੇ ਪੰਥ ਦੀ ਚੜ੍ਹਦੀ ਕਲਾ ਲਈ ਯਤਨ ਕੀਤੇ ਜਾਣ। ਇਸ ਲਈ ਹੇਠ ਲਿਖੇ ਨੁਕਤਿਆਂ 'ਤੇ ਅਮਲ ਜਰੂਰੀ ਹੈ,

1. ਸੰਪਰਦਾਵਾਂ, ਡੇਰੇ, ਨਿਹੰਗ ਛਾਉਣੀਆਂ, ਮਿਸ਼ਨਰੀ ਅਤੇ ਸਮੂਹ ਪੰਥਕ ਧਿਰਾਂ ਆਪੋ ਆਪਣੇ ਹਿੱਤਾਂ ਲਈ ਅਕਾਲ ਤਖਤ ਸਾਹਿਬ ਦੇ ਰੁਤਬੇ ਨੂੰ ਵਰਤਣ ਜਾਂ ਇਸ ਤੋਂ ਬਾਗੀ ਹੋਣ ਦੀਆਂ ਸਾਜ਼ਿਸ਼ਾਂ ਤੋਂ ਸੰਕੋਚ ਕਰਨ। ਪੰਥਕ ਸਟੇਜਾਂ 'ਤੇ ਕਿਸੇ ਇੱਕ ਧਿਰ ਦਾ ਹੱਕ ਨਾ ਹੋਵੇ, ਸਗੋਂ ਸਮੁੱਚੇ ਪੰਥ ਲਈ ਸਾਂਝਿਆਂ ਕੀਤਾ ਜਾਵੇ। ਪੰਥ ਵਿਚ ਆਪਸੀ ਸਦਭਾਵਨਾ ਦਾ ਮਾਹੌਲ ਬਣਾਇਆ ਜਾਵੇ।

2. ਸਮੁੱਚਾ ਪੰਥ ਹੀ ਪ੍ਰਵਾਣਿਤ ਸਿੱਖ ਰਹਿਤ ਮਰਿਆਦਾ ਦੀ ਤਾਬਿਆ ਰਹੇ ਅਤੇ ਜੋ ਧਿਰਾਂ ਇਸ ਤੋਂ ਬਾਗੀ ਹਨ, ਉਨ੍ਹਾਂ ਨੂੰ ਪੰਥਕ ਸਟੇਜਾਂ ਦੀ ਇਜਾਰੇਦਾਰੀ ਦੇਣ ਜਾਂ ਪੰਥ ਦੀ ਅਗਵਾਈ ਦੀ ਇਜਾਰੇਦਾਰੀ ਦੇਣ ਤੋਂ ਸੰਕੋਚ ਕੀਤਾ ਜਾਵੇ। ਮੌਜੂਦਾ ਤਲਖੀ ਵਾਲੇ ਮਾਹੌਲ ਵਿਚ ਸਿੱਖ ਰਹਿਤ ਮਰਿਆਦਾ ਵਿਚ ਸੋਧਾਂ ਨਹੀਂ ਹੋ ਸਕਣੀਆਂ, ਇਸ ਲਈ ਯੋਗ ਮਾਹੌਲ ਬਣਾਉਣ ਦੀ ਲੋੜ ਹੈ।

3. ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖੀ ਦੇ ਪ੍ਰਚਾਰ ਸਬੰਧੀ ਪੁਰਾਤਨ ਸਰੋਤਾਂ ਵਿਚ ਸਮੇਂ ਸਮੇਂ ਮਿਲਾਵਟਾਂ ਹੋਈਆਂ ਹਨ, ਪਰ ਅੱਜ ਦੇ ਮਾਹੌਲ ਵਿਚ ਆਪਣੀਆਂ ਨਿੱਜੀ ਕਿੜਾਂ ਕੱਢਣ ਲਈ ਇਸ ਮੁੱਦੇ ਨੂੰ ਵਰਤਣ ਤੋਂ ਗੁਰੇਜ਼ ਕੀਤਾ ਜਾਵੇ ਅਤੇ ਜੇ ਕਿਸੇ ਨੇ ਇਸ ਸਬੰਧੀ ਪੰਥ ਦਾ ਧਿਆਨ ਦਿਵਾਉਣਾ ਵੀ ਹੋਵੇ ਤਾਂ ਆਪਣੀ ਭਾਸ਼ਾ ਦਾ ਖਾਸ ਖਿਆਲ ਰੱਖਿਆ ਜਾਵੇ। ਮੌਜੂਦਾ ਦੌਰ ਵਿਚ ਅਨੇਕਾਂ ਪ੍ਰਚਾਰਕਾਂ ਦੇ ਇਰਾਦੇ ਇਤਿਹਾਸਕ ਸ੍ਰੋਤਾਂ ਵਿਚ ਸੋਧ ਦੇ ਨਹੀਂ, ਸਗੋਂ ਇੱਕ-ਦੂਜੇ ਨੂੰ ਨੀਵਾਂ ਦਿਖਾਉਣ ਲਈ ਵੱਧ ਤੋਂ ਵੱਧ ਉਕਸਾਊ ਅਤੇ ਘਟੀਆ ਬੋਲੀ ਬੋਲਣ ਦੇ ਹਨ।

4. ਸੋਸ਼ਲ ਮੀਡੀਏ 'ਤੇ ਆਪੋ ਆਪਣੀ ਧਾਕ ਜਮਾਉਣ ਦੀ ਪ੍ਰਵਿਰਤੀ ਅਤੇ ਗਾਲ੍ਹ-ਮੰਦੇ ਜਾਂ ਆਪੇ ਤੋਂ ਬਾਹਰ ਹੋਣ ਦੀ ਬਿਆਨਬਾਜੀ ਮੁਕੰਮਲ ਤੌਰ 'ਤੇ ਬੰਦ ਕੀਤੀ ਜਾਵੇ।

5. ਪਰਮਾਤਮਾ ਦੀ ਹੋਂਦ, ਨਾਮ ਸਿਮਰਨ, ਪਵਿੱਤਰ ਗੁਰੂਧਾਮਾਂ, ਪਵਿੱਤਰ ਸਰੋਵਰਾਂ ਅਤੇ ਗੁਰੂਕਾਲ ਦੇ ਇਤਿਹਾਸ ਬਾਰੇ ਦਿਮਾਗੀ ਘਾੜਤਾਂ ਘੜ ਕੇ ਪੰਥ ਵਿਚ ਦੁਬਿਧਾ ਪਾਉਣ ਤੋਂ ਪੂਰੀ ਤਰ੍ਹਾਂ ਸੰਕੋਚ ਕੀਤਾ ਜਾਵੇ। ਇਹ ਖਾਸ ਖਿਆਲ ਰੱਖਿਆ ਜਾਵੇ ਕਿ ਪਰਮਾਤਮਾ, ਪਰਮਾਤਮਾ ਦੀ ਬੰਦਗੀ ਅਤੇ ਸੇਵਾ ਦੀ ਮਹਾਨਤਾ ਨੂੰ ਮਹਿਜ਼ ਮਨੁੱਖੀ ਗੁਣਾਂ, ਕਾਮਨ ਸੈਂਸ ਜਾਂ ਵਿਗਿਆਨਕ ਅਸੂਲਾਂ ਤਕ ਸੀਮਤ ਕਰਨ ਦੀਆਂ ਰੁਚੀਆਂ ਗੁਰਬਾਣੀ ਦੇ ਸੱਚ 'ਤੇ ਪੂਰੀਆਂ ਨਹੀਂ ਉਤਰਦੀਆਂ। ਮਿਸਾਲ ਵਜੋਂ ਨਾਮ ਸਿਮਰਨ ਅਤੇ ਵਾਹਿਗੁਰੂ ਦੀ ਅਸੀਮ ਸ਼ਕਤੀ, ਕਿਰਪਾ ਅਤੇ ਦਾਤਾਂ ਪ੍ਰਤੀ ਫੁਰਮਾਨ ਹਨ,

ਸਲੋਕ ਮ: ੧ ॥
ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ ॥
ਇਕ ਜਾਗੰਦੇ ਨਾ ਲਹੰਨਿ ਇਕਨਾ ਸੁਤਿਆ ਦੇਇ ਉਠਾਲਿ ॥੧॥
ਗਉੜੀ ਮਾਲਾ ੫ ॥
ਮਾਧਉ ਹਰਿ ਹਰਿ ਹਰਿ ਮੁਖਿ ਕਹੀਐ ॥
ਹਮ ਤੇ ਕਛੂ ਨ ਹੋਵੈ ਸੁਆਮੀ
ਜਿਉ ਰਾਖਹੁ ਤਿਉ ਰਹੀਐ ॥੧॥ ਰਹਾਉ ॥


ਮਾਂ ਬੋਲੀ ਨੂੰ ਜੋ ਭੁੱਲ ਜਾਓਗੇ
ਕੱਖਾਂ ਵਾਂਗੂੰ ਰੁਲ ਜਾਓਗੇ !
ਪੜ੍ਹੋ ਪੰਜਾਬ


ਗੁਰੂ ਗ੍ਰੰਥ ਸਾਹਿਬ ਚ 14 ਭਾਸ਼ਾਵਾਂ ਨੇ ਪਰ ਲਿਖਤ ਪੰਜਾਬੀ ਦੀ ਹੈ ਹੁਣ ਆਈ ਸਮਝ ਪੰਜਾਬੀ ਦੀ ਕਿ ਨਹੀਂ
ਪੰਜਾਬੀ ਜ਼ਿੰਦਾਬਾਦ
ੳ ਅ ੲ ਸ ਹ
ਕ ਖ ਗ ਘ ਙ
ਚ ਛ ਜ ਝ ਞ
ਟ ਠ ਡ ਢ ਣ
ਤ ਥ ਦ ਧ ਨ
ਪ ਫ ਬ ਭ ਮ
ਯ ਰ ਲ ਵ ੜ
ਸ਼ ਖ਼ ਗ਼ ਜ਼ ਫ਼ ਲ਼
ਮੈ ਪੰਜਾਬੀ ਹਾਂ
ਮੇਰੀ ਮਾਂ ਬੋਲੀ ਪੰਜਾਬੀ ਹੈ|


Anmol Hi-Tech
Shoes
Near Civil Hospital, Tanda
97796-64581, 62806-22259


ABS
ADVANTAGE BUSINESS SERVICES
Ankit Kejriwal
Business Consultant
Corporation Setup
Individual & Corporation Taxes
Business Insurance
Business License & Permits
Immigration & Divorce
Audits
Non Profit Setup
Settle IRS & State Debt
(Offer In Compromise)
Individual Tax Identification Number (ITIN)
(We do in-house passport attestation)
advantage.kay@gmail.com
88-45 164th street
Jamaica NY 11432
718.530.5093
917.774.4659

# ਕੀ ਧਾਰਮਿਕ ਸਥਾਨਾਂ ਦੀਆਂ ਚੋਣਾਂ ਉੱਪਰ ਆਪਣੀ ਹਾਉਮੈਂ ਨੂੰ ਬੜ੍ਹਾਵਾ ਦੇਣ ਵਾਸਤੇ ਹੀ ਪੈਸਾ ਖ਼ਰਚ ਕੀਤਾ ਜਾਂਦੈ ?

## -ਵਿਦੇਸ਼ਾਂ ਵਿੱਚ ਪੰਜਾਬੀਆਂ ਵੱਲੋਂ ਧਾਰਮਿਕ ਸੰਸਥਾਵਾਂ ਦੀਆਂ ਚੌਧਰਾਂ ਹਥਿਆਉਣ ਨੂੰ ਪਹਿਲ ਕਿਉਂ ਦਿੱਤੀ ਜਾਂਦੀ ਹੈ ?



ਸੁਖੰਮਦਰ ਸਿੰਘ ਬਰਾੜ
'ਭਗਤਾ ਭਾਈ ਕਾ'
1-604-751-1113 (ਕੈਨੇਡਾ)

ਸਾਡੇ ਲਈ ਪੂਜਣ ਯੋਗ ਸਥਾਨ, ਗੁਰੂ ਦਾ ਦੁਆਰਾ, ਜਿੱਥੋਂ ਸਾਨੂੰ ਸਾਂਤੀ ਮਿਲਦੀ ਹੈ, ਜਿੱਥੋਂ ਸਾਡੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ, ਜਿੱਥੋਂ ਸਾਨੂੰ ਜੀਵਨ ਜੀਊਣ ਲਈ ਸੇਧ ਮਿਲਦੀ ਹੈ, ਜਿੱਥੇ ਮਨ ਇਕਾਗਰ ਕਰਕੇ ਕੀਤੀਆਂ ਅਰਦਾਸਾਂ ਨੂੰ ਫ਼ਲ ਪੈਂਦਾ ਹੈ ! ਅੱਜ ਉਨ੍ਹਾਂ ਗੁਰੂ ਘਰਾਂ ਦਾ ਗ਼ਲਤ ਇਸਤੇਮਾਲ ਕਰਕੇ ਸੇਵਾ ਦੇ ਪ੍ਰਚਾਰ ਰਾਹੀਂ ਲੋਕਾਂ ਨੇ ਆਪਣੇ ਕਾਰੋਬਾਰ ਤੋਰ ਰੱਖੇ ਹਨ। ਆਪਣੇ ਆਪ ਹੀ ਕਿਸੇ ਧਾਰਮਿਕ ਸਥਾਨ ਜਾਂ ਕਿਸੇ ਧਾਰਮਿਕ ਸੰਸਥਾ ਦਾ ਮੁਖੀ ਬਨਾਉਣ ਲਈ ਆਮ ਜਨਤਾ ਨੂੰ ਇਹ ਕਹਿਣ ਵਾਲੇ ਕਿ ਸਾਨੂੰ ਪ੍ਰਧਾਨ ਬਣਾਓ, ਅਸੀਂ ਮੁਖੀ ਬਣਨਾ ਹੈ। ਤੁਸੀਂ ਇਕੱਠੇ ਹੋ ਕੇ ਸਾਡੇ ਹੱਕ ਵਿੱਚ ਏਕੇ ਦਾ ਸਬੂਤ ਦੇ ਕੇ ਸਾਨੂੰ ਚੌਧਰ ਸੰਭਾਲ ਦਿਓ ਅਸੀਂ ਆਪਣੇ ਗੁਰੂਆਂ ਦੇ ਸਥਾਨਾਂ ਦੀ ਸੇਵਾ ਕਰਾਂਗੇ। ਇਹ ਕਹਿਣ ਵਾਲੇ ਸੇਵਾਦਾਰ ਅਖਵਾਉਣ ਦੇ ਹੱਕਦਾਰ ਨਹੀਂ ਹੁੰਦੇ ਅਤੇ ਨਾ ਹੀ ਉਨ੍ਹਾਂ ਉੱਪਰ ਕਿਸੇ ਕਿਸਮ ਦਾ ਯਕੀਨ ਕੀਤਾ ਜਾ ਸਕਦਾ ਹੈ। ਜਿਸ ਮਨੁੱਖ ਨੂੰ ਸ਼ਰਧਾਲੂ ਖੁਦ ਚੁਣ ਕੇ ਸੇਵਾ ਦਾ ਕੰਮ ਸੰਭਾਲਣ ਉਸ 'ਤੇ ਤਾਂ ਉਮੀਦ ਵੀ ਰੱਖੀ ਜਾ ਸਕਦੀ ਹੈ ਪਰ ਆਪੇ ਬਣੇ ਪ੍ਰਧਾਨ ਜਾਂ ਫਿਰ ਸਿਆਸੀ ਲੋਕਾਂ ਦੀ ਛਤਰੀ ਹੇਠ ਰਹਿ ਕੇ ਧਾਰਮਿਕ ਸਥਾਨਾਂ ਦੀ ਸਾਂਭ ਸੰਭਾਲ ਦਾ ਸਾਰਾ ਕੰਮ ਕਾਜ ਉਨ੍ਹਾਂ ਦੀ ਹੁਕਮ ਅਦੂਲੀ ਨਾਲ ਕਰਨ ਦੀ ਕੋਈ ਹੋਂਦ ਨਹੀਂ ਹੁੰਦੀ। ਲੱਖਾਂ ਕਰੋੜਾਂ ਦੀ ਗਿਣਤੀ ਵਿੱਚ ਮਾਇਆ ਖ਼ਰਚ ਕਰਕੇ ਧਾਰਮਿਕ ਸੰਸਥਾਵਾਂ ਦੀਆਂ ਚੌਧਰਾਂ ਹਥਿਆ ਕੇ ਸੇਵਾ ਕਰਨ ਨੂੰ ਸੇਵਾ ਨਹੀਂ ਕਿਹਾ ਜਾ ਸਕਦਾ। ਸੇਵਾ ਤਾਂ ਕਹਿੰਦੇ ਐ ਕਿ ਤਨ ਮਨ ਨਾਲ ਕੀਤੀ ਹੀ ਫ਼ਲਦੀ ਐ, ਕਿਸੇ ਮਤਲਬ ਨੂੰ ਪਾਉਣ ਵਾਸਤੇ ਕਿਸੇ ਕਿਸਮ ਦੀ ਸੇਵਾ ਕਰਨ ਨੂੰ ਜਾਂ ਫਿਰ ਗੋਲਕ ਵਿੱਚ ਪੈਸੇ ਪਾ ਕੇ ਗੁਰੂ ਘਰਾਂ ਵਿੱਚ ਮੱਥਾ ਟੇਕ ਕੇ ਮੁੜ ਜਾਣ ਨੂੰ ਸੇਵਾ ਨਹੀਂ ਕਿਹਾ ਜਾ ਸਕਦਾ। ਅੱਜ ਦੇ ਜ਼ਮਾਨੇ ਵਿੱਚ ਅਮੀਰ ਲੋਕ ਤਨ ਮਨ ਨਾਲ ਤਾਂ ਸੇਵਾ ਕਰ ਹੀ ਨਹੀਂ ਸਕਦੇ ਪਰ ਉਹ ਲੋਕ ਧਾਰਮਿਕ ਸਥਾਨਾਂ 'ਤੇ ਮਾਇਆ ਦੇ ਭਰਪੂਰ ਗੱਫ਼ੇ ਦੇ ਆਉਂਦੇ ਹਨ ਅਤੇ ਸਮਝ ਲੈਂਦੇ ਹਨ ਕਿ ਸਾਡੇ ਵੱਲੋਂ ਸੇਵਾ ਹੋ ਗਈ ਹੈ। ਸਤਿਗੁਰੂ ਜਾਣੇ ਕਿ ਮਾਇਆ ਦੇ ਗੱਫ਼ਿਆਂ ਦੀ ਕੀਤੀ ਸੇਵਾ ਵਿੱਚ ਪਤਾ ਨਹੀਂ ਮਲਕ ਭਾਗੋ ਵਾਂਗੂੰ ਕਿੰਨ੍ਹੇ 'ਕ' ਮਿਹਨਤ ਕਸ਼ ਲੋਕਾਂ ਦਾ ਖ਼ੂਨ ਚੂਸਿਆ ਹੋਵੇਗਾ। ਧਾਰਮਿਕ ਖਿਆਲਾਂ ਦੇ ਲੋਕ ਜਿਹੜੇ ਕਿ ਪਾਤਿਸ਼ਾਹ ਦੇ ਪੁੱਛੇ ਤੋਂ ਬਿਨਾਂ ਪਾਣੀ ਦੀ ਘੁੱਟ ਵੀ ਨਹੀਂ ਪੀਂਦੇ ਉਹ ਮਾਇਆ ਨਾਲ ਕੀਤੀ ਸੇਵਾ ਨੂੰ ਸੇਵਾ ਨਹੀਂ ਸਮਝਦੇ। ਸੇਵਾ ਤਾਂ ਕਹਿੰਦੇ ਨੇ ਹੱਥੀਂ ਕੀਤੀ ਹੀ ਲੇਖੇ ਲੱਗਦੀ ਐ। ਠੱਗੀ ਨਾਲ ਇਕੱਤਰ ਕੀਤੀ ਕਮਾਈ ਕਿਸੇ ਧਾਰਮਿਕ ਸੰਸਥਾ ਦੀ ਗੋਲਕ ਵਿੱਚ ਪਾਉਣ ਪਿੱਛੋਂ ਆਪਣਾ ਨਾਉਂ ਲਾਊਡ ਸਪੀਕਰ ਰਾਹੀਂ ਬੋਲ ਕੇ ਲੋਕਾਂ ਵਿੱਚ ਆਪਣੇ ਆਪ ਨੂੰ ਸੇਵਾਦਾਰ ਅਖਵਾਉਣਾ ਸੇਵਾ ਨਹੀਂ ਸਗੋਂ ਹਾਉਮੈਂ ਦਾ ਪ੍ਰਤੀਕ ਹੈ। । ਮੀਡੀਏ ਨੂੰ ਪੂਰੀ ਤਰਾਂ ਖਰੀਦ ਕੇ ਲੋਕਾਂ ਨੂੰ ਲਾਲਚ ਦੀ ਤੱਕੜੀ ਵਿੱਚ ਤੋਲ ਕੇ ਪੈਸੇ ਦੇ ਜ਼ੋਰ 'ਤੇ ਉਨ੍ਹਾਂ ਨੂੰ ਆਪਣੇ ਵੱਲ ਖਿੱਚ ਕੇ ਚੌਧਰ ਹਾਸਲ ਕਰਨ ਪਿੱਛੋਂ ਲੋਕਾਂ ਨੂੰ ਅਣਗੌਲਿਆਂ ਕਰਕੇ ਪੈਸਾ ਕਮਾਉਣ ਦੀ ਨੀਅਤ ਨਾਲ ਧਾਰਮਿਕ ਸਥਾਨਾਂ ਦਾ ਸਹਾਰਾ ਲੈਣ ਨੂੰ ਕੀ ਸੇਵਾ ਕਹਾਂਗੇ ? ਕੀ ਅਸੀਂ ਸਤਿਗੁਰੂ ਪਾਤਿਸ਼ਾਹ ਨੂੰ ਧਿਆਉਣ ਦੀ ਬਜਾਏ ਉਸ ਦੇ ਦੁਆਰ ਤੇ ਇੱਕ ਵੰਗਾਰ ਨਾਲ ਸ਼ਰਤਾਂ ਲਾ ਕੇ ਆਪਣੇ ਆਪ ਨੂੰ ਮੋਹਰੀ ਸਾਬਤ ਕਰਕੇ ਲੋਕ ਦਿਖਾਵੇ ਨੂੰ ਗੁਰੂ ਘਰਾਂ ਦੀ ਸੇਵਾ ਕਹਾਂਗੇ ? ਲੋਕਾਂ ਦੁਆਰਾ ਧਾਰਮਿਕ ਸਥਾਨਾਂ ਤੇ ਕੀਤੀ ਮਾਇਆ ਦਾਨ ਜਾਂ ਮਾਇਆ ਪੂਜਾ, ਧਾਰਮਿਕ ਸਥਾਨਾਂ ਦੇ ਜਿੰਮੇਵਾਰ ਅਖਵਾਉਂਦੇ ਹੋਏ ਸੇਵਾ ਦੀ ਸਟੰਟੀ ਖੇਡ ਖੇਡਕੇ ਮਾਇਆ ਉਧਾਰੀ ਦਾ ਬਹਾਨਾ ਲਾ ਕੇ ਪੂਜਾ ਦੀ ਮਾਇਆ ਪ੍ਰਾਪਤ ਕਰਨ ਪਿੱਛੋਂ ਧਾਰਮਿਕ ਸਥਾਨਾਂ ਦੀ ਉਸ ਪੂਜਾ ਨੂੰ ਆਪਣੇ ਕਿਸੇ ਨਿੱਜੀ ਸਵਾਰਥਾਂ ਦੀ ਪੂਰਤੀ ਲਈ ਵਰਤ ਲੈਣ ਨੂੰ ਕੀ ਸੇਵਾ ਕਹਾਂਗੇ ? ਧਾਰਮਿਕ ਸਥਾਨਾਂ ਵਿੱਚ ਮਾਇਆ ਨਾਲ ਖੇਡੀ ਜਾਣ ਵਾਲੀ ਖੇਡ ਨੂੰ ਮਹਾਂਪੁਰਸ਼ ਸੇਵਾ ਕਰਨੀ ਨਹੀਂ ਕਹਿੰਦੇ । ਸੇਵਾ ਤਾਂ ਕੀਤੀ ਸੀ ਭਾਈ ਬਹਿਲੋ ਨੇ, ਭਾਈ ਮੰਝ ਨੇ ਭਾਈ ਬਿਧੀ ਚੰਦ ਨੇ ਭਾਈ ਘਨਈਆ ਨੇ, ਜਿਨ੍ਹਾਂ ਨੇ ਮਾਇਆ ਦਾ ਕਦੇ ਸੁਪਨਾ ਤੱਕ ਵੀ ਨਹੀਂ ਸੀ ਲਿਆ। ਅੱਜ ਵੀ ਏਥੇ ਅਸਲੀ ਸੇਵਾਦਾਰ ਬੜੇ ਹਨ ਜਿਨ੍ਹਾਂ ਦੀ ਪ੍ਰਭੂ ਨਾਲ ਲਿਵ ਲੱਗੀ ਹੋਈ ਹੈ ਅਤੇ ਆਪਣੇ ਆਪ ਨੂੰ ਸ਼ੋਹਰਤ ਅਤੇ ਵਡਿਆਈ ਤੋਂ ਦੂਰ ਰੱਖ ਕੇ ਤਨੋ ਮਨੋ ਪ੍ਰਭੂ ਦੀ ਨਿਰਬਿਘਨ ਸੇਵਾ ਕਰੀ ਜਾ ਰਹੇ ਹਨ ਜਿਨ੍ਹਾਂ ਦਾ ਸੇਵਾ ਕਰਨ ਤੋਂ ਬਿਨਾਂ ਕਿਸੇ ਨਾਲ ਹੋਰ ਕਿਸੇ ਕਿਸਮ ਦਾ ਵਾਹ-ਵਾਸਤਾ ਹੀ ਨਹੀਂ ਹੈ, ਪਰ ਇਹ ਅੱਜ ਦਾ ਮਨੁੱਖ ਭਾਰੀ ਰਕਮਾਂ ਖ਼ਰਚ ਕਰਕੇ ਕਿਸੇ ਸੰਸਥਾ ਦਾ ਮੁਖੀ ਬਣਨ ਪਿੱਛੋਂ ਕਿਹੜੀ ਸੇਵਾ ਕਰਨ ਲਈ ਅੱਗੇ ਆਉਣਾ ਚਾਹੁੰਦਾ ਹੈ ? ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਸੱਚੇ ਪਾਤਿਸ਼ਾਹ ਦੇ ਸਮੇਂ ਭਾਈ ਲਾਲੋ ਨੇ ਵੀ ਪਾਤਿਸ਼ਾਹ ਦੀ ਸੇਵਾ ਕੀਤੀ ਸੀ ਅਤੇ ਮਲਕ ਭਾਗੋ ਨੇ ਵੀ। ਜਿਸ ਦਾ ਜੋ ਵੀ ਸਿੱਟਾ ਨਿੱਕਲਿਆ ਸੀ ਉਸ ਦੀ ਸਾਖ਼ੀ ਇਹ ਧਰਮਾਂ ਦੇ ਪੈਰੋਕਾਰ ਆਪਣੀ ਜ਼ੁਬਾਨੀ ਬੋਲਦੇ ਹਨ ਪਰ ਇਨ੍ਹਾਂ ਦੇ ਆਪਣੇ ਉੱਪਰ ਇਸ ਦਾ ਕੋਈ ਅਸਰ ਨਹੀਂ। ਉਸ ਸਮੇਂ ਦਾ ਮਲਕ ਭਾਗੋ ਤਾਂ ਫਿਰ ਵੀ ਗੁਰੂ ਸਾਹਿਬ ਦੀ ਸਿੱਖਿਆ ਗ੍ਰਹਿਣ ਕਰਕੇ ਓਸੇ ਵੇਲੇ ਹੀ ਸੁਧਰ ਗਿਆ ਸੀ ਪਰ ਅੱਜ ਦੇ ਮਲਕ ਭਾਗੋਆਂ 'ਤੇ ਤਾਂ ਕਿਸੇ ਗੁਰੂ, ਪੀਰ ਪੈਗੰਬਰ, ਔਲੀਏ, ਦੇਵੀ ਦੇਵਤੇ ਦਾ ਭੋਰਾ ਵੀ ਪ੍ਰਛਾਵਾਂ ਨਹੀਂ ਪਿਆ ਅਤੇ ਨਾ ਹੀ ਰੱਤੀ ਭਰ ਕੋਈ ਅਸਰ ਹੁੰਦੈ ਜਿਵੇਂ ਪੱਥਰ ਉੱਤੇ ਗੂੰਦ ਦਾ ਕੋਈ ਅਸਰ ਨਹੀਂ, ਉਸੇ ਤਰਾਂ ਅੱਜ ਕਿਸੇ ਧਰਮ ਦੇ ਕਿਸੇ ਵੀ ਪੈਰੋਕਾਰ 'ਤੇ ਕੋਈ ਅਸਰ ਨਹੀਂ। ਬੱਸ ! ਸਭ ਆਪਣਾ ਕਬੀਲਾ ਪਾਲਣ ਵਿੱਚ ਹੀ ਲੱਗੇ ਹੋਏ ਹਨ। ਅੱਜ ਦੀਆਂ ਧਾਰਮਿਕ ਸੰਸਥਾਵਾਂ ਦੀਆਂ ਚੋਣਾਂ ਵਿੱਚ ਆਪਣੇ ਆਪ ਨੂੰ ਮੁਖੀ ਅਖਵਾਉਣ ਵਾਸਤੇ ਚੌਧਰ ਦੇ ਠੱਪੇ ਲਈ ਪਾਣੀ ਵਾਂਗ ਪੈਸਾ ਰੋੜ੍ਹਿਆ ਜਾ ਰਿਹਾ ਹੈ। ਬੇ-ਅਥਾਹ ਮਾਇਆ ਖ਼ਰਚ ਕਰਕੇ ਧਾਰਮਿਕ ਸੰਸਥਾਵਾਂ ਦੇ ਮੁਖੀ ਬਣਕੇ ਸੇਵਾ ਕਰਨੀ ਸੱਚ ਨਹੀਂ ਹੈ। ਪੱਲਿਉਂ ਮਾਇਆ ਖ਼ਰਚ ਕਰਕੇ ਗੁਰਦੁਆਰਾ, ਮੰਦਰ, ਮਸੀਤ, ਚਰਚ ਜਾਂ ਗਿਰਜਾ ਘਰਾਂ ਦੀਆਂ ਚੌਧਰਾਂ ਹਾਸਲ ਕਰਨ ਪਿੱਛੋਂ ਇੱਕ ਮੁਖੀ ਦੇ ਰੂਪ ਵਿੱਚ ਧਨ ਕਮਾਉਣ ਨੂੰ ਸੇਵਾ ਕਿਵੇਂ ਕਿਹਾ ਜਾ ਸਕਦਾ ਹੈ ? ਅੱਜ ਦੇ ਪਦਾਰਥੀ ਯੁੱਗ ਵਿੱਚ ਧਰਮਾਂ ਦੇ ਅਖੌਤੀ ਪੈਰੋਕਾਰ ਤਾਂ ਸਿਆਸੀ ਲੋਕਾਂ ਦੀ ਚਮਚਾਗਿਰੀ ਕਰਕੇ ਧਰਮ ਨੂੰ ਵੇਚਣ ਵਿੱਚ ਲੱਗੇ ਹੋਏ ਹਨ। ਧਾਰਮਿਕ ਸੰਸਥਾਵਾਂ ਦੀ ਚੌਧਰ ਲਈ ਇੱਕ ਵੰਗਾਰ ਉੱਪਰ ਖ਼ਰਚ ਕਰਨਾ, ਮਾਇਆ ਦੀ ਦੁਰਵਰਤੋਂ ਨਹੀਂ ਹੈ ਤਾਂ ਹੋਰ ਕੀ ਹੈ ? ਅੱਜ ਦੇ ਯੁੱਗ ਵਿੱਚ ਕਿਹੜਾ ਇਹੋ ਜਿਹਾ ਵਿਅਕਤੀ ਹੈ ਜੋ ਕਿ ਆਪਣੀ ਜੇਬ੍ਹ ਵਿੱਚੋਂ ਖ਼ਰਚ ਕਰਕੇ ਕਿਸੇ ਧਾਰਮਿਕ ਸਥਾਨ ਦੀ ਸੇਵਾ ਕਰ ਸਕਦਾ ਹੈ ? ਸਭ ਝੂਠ ਹੈ । ਧਾਰਮਿਕ ਸਥਾਨਾਂ ਤੇ ਵੋਟਾਂ ਰਾਹੀਂ ਕਾਬਜ਼ ਹੋਣਾ ਇੱਕ ਤਰਾਂ ਦੀ ਵੰਗਾਰ ਹੀ ਹੈ। ਕੋਈ ਸਮਾਂ ਹੁੰਦਾ ਸੀ ਜਦੋਂ ਕਿ ਧਾਰਮਿਕ ਸਥਾਨਾਂ ਨੂੰ ਪੂਜਿਆ ਜਾਂਦਾ ਸੀ ਪਰ ਅੱਜ ਕੱਲ੍ਹ ਸਭ ਧਾਰਮਿਕ ਸਥਾਨਾਂ ਨੂੰ ਵਪਾਰ ਦੀ ਹੱਟੀ ਵਜੋਂ ਵਰਤਿਆ ਜਾ ਰਿਹਾ ਹੈ। ਅੱਜ ਅਸੀਂ ਵੱਡੇ ਵੱਡੇ ਬੋਰਡਾਂ ਤੇ ਖ਼ਰਚ ਕਰਕੇ, ਮਾਇਆ ਦੇ ਜ਼ੋਰ 'ਤੇ ਟੀ ਵੀ, ਰੇਡੀਓ, ਅਖਬਾਰਾਂ, ਰਸਾਲਿਆਂ, ਫੇਸਬੁੱਕ, ਟਵੀਟਰ ਅਤੇ ਇੰਟਰਨੈਟ ਦੇ ਜ਼ਰੀਏ ਚੋਣ ਪ੍ਰਚਾਰ ਲਈ ਧਾਰਮਿਕ ਸਥਾਨਾਂ ਦੇ ਚੌਧਰੀ ਬਣਨ ਲਈ ਆਪਣੇ ਆਪ ਨੂੰ ਕੀ ਸਾਬਤ ਕਰਨਾ ਚਾਹੁੰਦੇ ਹਾਂ ? ਕੀ ਭੁੱਖਿਆਂ ਦੇ ਢਿੱਡ ਭਰਨ ਲਈ ਜਾਂ ਬਸਤਰਾਂ ਤੋਂ ਰਹਿਤ ਗਰੀਬਾਂ ਜਾਂ ਭਿਆਣਕ ਬਿਮਾਰੀਆਂ ਦੀ ਜਕੜ ਵਿੱਚ ਫਸੇ ਲੋਕਾਂ ਦੀ ਸਹਾਇਤਾ 'ਤੇ ਮਾਇਆ ਖ਼ਰਚ ਕਰਨੀ ਸੇਵਾ ਨਹੀਂ ? ਕੀ ਨਵ ਜੰਮੀਆਂ ਜੀਉਂਦੀਆਂ ਬੱਚੀਆਂ ਨੂੰ ਸੁੱਟ ਕੇ ਭੱਜ ਜਾਣ ਪਿੱਛੋਂ ਉਨ੍ਹਾਂ ਬੱਚੀਆਂ ਦੀ ਜਲੰਧਰ, ਰੋਪੜ, ਖਰੜ ਅਤੇ ਭਾਰਤ ਵਿੱਚ ਕਈ ਹੋਰ ਸ਼ਹਿਰਾਂ ਵਿੱਚ ਬਣੇ ਸੰਭਾਲ ਕੇਂਦਰਾਂ 'ਚ ਬੱਚੀਆਂ ਦੀ ਸਾਂਭ ਸੰਭਾਲ ਕਰਕੇ ਉਨ੍ਹਾਂ ਦੀਆਂ ਜਿੰਦਗੀਆਂ ਬਚਾਉਣੀਆਂ ਸੇਵਾ ਨਹੀ ? ਜਿਹੜੀ ਮਾਇਆ ਚੌਧਰਾਂ 'ਤੇ ਖ਼ਰਚ ਕੀਤੀ ਜਾਂਦੀ ਹੈ ਜੇ ਕਰ ਉਹ ਮਾਇਆ ਲੋੜਮੰਦ ਲੋਕਾਂ ਤੇ ਖ਼ਰਚੀ ਜਾਵੇ ਇਸ ਤੋਂ ਵੱਧ ਹੋਰ ਕਿਹੜੀ ਸੇਵਾ ਹੋ ਸਕਦੀ ਹੈ। ਇਹ ਗੱਲ ਤਾਂ ਹਰ ਕੋਈ ਭਲੀ ਭਾਂਤ ਹੀ ਜਾਣਦਾ ਹੈ ਕਿ ਪੈਸੇ ਨੂੰ ਕਮਾਉਣ ਵਾਸਤੇ ਪੈਸਾ ਖ਼ਰਚ ਕਰਨਾ ਪੈਂਦਾ ਹੈ ਫੇਰ ਕਿਤੇ ਜਾ ਕੇ ਵਪਾਰ ਚਲਦਾ। ਇਸ ਪ੍ਰਯੋਗ ਨੂੰ ਅਸੀਂ ਇਸ ਤਰੀਕੇ ਨਾਲ ਵਰਤ ਰਹੇ ਹਾਂ ਕਿ 'ਪੈਸਾ ਲੋਕਾਂ ਦਾ ਤੇ ਚੌਧਰ ਸਾਡੀ-ਕਮਾਈ ਕਰਨ ਵਿੱਚ ਅਸੀਂ ਹਾਂ ਮੋਹਰੀ, ਲੋਕ ਰਹਿਣਗੇ ਫ਼ਾਡੀ'। ਆਖ਼ਰ ਵਿੱਚ ਤਾਂ ਹਮੇਸ਼ਾ ਹੀ ਇਸ ਪ੍ਰਸ਼ਨ ਦੇ ਉੱਤਰ ਦੀ ਹੀ ਉਡੀਕ ਬਣੀ ਰਹੇਗੀ ਕਿ ਅਸੀਂ ਆਪਣੀ ਜਨਮ ਭੂਮੀ ਛੱਡ ਕੇ, ਆਪਣੇ ਕੁਰਸੀਨਾਮੇ ਉੱਪਰ ਲਾਲ ਲਕੀਰ ਮਾਰ ਕੇ ਅਤੇ ਆਪਣੇ ਸ਼ਰੀਕੇ ਕਬੀਲੇ ਨਾਲੋਂ ਮੋਹ ਤੋੜ ਹੋ ਕੇ ਸੱਤ ਸਮੁੰਦਰੋਂ ਪਾਰ ਦੀ ਧਰਤੀ ਉੱਤੇ ਕੀ ਕਰਨ ਪਹੁੰਚਦੇ ਹਾਂ ? ਕੀ ਅਸੀਂ ਉੱਥੇ ਮਿਹਨਤ ਨਾਲ ਕਮਾਈ ਕਰਕੇ ਆਪਣੀ ਜਿੰਦਗੀ ਨੂੰ ਸਵਰਗ ਬਣਾਉਣ ਲਈ ਜਾਂਦੇ ਹਾਂ ਕਿ ਕਿਸੇ ਹੋਰ ਲਾਲਚ ਵਾਲੀ ਤੱਕੜੀ ਦੇ ਵਪਾਰੀ ਬਣਨ ਲਈ ਜਾਂਦੇ ਹਾਂ। ਜੇ ਕਰ ਵਧੀਆ ਜਿੰਦਗੀ ਜੀਊਣ ਲਈ ਜਾਂਦੇ ਹਾਂ ਤਾਂ ਉੱਥੇ ਜਾ ਕੇ ਵੀ ਧਾਰਮਿਕ ਸਥਾਨਾਂ ਨੂੰ ਚੋਣਾਂ ਦਾ ਮੈਦਾਨ ਬਣਾਕੇ ਕਿਉਂ ਵਰਤਿਆ ਜਾ ਰਿਹਾ ਹੈ। ਸਿਰਫ਼ ਚੌਧਰ ਵਾਸਤੇ ਹੀ ਜਾਂ ਫਿਰ ਆਪਣੀਆਂ ਆਦਤਾਂ ਦਾ ਪ੍ਰਦਰਸ਼ਨ ਕਰਨ ਲਈ ਹਾਉਮੈਂ ਨੂੰ ਬੜ੍ਹਾਵਾ ਦੇਣ ਵਾਸਤੇ ਸੱਤ ਸਮੁੰਦਰੋਂ ਪਾਰ ਜਾ ਕੇ ਅਜਿਹੇ ਕੰਮ ਕਰਦੇ ਹਾਂ ਜਿਹੜੇ ਕਿ ਸਾਨੂੰ ਕਰਨੇ ਹੀ ਨਹੀਂ ਚਾਹੀਦੇ। ਗੱਲ ਸਮਝ ਤੋਂ ਬਾਹਰ ਹੈ।

# ਗੁਮਨਾਮ ਹਨੇਰੇ ਵਿੱਚ ਪੰਜਾਬੀ ਕਲਾਕਾਰ ਸਤੀਸ਼ ਕੋਲ



ਸੰਸੀ ਪੁੰਨੂੰ, ਪਟੋਲਾ, ਹੱਤਿਆ, ਜਨਮ- ਜਨਮ ਵਰਗੀਆਂ ਹਿੱਟ ਫਿਲਮਾਂ ਸਾਡੀ ਪੰਜਾਬੀ ਇੰਡਸਟਰੀ ਦੀ ਝੋਲੀ ਪਾਉਣ ਵਾਲੇ ਮਹਾਨ ਕਲਾਕਾਰ ਸਤੀਸ਼ ਕੋਲ ਅੱਜ ਇਸ ਫਿਲਮੀ ਦੁਨੀਆ ਤੋਂ ਦੂਰ ਇਕ ਗੁਮਨਾਮ ਹਨੇਰੇ ਵਿੱਚ ਆਪਣੀ ਜਿੰਦਗੀ ਬੀਤਾ ਰਹੇ ਹਨ। 1970 ਤੋਂ ਆਪਣਾ ਫਿਲਮੀ ਸਫਰ ਸ਼ੁਰੂ ਕਰਨ ਵਾਲੇ ਸਤੀਸ਼ ਕੋਲ ਜੀ ਨੇ ਸਾਨੂੰ ਤੇ ਇਸ ਪੰਜਾਬੀ ਫਿਲਮੀ ਦੁਨਿਆ ਨੂੰ ਘੱਟੋ-ਘੱਟ 300 ਫਿਲਮਾਂ ਦੇ ਕੇ ਸਾਡੇ ਪੰਜਾਬ ਦਾ ਨਾਂ ਰੋਸ਼ਨ ਕੀਤਾ।

ਇੱਕ ਨਯੂਜ਼ ਚੈਣਲ ਵੱਲੋ ਲਿੱਤੀ ਇੰਟਰਵਿਊ ਵਿੱਚ ਜੱਦ ਮੈਂ ਸਤੀਸ਼ ਕੋਲ ਜੀ ਦੀ ਜਿੰਦਗੀ ਦੀ ਕਹਾਣੀ ਨੂੰ ਸੁਣਿਆ ਤਾਂ ਮਨ ਬਹੁਤ ਦੁੱਖੀ ਹੋਈਆ ਕਿ ਕਿਵੇਂ ਇਕ ਮਹਾਨ ਕਲਾਕਾਰ ਰਹਿ ਚੁੱਕੇ ਸਤੀਸ਼ ਜੀ ਅੱਜ ਕਿਸ ਹਾਲਤ ਵਿੱਚ ਆਪਣੀ ਜਿੰਦਗੀ ਜੀ ਰਹੇ ਹਨ ਪਰ ਮੇਰਾ ਮਨ ਉਸ ਵੇਲੇ ਵੱਧ ਦੁੱਖਿਆ ਜਦ ਉਨ੍ਹਾਂ ਦਵਾਰਾ ਇਹ ਪਤਾ ਲੱਗਾ ਕਿ ਉਨ੍ਹਾਂ ਦੀ ਹਾਲਤ ਦੀ ਸਾਰ ਲੈਣ ਜਾਂ ਫੇਰ ਉਨ੍ਹਾਂ ਦੀ ਮਦਦ ਕਰਨ ਕਿਸੇ ਵੀ ਕਲਾਕਾਰ ਦੇ ਕਦਮ ਅੱਗੇ ਨਹੀ ਵਧੇ।

ਦੇਵ ਆਂਨਦ, ਦਿਲੀਪ ਕੁਮਾਰ ਜੀ ਤੇ ਹੋਰਨਾਂ ਕਲਾਕਾਰਾਂ ਨਾਲ ਕੰਮ ਕਰ ਚੁੱਕੇ ਸਤੀਸ਼ ਜੀ ਪੰਜਾਬੀ ਫਿਲਮੀ ਦੁਨੀਆ ਦੇ ਅਮਿਤਾਭ ਬੱਚਨ ਅਖਵਾਉਂਦੇ ਸੀ। 50 - 50 ਹਫਤਿਆਂ ਤੋਂ ਵੱਧ ਸਿਨੇਮਾ ਘਰਾਂ ਵਿੱਚ ਉਨ੍ਹਾਂ ਦੀਆਂ ਫਿਲਮਾਂ ਰਾਜ ਕਰਦੀਆਂ ਸੀ, ਹਰ ਇਕ ਕੁੜੀ, ਹਰ ਇੱਕ ਮੁੰਡਾ ਉਨ੍ਹਾਂ ਦਾ ਦੀਵਾਨਾ ਸੀ ਜਦ ਕਿ ਜੇਕਰ ਅੱਜ ਵੀ ਪੰਜਾਬ ਦੇ ਮਹਾਨ ਕਲਾਕਾਰਾਂ ਦੀ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਦਾ ਨਾਂ ਆਪੋ ਆਪਣੇ ਜ਼ੁਬਾਨ ਤੇ ਆ ਜਾਂਦਾ ਹੈ। ਪੰਜਾਬੀ ਫਿਲਮੀ ਦੁਣਿਆ ਨੂੰ ਆਪਣੀ ਜਿੰਦਗੀ ਦੇ 22 ਸਾਲ ਦੇਣ ਵਾਲੇ ਸਤੀਸ਼ ਜੀ ਦੀ ਜਿੰਦਗੀ ਦੀ ਗੱਡੀ ਉਸ ਦਿਨ ਖੜ੍ਹੀ ਹੋ ਗਈ ਜਦ ਉਨ੍ਹਾਂ ਦਾ ਪੈਰ ਤਿਲਕਣ ਕਾਰਣ ਉਨ੍ਹਾਂ ਦਾ ਚੁੱਲ੍ਹਾ ਟੁੱਟ ਗਿਆ ਤੇ ਤਕਰੀਬਨ ਢਾਈ ਸਾਲ ਉਨ੍ਹਾਂ ਨੂੰ ਬੈਡ ਤੇ ਕੱਟਣੇ ਪਏ।

ਹਰ ਇੱਕ ਦੀ ਜਿੰਦਗੀ ਵਿੱਚ ਕਦੇ ਨਾ ਕਦੇ ਅਜਿਹਾ ਵਕਤ ਜਰੂਰ ਆਉਂਦਾ ਹੈ ਜੋ ਉਸ ਨੂੰ ਖਤਮ ਕਰ ਦਿੰਦਾ ਹੈ ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਉਸ ਬੰਦੇ ਦਾ ਸਾਥ ਛੱਡ ਦਿੱਤਾ ਜਾਵੇ। ਇੰਟਰਵਿਊ ਸੁਣਦੇ ਹੋਏ ਇਹ ਵੀ ਜਾਨਕਾਰੀ ਮਿਲੀ ਕਿ 2016 ਵਿੱਚ ਅਨਿਲ ਭਾਰਤੀ ਜੀ ਨੇ ਉਨ੍ਹਾਂ ਦੀ ਦੇਖਭਾਲ ਕਰਨੀ ਸ਼ੁਰੂ ਕੀਤੀ। ਫਿਲਮੀ ਦੁਨੀਆ ਉੱਤੇ ਰਾਜ ਕਰਣ ਵਾਲੇ ਸਤੀਸ਼ ਕੋਲ ਜੀ ਅੱਜ ਇੱਕਲੇ ਲੁਧਿਆਣਾ ਦੇ ਕਿਸੇ ਆਸ਼ਰਮ ਵਿੱਚ ਰਹਿ ਰਹੇ ਹਨ ਜਿੱਥੇ ਉਨ੍ਹਾਂ ਦੀ ਪੂਰੀ ਪੂਰੀ ਦੇਖਭਾਲ ਕੀਤੀ ਜਾ ਰਹੀ ਹੈ।

ਕੀ ਫਾਇਦਾ ਇੱਕ ਕਲਾਕਾਰ ਨੂੰ ਅਜਿਹੇ ਵੱਡੇ ਵੱਡੇ ਅਵਾਰਡ ਦੇਣ ਦਾ ਜਦ ਸਾਡੀ ਸਰਕਾਰ ਜਾਂ ਹੋਰ ਸੰਸਥਾਵਾਂ ਹੀ ਅੱਗੇ ਨਹੀ ਆਉਦੀਆਂ। ਸਰਕਾਰ ਨੂੰ ਇਨ੍ਹਾਂ ਕਲਾਕਾਰਾਂ ਲਈ ਵੀ ਇੱਕ ਸੰਸਥਾ ਬਣਾਉਣੀ ਚਾਹੀਦੀ ਹੈ ਜਿੱਥੇ ਬੀਮਾਰ ਜਾ ਬੇਸਹਾਰਾ ਕਲਾਕਾਰਾਂ ਦੀ ਮਦਦ ਕੀਤੀ ਜਾ ਸਕੇ। ਪਰ ਇਹ ਵੀ ਹੈ ਕਿ ਸਤੀਸ਼ ਜੀ ਦੀ ਹਾਲਤ ਤੋਂ ਇੱਕ ਸੀਖ ਜਰੂਰ ਮਿਲਦੀ ਹੈ ਕਿ ਇਹ ਸਾਰੀ ਦੁਨੀਆ ਪੈਸੇ ਦੀ ਹੈ ਜੇ ਤੁਹਾਡੇ ਕੋਲ ਅੱਜ ਪੈਸਾ ਹੈ ਤਾਂ ਸਾਰੀ ਦੁਨੀਆ ਤੁਹਾਨੂੰ ਬੁਲਾਵੇਗੀ ਪਰ ਜੇਕਰ ਕੱਲ ਤੁਹਾਡੇ ਕੋਲ ਇਹ ਮਾਇਆ ਦਾ ਰੂਪ ਨਹੀ ਰਹਿੰਦਾ ਤਾਂ ਸਾਰੇ ਤੁਹਾਨੂੰ ਪਛਾਨਣ ਤੋਂ ਵੀ ਇਨਕਾਰ ਕਰ ਦੇਣਗੇ। ਇੰਟਰਵਿਊ ਵਿੱਚ ਜਦ ਸਤੀਸ਼ ਜੀ ਤੋਂ ਇਹ ਸਵਾਲ ਪੁੱਛਿਆ ਗਿਆ ਕਿ ਉਨ੍ਹਾਂ ਦੀ ਜਿੰਦਗੀ ਕਿਹੋ ਜਿਹੀ ਜਾ ਰਹੀ ਹੈ ਤੱਦ ਵੀ ਉਨ੍ਹਾਂ ਦਾ ਉੱਤਰ ਇਹ ਹੀ ਸੀ ਕਿ ਉਹ ਖੁਸ਼ ਹਨ ਤੇ ਇਸ ਤੋ ਵੀ ਸਾਨੂੰ ਇਹ ਹੀ ਸੀਖ ਮਿਲਦੀ ਹੈ ਕਿ ਸਾਨੂੰ ਹਰ ਹਾਲਾਤ ਵਿੱਚ ਜਿੰਦਾ ਦਿੱਲ ਰਹਿਣ ਚਾਹੀਦਾ ਹੈ।



19 ਵੀਂ ਸਦੀ ਦੇ ਸਿਤਾਰਾ ਰਹਿ ਚੁੱਕੇ ਸਤੀਸ਼ ਕੋਲ ਜੀ ਦੇ ਉਨ੍ਹਾਂ ਸਾਰੀਆਂ ਦੋਸਤਾਂ ਤੇ ਕਲਾਕਾਰਾਂ ਨੇ ਸਾਥ ਛੱਡ ਦਿੱਤਾ ਜਦ ਕਿ ਉਨ੍ਹਾਂ ਦਾ ਹਾਲ ਚਾਲ ਪੁੱਛਣ ਤੋਂ ਵੀ ਉਹ ਪਿੱਛ ਹੱਟ ਗਏ ਪਰ ਕਹਿੰਦੇ ਨੇ ਰੱਬ ਕਿਸੇ ਵੀ ਬੰਦੇ ਨੂੰ ਕੱਲਾ ਨਹੀ ਛੱਡਦਾ ਤੇ ਅਜਿਹਾ ਹੀ ਸਤੀਸ਼ ਜੀ ਦੇ ਨਾਲ ਹੋਈਆ ਕੋਈ ਨਾ ਕੋਈ ਸੰਸਥਾ ਨੇ ਉਨ੍ਹਾਂ ਦਾ ਹੱਥ ਫੜ ਹੀ ਲਿਆ। ਫਿਲਮੀ ਦੁਣਿਆ ਦੀ ਇੱਕ ਕੋੜੀ ਸੱਚਾਈ ਇਹ ਹੈ ਕਿ ਇਹ ਦੁਨਿਆ ਇੱਕ ਗੱਡੀ ਵਾਂਗ ਹੈ ਤੇ ਜੇ ਤੁਸੀ ਉਸ ਗੱਡੀ ਵਿੱਚ ਸਵਾਰ ਰਹੋਗੇ ਤਾਂ ਬਹੁਤ ਸਾਰੇ ਮੁਸਾਫਰਾਂ ਨਾਲ ਤੁਹਾਡਾ ਟਾਕਰਾ ਹੋਵੇਗਾ ਪਰ ਜੇ ਤੁਸੀ ਇਸ ਗੱਡੀ ਤੋਂ ਉਤਰ ਦਾਂਦੇ ਹੋ ਤਾਂ ਤੁਹਾਨੂੰ ਕੋਈ ਵੀ ਨਹੀ ਬੁਲਾਵੇਗਾ। ਪਰ ਸਤੀਸ਼ ਜੀ ਜਿਸ ਮਰਜੀ ਹਾਲਤ ਵਿੱਚ ਹੋਣ ਉਹਨਾਂ ਦਾ ਨਾਂ ਹਮੇਸ਼ਾ ਹੀ ਸਾਡੀ ਜੁਬਾਣ ਤੇ ਰਹਿੰਦਾ ਹੈ ਕਿਉਂਕਿ ਉਹ ਪੰਜਾਬੀ ਫਿਲਮਾਂ ਦੇ ਮਹਾਨ ਕਲਾਕਾਰ ਹੋਣ ਦੇ ਨਾਲ ਨਾਲ ਇਕ ਜਿੰਦਾ ਦਿੱਲ ਇਨਸਾਨ ਵੀ ਹਨ।੦

**ਜਾਨਵੀ ਬਿੱਠਲ**
**97819-29714**

PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

# Newspaper Classifieds

MATRIMONIAL
PROPERTY
RECRUITMENT
NAME OF CHANGE
BUSINESS

It's time to
Grow your Business
Advertise with us...

## 24 ਘੰਟੇ ਆਨਲਾਈਨ ਪੜ੍ਹੋ

## www.preetnama.com

ਲੇਖ, ਰਚਨਾਵਾਂ, ਕਾਵਿ ਕਿਆਰੀ, ਅਤੇ ਹੋਰ ਚਲੰਤ ਮਸਲੇ

ਜੇਕਰ ਤੁਸੀਂ ਵੀ ਆਪਣੇ ਵਪਾਰ
ਨੂੰ ਵਧਾਉਣਾ ਚਾਹੁੰਦੇ ਹੋ ਤਾਂ
ਅੱਜ ਹੀ ਸਾਡੇ ਨਾਲ ਜੁੜੋ

PREETNAMA
ਪ੍ਰੀਤਨਾਮਾ
ਖਰਾ ਸੱਚ
Online and Print Media

preetnamausa@gmail.com

Contact : +1 201-312-4180

# ਔਰਤ



ਔਰਤ ਹੈ ਮਮਤਾ ਦੀ ਮੂਰਤ,
ਐਵੇਂ ਇਸ ਦੇ ਥੱਪਦੇ ਤੁਹਮਤ।
ਭਾਂਤ-ਭਾਂਤ ਦੇ ਰੱਖਕੇ ਨਾਮ,
ਕਰਦੇ ਇਸ ਨੂੰ ਹੋ ਬਦਨਾਮ।
ਸਾਰੇ ਪੁੱਤਰ ਇਸ ਨੂੰ ਪਿਆਰੇ,
ਜਾਂਦੀ ਹੈ ਸਭ ਤੋਂ ਬਲਿਹਾਰੇ।
ਜਦ ਇਹ ਆਪਸ ਦੇ ਵਿੱਚ ਲੜਦੇ,
ਮਾਂ ਦੇ ਦਿਲ ਦੇ ਟੁਕੜੇ ਕਰਦੇ।
ਕਹਿੰਦੀ, ਵੇ ਕੁੱਝ ਹੋਸ਼ 'ਚ ਆਓ,
ਘਰ ਵਿੱਚ ਨਾ ਕੁਹਰਾਮ ਮਚਾਓ।
ਸੰਨ ਸੰਤਾਲੀ ਜਾਂ ਹੋਵੇ ਚੁਰਾਸੀ,
ਮਾਂ ਦੀ ਮਮਤਾ ਜਾਏ ਹਰਾਸੀ।
ਲਹੂ 'ਚ ਲੱਥ-ਪੱਥ ਦੇਖ ਪੁੱਤਰ,
ਮਾਂ ਦੇ ਸੁੱਕ ਜਾਂਦੇ ਸੋਤਰ।
ਕਹਿੰਦੀ ਸੁਣ, ਵੇ ਲੀਡਰ ਲੋਕੋ,
ਹੁਣ ਤਾਂ ਫਿਰਕੂ ਰੰਗ ਨੂੰ ਰੋਕੋ।
ਕਿਉਂ ਬਣ ਬੈਠੇ ਬੇਈਮਾਨ,
ਫਿਰਕੂ ਪੁਣੇ ਦਾ ਕਰੋ ਐਲਾਨ।
ਮਰਦੋਂ ਦੇ ਸਦਾ ਬਰਾਬਰ ਖੜਦੀ,
ਹਰ ਖਿੱਤੇ ਵਿੱਚ ਕੰਮ ਹੈ ਕਰਦੀ।
ਰੱਖਦੀ ਸਦਾ ਹੀ ਝੁਕੀਆਂ ਅੱਖੀਆਂ,
ਪਰਮਰਦਾਂਦੀਆਂਭੁੱਖੀਆਂਅੱਖੀਆਂ।
ਕਰਦੀਆਂ ਰਹਿਣ ਏਸਦਾ ਪਿੱਛਾ,
ਨਿੱਤ ਨਵਾਂ ਕੋਈ ਬਣਦਾ ਕਿੱਸਾ।
ਵਸਤ ਬਜਾਰੂ ਸਮਝਣ ਆਮ,
ਕਹਿੰਦੇ ਕਰ ਦੇਈਏ ਨਿਲਾਮ।
ਬਾਬੇ ਨਾਨਕ ਦਾ ਫੁਰਮਾਨ,
ਭੁੱਲ ਕੇ ਬੈਠੇ ਹੈ ਨਦਾਨ।
ਕੁੱਖਾਂ ਦੇ ਵਿੱਚ ਮਾਰੀ ਜਾਂਦੇ,
ਪੈਰਾਂ ਹੇਠ ਲਿਤਾੜੀ ਜਾਂਦੇ।
ਡਾਢਾ ਕਹਿਰ ਗੁਜਾਰੀ ਜਾਂਦੇ,
ਪਾ ਤੇਲ ਮਿੱਟੀ ਦਾ ਸਾੜੀ ਜਾਂਦੇ।
ਜੇ ਜੱਗ ਜਨਣੀ ਨਾ ਹੋਈ ਏਥੇ,
ਰਹਿਣਾ ਵੀ ਨਹੀਂ ਕੋਈ ਏਥੇ।
ਕਰੀਏ ਮਨ ਦੇ ਵਿੱਚ ਵਿਚਾਰ,
ਖਤਮ ਹੋ ਜਾਊ ਸਾਰਾ ਸੰਸਾਰ।
ਆਓ ਸਾਰੇ ਕਸਮਾਂ ਖਾਈਏ,
ਔਰਤ ਨੂੰ ਸਿਰ ਦਾ ਤਾਜ ਬਣਾਈਏ।

**ਜਰਨੈਲ ਕੌਰ ਧਾਲੀਵਾਲ**
**ਐਡਮਿੰਟਨ (ਕੈਨੇਡਾ)**

# ਕਿੱਧਰੇ ਮਿਲ ਜਾਵੇਂ ਮੇਰੇ ਦਾਤਾ



ਕਿੱਧਰੇ ਮਿਲ ਜਾਵੇਂ ਮੇਰੇ ਦਾਤਾ,
ਲੋਚਾਂ ਹਰ ਵੇਲੇ।
ਤੇਰੀ ਜੋਤ 'ਚ ਜੋਤ ਸਮਾਵੇ ,
ਲੋਚਾਂ ਹਰ ਵੇਲੇ ।
ਮਿਲੇ ਧੂੜ ਤਾਂ ਮਸਤਕ ਲਾਵਾਂ ,
ਲੋਚਾਂ ਹਰ ਵੇਲੇ
ਦੁਖ ਦਰਦ ਮਿਟਾਦੇਂ ਦੁਨੀਆ ਦੇ ,
ਹਰ ਚੁੱਲ੍ਹੇ ਅੱਗ ਬਲੇ ,
ਲੋਚਾਂ ਹਰ ਵੇਲੇ ।
ਅੰਨਦਾਤਾ ਲੈਂਦਾ ਫਾਹੇ ਵਿੱਚ ਚੁਰਾਹੇ ,
ਹਾਲੀ ਪਾਲੀ ਦੇ ਭਰ ਦੇ ਹਿਮਤਾਂ ,
ਲੋਚਾਂ ਹਰ ਵੇਲੇ ।
ਮਾਪੇ ਖਾਂਦੇ ਧੱਕੇ ,
ਲੰਗਰ ਲਾਵਣ ਸੜਕਾਂ ਤੇ,
ਸੇਵਾ ਕਰੀਏ ਘਰੇ ਬਜੁਰਗਾਂ,
ਲੋਚਾਂ ਹਰ ਵੇਲੇ ।
ਗੁੱਤਾਂ ਖੁੱਲ੍ਹੀਆਂ ਚੁੰਨੀਆਂ ਰੁਲੀਆਂ,
ਬੱਚ ਜਾਵੇ ਮੇਰੀ ਸਿੱਖੀ ,
ਲੋਚਾਂ ਹਰ ਵੇਲੇ ।
ਤੇਰੇ ਸਿੱਖਾਂ ਤੇ ਜੋ ਜ਼ੁਗਲੇ ਕੱਸਦੇ ਨੇ ,
ਪੈ ਜਾਏ ਮੂੰਹ ਦੀ ਖਾਣੀ ,
ਲੋਚਾਂ ਹਰ ਵੇਲੇ ।
ਅੰਨ੍ਹੀ ਪੀਹਵੇ ਕੁੱਤੀ ਚੱਟੇ ,
ਨੇਹਰੀ ਝੁੱਲੀ ਫਿਰਦੀ ਹਰ ਪਾਸੇ ,
ਬਾਬਾ ਨਾਨਕ ਆਜੇ,
ਲੋਚਾਂ ਹਰ ਵੇਲੇ ।
ਪੱਗਾਂ ਦੀ ਥਾਂ ਹੁਣ ਜੈੱਲਾ ਲੈ ਲਈ ਹੈ।
ਸਰੂਪ ਤੇਰਾ ਕਿਤੇ ਮਿਲਜੇ ,
ਲੋਚਾਂ ਹਰ ਵੇਲੇ ।
ਗੁੱਟਕੇ ਦੀ ਥਾਂ ਅੰਮ੍ਰਿਤ ਵੇਲੇ ਫੋਨਾਂ ਤੇ,
ਸੱਚੀ ਸੁੱਚੀ ਮਿਲ ਜਾਏ ਬਾਣੀ ,
ਲੋਚਾਂ ਹਰ ਵੇਲੇ ।
ਸੱਥਾਂ ਤੇ ਹੁਣ ਚਰਚੇ ,
ਲੁੱਟਾਂ ਖੋਹਾਂ ਅਤੇ ਨਸੇੜੀ ਦੇ,
ਪਾਉਣ ਜੱਗੋਂ ਦੁੱਲੇ ਦੀਆਂ ਬਾਤਾਂ ,
ਲੋਚਾਂ ਹਰ ਵੇਲੇ ।
ਗੱਭਰੂ ਛੇ ਛੇ ਫੁੱਟੇ,
ਬਣ ਗਏ ਛਮਕਾਂ ਤੂਤ ਦੀਆਂ,
ਬਣਨ ਫੌਲਾਦੀ ਡਾਂਗਾਂ ,
ਲੋਚਾਂ ਹਰ ਵੇਲੇ ।
ਢਹਿ ਜਾਵਣ ਇਹ ਕੰਧਾਂ ,
ਮਿਲਾ ਨਨਕਾਣੇ ਨੂੰ ,
ਬਾਲਾ ਤੇ ਮਰਦਾਨਾ ਇੱਕ ਹੋ ਜਾਵਣ,
ਲੋਚਾਂ ਹਰ ਵੇਲੇ ।
ਵੰਡੀਆਂ ਪਾ ਕੇ ਤੁਰ ਗਏ ,
ਧਰਮਾਂ ਜਾਤਾਂ ਦੀ ,
ਤੋੜਾਂ ਦਿਆ ਓਹ ਰਸਮਾਂ,
ਲੋਚਾਂ ਹਰ ਵੇਲੇ
ਨਿਰਮਲ ਵੀ ਹੁਣ ਨਿਰਮਲ ਨਾ ,
ਖਿੰਡੀ ਹੈ ਲੋਕ ਪਸਾਰੇ 'ਚ ,
ਮਿਲ ਜਾਏ ਇੱਕ ਬੂੰਦ,ਅੰਮ੍ਰਿਤ
ਲੋਚਾਂ ਹਰ ਵੇਲੇ ।
ਕਿੱਧਰੇ ਮਿਲ ਜਾਵੇਂ ਮੇਰੇ ਦਾਤਾ ,
ਲੋਚਾਂ ਹਰ ਵੇਲੇ ।
ਤੇਰੀ ਜੋਤ ਚ ਜੋਤ ਸਮਾਏ ,
ਲੋਚਾਂ ਹਰ ਵੇਲੇ ।

**ਨਿਰਮਲ ਕੋਟਲਾ**

# ਦੌੜ ਜਾਰੀ ਹੈ

ਦੌੜ ਜਾਰੀ ਹੈ
ਸਮੇਂ ਦੇ ਖ਼ਰਗੋਸ਼
ਜ਼ੁੰਮੇਵਾਰੀਆਂ ਦੇ
ਕੱਛੂ ਨੂੰ
ਚਿੜਾਉਦਿਆਂ ਲੰਘ ਗਏ !
ਇਹ ਸਫ਼ਰ
ਮੈਂ ਤੋਂ
ਤੂੰ ਤੱਕ ਦਾ
ਇੱਕ ਦੌੜ ਹੀ ਤਾਂ ਸੀ
ਤੇ ਅਸੀਂ
ਮੂਕ ਦਰਸ਼ਕ ਬਣੇ
ਦੇਖਦੇ ਰਹੇ !
ਪਿਆਸ ਰਹੀ
ਮੈਨੂੰ ਤੇਰੀ
ਘੜੇ ਵਿਚਲੇ ਪਾਣੀ ਦੀ ਤਰ੍ਹਾਂ !
ਤਮਾਮ ਉਮਰ
ਕੰਕਰ ਹੀ
ਇੱਕਠੇ ਕਰਦਾ ਰਿਹਾ
ਜਦ ਤੂੰ
ਨਜ਼ਦੀਕ ਆਈ ਤਾਂ
ਮੈਂ ਉਪਦੇਸ਼ ਦੇਣ
ਨਿੱਕਲ ਤੁਰਿਆ !
ਤੇ ਸਮੇਂ ਦਾ ਖ਼ਰਗੋਸ਼
ਜ਼ਿੰਦਗੀ ਨੂੰ
ਚਿੜਾਉਦਿਆਂ ਲੰਘ ਰਿਹਾ ਸੀ !
ਭੌਂਕਦਾ ਹੀ ਰਿਹਾ
ਲਾਲਸਾਵਾਂ ਦੀ ਬੋਟੀ
ਮੂੰਹ ਵਿੱਚ ਪਾਈ
ਪਾਣੀਆਂ ਵਿੱਚ
ਹਲਚਲ ਹੋਈ ਤਾਂ
ਪਰਛਾਵਾਂ ਵੀ ਕੰਬਣ ਲੱਗਾ
ਤੇ ਸਮੇਂ ਦਾ ਖ਼ਰਗੋਸ਼
ਫਿਰ ਮੂੰਹ ਚਿੜਾ ਰਿਹਾ ਸੀ !
ਤੱਕਿਆ ਜਦ
ਪਹੁੰਚ ਤੋਂ ਦੂਰ ਤੈਨੂੰ
ਤਾਂ ਹਫ਼ ਕੇ ਬੈਠ ਗਿਆ ਹਾਂ !
ਉੱਚਿਆਂ ਅੰਗੂਰਾਂ ਦਾ
ਸਵਾਦ ਖੱਟਾ ਲੱਗਦਾ ਹੈ।
ਸਮੇਂ ਦਾ ਖ਼ਰਗੋਸ਼
ਫਿਰ ਮੂੰਹ ਚਿੜਾ ਭੱਜਦਾ ਹੈ !
ਮੈਂ ਤੇ ਤੂੰ ਦੀ ਦੌੜ
ਨਿਰੰਤਰ ਜਾਰੀ ਹੈ।
ਮੈਂ ਤਾਂ
ਐਵੇਂ ਹੀ
ਸਾਹ ਖਿੱਚ ਕਿ ਪੈ ਗਿਆ ਸੀ
ਤੂੰ ਆਈ;
ਤੇ ਪਲ-ਦੋ-ਪਲ ਰੁਕੀ ਵੀ ਨਾ !!
ਸਮੇਂ ਦੇ ਖ਼ਰਗੋਸ਼ਾਂ ਨਾਲ ਹੀ
ਰਲ ਚੱਲੀ !!
ਝੱਲੀਏ,
ਕੀ ਤੈਨੂੰ ਪਤਾ ਨਹੀ ਸੀ...
ਕਿ ਇਸ਼ਕ ਤਾਂ,
ਕਦੇ ਮਰਦਾ ਹੀ ਨਹੀਂ।
ਇਸ਼ਕ ਤਾਂ ਅਮਰ ਹੈ।
ਇਸ਼ਕ ਤਾਂ ਅਜਿੱਤ ਹੈ।

**ਗਗਨਦੀਪ ਸਿੰਘ ਸੰਧੂ**
7589431402

# ਕਵਿਤਾ

ਗੀਤ ਲਿਖਾਂ ਜਾਂ ਗਜ਼ਲ ਬਣਾਵਾਂ
ਜਾਂ ਕਵਿਤਾ ਨੂੰ ਗਲ ਨਾਲ ਲਾਵਾਂ।
ਦੇਵਾਂ ਰੰਗ ਸਿਆਹੀ ਦਾ ਜਾਂ ਭਰਾਂ ਗੁਲਾਬੀ ਦਾ ,
ਮੈਂ ਮੋਤੀਆਂ ਵਾਂਗ ਪਰੋਵਾਂ ਇਕ ਇਕ ਅੱਖਰ ਪੰਜਾਬੀ ਦਾ।
ਮਾਂ ਤੋਂ ਪਹਿਲਾਂ ਮਾਂ ਬੋਲੀ ਪੰਜਾਬੀ ਜਨਮ ਲਿਆ,
ਜਿਨੂੰ ਪੜ ਪੜ ਮੂੰਹੋਂ ਅਸਾਂ ਮਾਂ ਨੂੰ ਮਾਂ ਕਿਹਾ।
ਇਹਦਾ ਰਿਸ਼ਤਾ ਸਾਡੇ ਨਾਲ ਜਿਉਂ ਤਾਲੇ ਚਾਬੀ ਦਾ ,
ਮੈਂ ਮੋਤੀਆਂ ਵਾਂਗ ਪਰੋਵਾਂ ਇਕ ਇਕ ਅੱਖਰ ਪੰਜਾਬੀ ਦਾ।
ਦੇਸ਼ਾਂ ਤੇ ਵਿਦੇਸ਼ਾਂ ਵਿੱਚ ਇਹਦਾ ਸਤਿਕਾਰ ਬੜਾ,
ਇਹਦੇ ਨਾਲ ਪੰਜਾਬ ਵਿੱਚ ਹੈ ਸਭਿਆਚਾਰ ਖੜਾ।
ਹੁਸਨ ਪੰਜਾਬੀਆਂ ਨੂੰ ਬੜਾ ਇਹਦੀ ਟੋਹਰ ਨਵਾਬੀ ਦਾ,
ਮੈਂ ਮੋਤੀਆਂ ਵਾਂਗ ਪਰੋਵਾਂ ਇਕ ਇਕ ਅੱਖਰ ਪੰਜਾਬੀ ਦਾ।
ਇਸ ਬੋਲੀ ਨੇ ਕਲਮ ਨਾਂ ਦੀ ਚੀਜ ਸਾਨੂੰ ਫੜਾਈ,
ਫਿਰ ਲੇਖਕ ਤੇ ਗੀਤਕਾਰਾਂ ਦੀ ਹੋਈ ਸਾਰੇ ਚੜਾਈ।
ਹਰ ਕਿੱਸਾ ਅਸੀ ਲਿਖਿਆ ਹਰ ਇਕ ਇਨਕਲਾਬੀ ਦਾ ,
ਮੈਂ ਮੋਤੀਆਂ ਵਾਂਗ ਪਰੋਵਾਂ ਇਕ ਇਕ ਅੱਖਰ ਪੰਜਾਬੀ ਦਾ।

**ਬੱਬਲਾ, ਬੇਰੋਂਵਾਲ**
**ਫ਼ੋਨ:-99154-28009**

# ਜ਼ਹਿਰ



ਜ਼ਹਿਰ ਹੈ ਜ਼ਹਿਰ ਹੈ ਜ਼ਹਿਰ ਹੈ
ਚਾਰੇ ਪਾਸੇ ਛਾਇਆ ਜ਼ਹਿਰ ਹੈ
ਸਾਡੇ ਅੰਦਰ ਜ਼ਹਿਰ, ਬਾਹਰ ਜ਼ਹਿਰ
ਜਿੱਧਰ ਦੇਖੋ ਉੱਧਰ ਜ਼ਹਿਰ
ਪਾਣੀ ਜ਼ਹਿਰੀਲੀ, ਹਵਾ ਜ਼ਹਿਰੀਲੀ
ਧਰਤੀ ਜ਼ਹਿਰੀਲੀ, ਅੰਬਰ ਜ਼ਹਿਰੀਲਾ
ਪਤਾਲ ਜ਼ਹਿਰੀਲਾ, ਅਕਾਸ਼ ਜ਼ਹਿਰੀਲਾ
ਹੋਇਆ ਸਾਰਾ ਪੌਣ-ਪਾਣੀ ਜ਼ਹਿਰੀਲਾ
ਉਗਾਈਏ ਜ਼ਹਿਰ, ਖਾਈਏ ਜ਼ਹਿਰ
ਕਮਾਈਏ ਜ਼ਹਿਰ, ਵੰਡੀਏ ਜ਼ਹਿਰ
ਸੁਣਦੇ ਜ਼ਹਿਰ, ਕਹਿੰਦੇ ਜ਼ਹਿਰ
ਮਾਂ ਜ਼ਹਿਰਲੀ, ਬਾਪ ਜ਼ਹਿਰਲਾ
ਪੈਦਾ ਹੋਵੇ ਔਲਾਦ ਜ਼ਹਿਰਲੀ
ਹਰ ਪਾਸੇ ਹੁਣ ਫੈਲਾਏ ਜ਼ਹਿਰ
ਕੁਦਰਤ ਵਿਖਾਏ ਆਪਣਾ ਕਹਿਰ
ਕਿਉਂਕਿ ਚਾਰੇ ਪਾਸੇ ਫੈਲਿਆ ਜ਼ਹਿਰ
ਪਰ ਅਸੀਂ ਨਿਰਦੋਸ਼ ਹਾਂ !
ਕਿਉਂਕਿ ਅਸੀਂ ਮਾਸੂਮ ਹਾਂ
ਨਾ ਜਾਣਦੇ ਹਾਂ
ਨਾ ਪਹਿਚਾਣਦੇ
ਆਪਣੇ ਫਰਜ਼
ਪਰ ਸਾਨੂੰ ਪਤਾ ਹੈ
ਸਾਡੇ ਹੱਕ
ਸਰਕਾਰਾਂ ਦੇ ਫਰਜ਼
ਦੂਜੇ ਦੀਆਂ ਖ਼ਾਮੀਆਂ
ਆਪਣੀਆ ਖ਼ੂਬੀਆਂ
ਦੂਜਿਆਂ ਵੱਲ ਤੱਕਣਾ
ਭੀੜ ਦਾ ਹਿੱਸਾ ਬਣਨਾ
ਸਾਨੂੰ ਖ਼ੂਬ ਆਉਂਦਾ ਹੈ
ਸਿਸਟਮ ਦਾ ਹਿੱਸਾ ਬਣਨਾ
ਤੇ ਸਿਸਟਮ ਨੂੰ ਹੀ ਨਿੰਦਣਾ
ਸਾਨੂੰ ਆਪਣਾ ਨਿੱਜ ਪਿਆਰਾ
ਆਪਣੀ ਅਕਲ ਪਿਆਰੀ
ਆਪਣਾ ਪਰਿਵਾਰ ਪਿਆਰਾ
ਕੀ ਲੈਣਾ ਹੈ ਕਿਸੇ ਕੋਲੋ
ਸਾਡਾ ਤਾਂ ਹੋਵੇ ਚੰਗਾਂ ਗੁਜ਼ਾਰਾ
ਅੱਗ ਨਾ ਉਦੋਂ ਤੱਕ ਅੱਗ ਲੱਗੇ
ਜਦੋਂ ਤੱਕ ਨਾ ਘਰ ਸਾਡੇ ਪਹੁੰਚੇ
ਫਿਰ ਮਚਾਈਏ ਹਾਲ-ਦੁਹਾਈਏ
ਪਰ ਪਹਿਲਾ ਰਹਿੰਦੇ ਹਾਂ ਸੁੱਤੇ

**ਮਨਦੀਪ ਗਿੱਲ ਧੜਾਕ**
9988111134

# ਗ਼ਜ਼ਲ

ਜਿਸ ਦਾ ਇੱਥੇ ਜੀਣਾ ਹੀ ਦੁਸ਼ਵਾਰ ਹੈ,
ਨਰਕ ਉਸ ਨੂੰ ਲੱਗਦਾ ਇਹ ਸੰਸਾਰ ਹੈ।
ਉਹ ਹਰਿਕ ਦੇ ਫਿਰਦਾ ਹੈ ਗਲ ਪੈਣ ਨੂੰ,
ਉਸ ਨੂੰ ਤਾਂ ਕੁਝ ਕਹਿਣਾ ਹੀ ਬੇਕਾਰ ਹੈ।
ਮਾਣ ਉਹ ਕੀ ਕਰਨ ਨਸ਼ਈ ਪੁੱਤ ਤੇ ?
ਮਾਪਿਆਂ ਦੇ ਸਿਰ ਤੇ ਉਹ ਤਾਂ ਭਾਰ ਹੈ।
ਕਿਉਂ ਨਾ ਫਿਰ ਉਹ ਪਿਆਰ ਮਾਇਆ ਨੂੰ ਕਰੇ ?
ਆਦਮੀ ਜਦ ਇਸ ਬਿਨਾਂ ਬੇਕਾਰ ਹੈ।
ਸਾਥ ਦੋਸਤ ਛੱਡ ਜਾਂਦੇ ਨੇ ਉਦੋਂ,
ਆਦਮੀ ਹੁੰਦਾ ਜਦੋਂ ਲਾਚਾਰ ਹੈ।
ਉਸ ਨੂੰ ਬਾਹਰ ਜਾ ਕੇ ਵੀ ਇੱਜ਼ਤ ਮਿਲੇ,
ਜਿਸ ਨੂੰ ਮਿਲਦਾ ਆਪਣੇ ਘਰ ਪਿਆਰ ਹੈ।
ਕਰਕੇ ਨਫ਼ਰਤ ਖਤਮ,ਬੈਠਾਂਵੇ ਕੱਠੇ,
ਬਹੁਤ ਸ਼ਕਤੀਸ਼ਾਲੀ ਹੁੰਦਾ ਪਿਆਰ ਹੈ।

**ਮਹਿੰਦਰ ਸਿੰਘ ਮਾਨ**
**9915803554**

# ਜੀਣ ਦਾ ਜਜਬਾ

ਜੀਣ ਦਾ ਜਜ਼ਬਾ ਆਪਣੇ ਅੰਦਰ ਜਗ੍ਹਾ ਨੀ ਜਿੰਦੜੀਏ
ਮਨ ਆਪਣੇ ਨੂੰ ਸਮਾਜ ਸੇਵਾ ਵਿੱਚ ਲਾ ਨੀ ਜਿੰਦੜੀਏ
ਸਮਝੀ ਨਾ ਆਪਣੇ ਆਪ ਨੂੰ ਕਦੇ ਕਮਜ਼ੋਰ ਬਹੁਤੀ ,
ਕਲਮ ਦੀ ਤਾਕਤ ਨੂੰ ਹਥਿਆਰ ਬਣਾ ਨੀ ਜਿੰਦੜੀਏ
ਸੱਭਿਆਚਾਰ ਕੀ ਹੁੰਦਾ ਸਮਝਾ ਆਪਣੇ ਬੱਚਿਆਂ ਨੂੰ ,
ਇਸ ਪੱਛਮੀ ਪਹਿਰਾਵੇ ਤੋਂ ਖਹਿੜਾ ਛੁਡਾ ਨੀ ਜਿੰਦੜੀਏ
ਜਗ੍ਹਾ ਕੇ ਦੇ ਹੌਸਲਾ ਹੁਣ ਤੂੰ ਆਪਣੇ ਸਿਰ ਦੇ ਸਾਂਈ ਨੂੰ ,
ਸਮਾਜਿਕ ਬੁਰਾਈ ਨਾਲ ਲੜਨਾ ਸਿਖਾ ਨੀ ਜਿੰਦੜੀਏ
ਗੰਦਲਾ ਹੋ ਗਿਆ ਚੌਗਿਰਦਾ ਚੱਲ ਉੱਠ ਸਾਫ ਕਰੀਏ ,
ਇਹ ਫਰਜ਼ ਹੈ ਸਭ ਦਾ ,ਸਭ ਨੂੰ ਸਮਝਾ ਨੀ ਜਿੰਦੜੀਏ

**ਮਨਜੀਤ ਕੌਰ ਢੀਂਡਸਾਂ ਪਾਤੜਾਂ ਪਟਿਆਲਾ**

# ਦੋਹੇ

ਸਾਨੂੰ ਜਿਹੜੇ ਸ਼ਖਸ ਦੀ ਸੀ ਅਜਲਾਂ ਤੋਂ ਭਾਲ ।
ਸਰਦਲ ਉੱਤੇ ਆਗਿਆ ਮੋਹ ਦੇ ਦੀਵੇ ਬਾਲ ।
ਕੋਲ ਅਸਾਡੇ ਸੁਖ਼ਨ ਨਾ ਤੇਰੇ ਵਰਗੇ ਯਾਰ ।
ਤੇਰੀ ਪੜ੍ਹ ਹਰ ਨਜ਼ਮ ਨੂੰ ਹੁੰਦਾ ਦਿਲ ਸਰਸ਼ਾਰ।
ਮਿੱਟੀ ਉੱਤੇ ਵਿਖਰਿਆ ਸੂਹਾ ਲਾਲ ਸਬਾਬ ।
ਮੈਂ ਟਾਹਣੀ ਤੇ ਤੱਕਿਆ ਰੋਂਦਾ ਫੁੱਲ ਗੁਲਾਬ ।
ਮਾਂ ਬੋਲੀ ਜਦ ਬੋਲੀਏ ਤਨਜ਼ਾਂ ਕਸਦੇ ਲੋਕ ।
ਤਕ ਕੇ ਮਾਂ ਦੀ ਬੇ ਪਤੀ ਹੁੰਦਾ ਡਾਹਢਾ ਸ਼ੋਕ।
ਆਖਰ ਧੋਖਾ ਖਾਵਦੇ ਬੰਦੇ ਤੇਜ਼ ਤਰਾਰ ।
ਜਿੱਤਣ ਵਾਲੇ ਜੱਗ ਨੂੰ ਖੁਦ ਤੋਂ ਜਾਂਦੇ ਹਾਰ।
ਉਹ ਅੰਦਰ ਤੋਂ ਡੁਸਕਦਾ ਦੱਸੇ ਕਿੰਝ ਅਜ਼ਾਬ ।
ਤਿਣਕਾ ਤਿਣਕਾ ਹੋ ਰਿਹਾ ਮੇਰਾ ਦੇਸ਼ ਪੰਜਾਬ ।

**ਜਗਤਾਰ ਪੱਖੋ 98555-43660**

# ਦੋਹੇ

ਇਕਾਹਟ ਵਰ੍ਹਿਆਂ ਦਾ ਹੋ ਗਿਆਂ, ਮੈਂ ਤਾਂ ਮਿੱਤਰੋ ਅੱਜ,
ਤੁਹਾਥੋਂ ਦੁਆਵਾਂ ਲੈਣ ਦਾ, ਮਿਲ ਗਿਆ ਹੈ ਪੱਜ।
ਤੀਹ ਵਰ੍ਹਿਆਂ ਦੀ ਉਮਰ ਵਿੱਚ. ਲੈ ਕੇ ਲਾਵਾਂ ਚਾਰ,
ਮਿਲਿਆ ਸੀ ਸੁਰਜੀਤ ਦਾ, ਉਮਰ ਭਰ ਦਾ ਸਾਥ।
ਤਿੰਨ ਵਰ੍ਹਿਆਂ ਬਾਅਦ ਬਣਿਆ, ਦੋ ਬੱਚਿਆਂ ਦਾ ਬਾਪ,
ਸੱਭ ਦੇ ਘਰ ਖੇਡਣ ਬੱਚੇ,ਇਹੋ ਮੇਰੀ ਅਰਦਾਸ।
ਵੱਡੇ ਹੋ ਗਏ ਬੱਚੇ, ਰਹੇ ਵਿਹਲੜਾਂ ਤੋਂ ਦੂਰ,
ਦੋਵੇਂ ਨੌਕਰੀ ਲੱਗ ਗਏ, ਕਰਕੇ ਪੜ੍ਹਾਈ ਖੂਬ।
ਮੌਤ ਦਾ ਡੰਡਾ ਚੱਲਿਆ, ਇਸੇ ਸਮੇਂ ਦੌਰਾਨ,
ਮਾਂ-ਬਾਪ ਤੇ ਵੱਡਾ ਵੀਰ, ਰਹੇ ਨਾ ਵਿੱਚ ਜਹਾਨ।
ਆਪਣੇ ਵੱਲੋਂ ਮੈਂ ਕੀਤਾ, ਉਨ੍ਹਾਂ ਦਾ ਸਤਿਕਾਰ,
ਉਨ੍ਹਾਂ ਨੇ ਵੀ ਮੇਰੀ ਝੋਲੀ, ਭਰੀ ਨਾਲ ਪਿਆਰ।
ਮੇਰੇ ਤੇ ਆਫਤ ਆਣ ਤੇ, ਵੀਰ ਖੜ ਗਿਆ ਨਾਲ,
ਦਿਲ ਚੋਂ ਨਿਰਾਸ਼ਾ ਕੱਢ ਕੇ, ਮੈਨੂੰ ਲਿਆ ਸੰਭਾਲ।
ਮੌਤ ਤਾਂ ਆਣੀ ਸੱਭ ਨੂੰ, ਕਿਹੜਾ ਸਕਿਆ ਟਾਲ,
ਉਹ ਭੁੱਲ ਗਏ ਲੋਕਾਂ ਨੂੰ, ਜੋ ਤੁਰੇ ਉਮਰਾਂ ਗਾਲ।
ਜਿਨ੍ਹਾਂ ਲੋਕਾਂ ਦੇ ਵਾਸਤੇ, ਵੇਖਿਆ ਨਾ ਦਿਨ ਰਾਤ,
ਉਹ ਦੇ ਗਏ ਲੋਕਾਂ ਨੂੰ, ਸੁੱਖਾਂ ਦੀ ਸੁਗਾਤ।
ਜੇ ਛੱਡ ਕੇ ਖ਼ੁਦਗਰਜ਼ੀਆਂ, ਰਹੀਏ ਨਾਲ ਪਿਆਰ,
ਬਣ ਜਾਵੇਗਾ ਸਵੱਰਗ, ਸੱਚੀਂ ਇਹ ਸੰਸਾਰ।

**ਮਹਿੰਦਰ ਮਾਨ 9915803554**

# ਮਾਂਵਾ

ਮੈ ਉਹਨਾ ਮਾਂਵਾ ਲਈ
ਉਹਨਾ ਸੱਸਾ ਲਈ
ਤੜਫਦੀ ਰਹਿਨੀ ਆ ।
ਬੂਹੇ ਵਿੱਚ ਬਹਿੰਦੀਆ ਮੰਜਾ ਡਾਹ ਕੇ ਜੋ
ਨੂੰਹਾ ਪੁੱਤ ਜਿੰਨਾ ਦੇ ਤੁਰ ਗਏ ਪ੍ਰਦੇਸੀ
ਜਾਂ ਫਿਰ
ਵੱਸ ਗਏ ਸ਼ਹਿਰੀ ਜਾ ਕੇ ।
ਉਸ ਮਾਂ ਦੀਆ ਬੁੱਢੀਆ ਤੇ ਕਮਜ਼ੋਰ
ਅੱਖੀਆ
ਘਰ ਦੇ ਬੂਹੇ ਵਾਂਗ ਸਦਾ ਹੀ ਰਹਿੰਦੀਆ
ਖੁੱਲੀਆ ।
ਗਲੀ ਚੋਂ ਲੰਘਦੇ ਟੱਪਦੇ ਲੋਕਾ ਨੂੰ
ਦੂਰ ਤੱਕ ਪਛਾਣਦੀ ਉਹ ।
ਚੁੰਨੀ ਦੇ ਪੱਲੇ ਨਾਲ ਸ਼ੀਸ਼ੇ ਸਾਫ ਕਰਕੇ
ਨਿਗਾਹ ਵਾਲੀ ਐਨਕ
ਲਾਉਂਦੀ ਉਹ ।
ਆਪੇ ਨਾਲ ਪਰਚਦੀ ਆ
ਲੈ ਆਹ ਤਾਂ ਜਮਾ ਈ ਮੇਰੇ ਜੰਟੇ ਅਰਗਾ
ਕਿੱਡਾ ਉੱਚਾ ਲੰਮਾ ਸੋਹਣਾ,,,,,,
ਲੈ ਲੰਘ ਗਿਆ
ਤੋਰ ਵੀ ਜਮਾ ਈ ਉਸੇ ਅਰਗੀ ਆ।
ਤੇ ਝੱਟ ਕੁ ਮਗਰੋ
ਗੀਝੇ ਚ ਪਾਏ ਫੋਨ ਨੂੰ ਕੱਢਦੀ
ਦੋ ਚਾਰ ਵਾਰ ਗਹੁ ਨਾਲ ਵੇਖਦੀ ਆ।
ਪਤਾ ਨੀ ਏਹ ਨਖਾਫਣਾ
ਖਰਾਬ ਖ਼ੁਰਬ ਹੋ ਗਿਆ
ਕਈ ਦਿਨ ਹੋ ਗਏ ਬੱਜਿਆ ਈ ਨੀ ।
ਫਿਰ
ਸੁੰਨੇ ਪਏ ਭਾਂ ਭਾਂ ਕਰਦੇ ਵਿਹੜੇ ਵੱਲ
ਵੇਖ ਲੰਮਾ ਹਉਕਾ ਲੈਂਦੀ ਉਹ
ਮੰਜੇ ਦੀ ਬਾਹੀ ਫੜਦੀ
ਬੂਹੇ ਵੱਲ ਮੂੰਹ ਕਰਕੇ
ਹੋ ਜਾਂਦੀ ਆ ਟੇਢੀ
ਤੇ ਕਾਲਜੇ ਤੇ ਹੱਥ ਰੱਖ ਮੰਗਦੀ ਹੈ
ਢੇਰ ਸਾਰੀਆ ਦੁਆਵਾ
ਪੁੱਤ ਪੋਤਿਆ ਲਈ ।

**ਪਵਿੱਤਰ ਕੌਰ ਮਾਟੀ**
9914210315

# ਜੇ ਦਰਦਾਂ ਨੂੰ ਸੀਨੇ ਬਾਲ਼ ਲਵਾਂ ਮੈਂ

ਜੇ ਦਰਦਾਂ ਨੂੰ ਸੀਨੇ ਬਾਲ਼ ਲਵਾਂ ਮੈਂ।
ਤਾਂ ਫਿਰ ਲੋਹੇ ਨੂੰ ਵੀ ਢਾਲ਼ ਲਵਾਂ ਮੈਂ।
ਤੇਰੇ ਦਰਦਾਂ ਵਾਲੇ ਗੀਤਾਂ ਖਾਤਿਰ
ਤੇਰੇ ਤੋਂ ਹੀ ਸੁਰ ਤੇ ਤਾਲ ਲਵਾਂ ਮੈਂ।
ਤੈਨੂੰ ਹਾਸੇ ਹਸਦੀ ਨੂੰ ਤਕਕੇ ਹੀ
ਕੀ ਦੱਸਾਂ ਕੀ ਸੁਪਨੇ ਪਾਲ ਲਵਾਂ ਮੈਂ।
ਤੇਰੇ ਮਗਰੋਂ ਜਿਸ ਨੂੰ ਸੀਨੇ ਲਾਵਾਂ
ਦਿਲ ਕਰਦਾ ਤੇਰੇ ਤੋਂ ਰੁਮਾਲ ਲਵਾਂ ਮੈਂ।
ਤੇਰੇ ਬਾਝੋਂ ਸਾਹ ਰੁਕਦੇ ਜਾਂਦੇ ਨੇ
ਪਾਣੀ ਬਾਝੋਂ ਚਾਹੇ ਟਾਲ ਲਵਾਂ ਮੈਂ।
ਆਪੇ ਹੋ ਮੇਰੇ ਜਾਲਾਂ ਦਾ ਪੰਛੀ
ਆਪੇ ਦਸਦੇ ਕਿਹੜਾ ਜਾਲ ਲਵਾਂ ਮੈਂ।
ਲੈ ਜਾਣਾ ਛੇਤੀ ਹੀ ਬਾਜਿਆਂ ਨਾਲ
ਤੇਰੇ ਖਾਤਿਰ ਸੁਰਖੀ ਲਾਲ ਲਵਾਂ ਮੈਂ।

**ਹਰਦੀਪ ਬਿਰਦੀ**
9041600900

# ਤਾਲੀਮ

ਹੱਸਣ ਲਈ ਯਾਦਾਂ, ਰੋਣ ਲਈ ਬਿਰਹਾ,
ਮੈਂ ਇਹ ਸਿੱਖ ਲਿਆ, ਰੋਣ ਤੇ ਕੁੱਝ ਨਹੀਂ ਮਿਲਦਾ।
ਕਰਨ ਲਈ ਨੇਕੀ, ਛੱਡਣ ਲਈ ਝੂਠ,
ਬੈਠਣ ਲਈ ਸੰਗਤ, ਖੜ੍ਹਨ ਲਈ ਸਿੱਖਿਆ।
ਤੁਰਨ ਲਈ ਤਾਪ, ਰੁਕਣ ਲਈ ਸੋਚ,
ਕਹਿਣ ਲਈ ਸੱਚ, ਸੁਣਨ ਲਈ ਮੱਤ।
ਹੱਸਣ ਲਈ ਯਾਦਾਂ, ਰੋਣ ਲਈ ਬਿਰਹਾ,
ਮੈਂ ਇਹ ਸਿੱਖ ਲਿਆ, ਰੋਣ ਤੇ ਕੁੱਝ ਨਹੀਂ ਮਿਲਦਾ।
ਪੜ੍ਹਨ ਲਈ ਚੇਹਰੇ, ਸਿੱਖਾਉਣ ਲਈ ਤੇਰੇ,
ਨੱਚਣ ਲਈ ਯਾਰ, ਟੱਪਣ ਲਈ ਪਹਾੜ।
ਜਾਣ ਲਈ ਦਰਬਾਰ, ਆਉਣ ਲਈ ਘਰਵਾਰ,
ਭੁੱਲਣ ਲਈ ਦੁਨੀਆਂ, ਯਾਦ ਲਈ ਤੂੰ ਹੀ ਤੂੰ।
ਹੱਸਣ ਲਈ ਯਾਦਾਂ, ਰੋਣ ਲਈ ਬਿਰਹਾ,
ਮੈਂ ਇਹ ਸਿੱਖ ਲਿਆ, ਰੋਣ ਤੇ ਕੁੱਝ ਨਹੀਂ ਮਿਲਦਾ।
ਨਿੱਤ ਲਈ ਯਾਰ, ਕਦੇ ਲਈ ਪਿਆਰ,
ਭੁਲੇਖੇ ਲਈ ਸਮੂਹ, ਮਿੱਤਰ ਲਈ ਤੂੰ ਹੀ ਤੂੰ।
ਸੱਚ ਲਈ ਰੱਬ, ਝੂਠ ਲਈ ਜ਼ਬ,
ਇਸ਼ਕ ਲਈ ਜਾਨ, ਵਿਸ਼ਵਾਸ ਲਈ ਕੁਰਬਾਨ।
ਹੱਸਣ ਲਈ ਯਾਦਾਂ, ਰੋਣ ਲਈ ਬਿਰਹਾ,
ਮੈਂ ਇਹ ਸਿੱਖ ਲਿਆ, ਰੋਣ ਤੇ ਕੁੱਝ ਨਹੀਂ ਮਿਲਦਾ।

**ਸੰਦੀਪ ਕੁਮਾਰ ਨਰ**

# ਦਾਨ ਦੇਣ ਦੀ ਕਲਾ





ਪਰਮਜੀਤ ਕੌਰ ਸਰਾਂ
89688 92929

ਸ੍ਰ. ਗੁਰਬਖਸ਼ ਸਿੰਘ ਕੇਸਰੀ ਜੀ ਨੇ ਆਪਣੀ ਪੁਸਤਕ 'ਸੰਖਿਆ ਕੋਸ਼' ਵਿੱਚ ਸੋਲ੍ਹਾਂ ਕਲਾਵਾਂ ਦਾ ਜ਼ਿਕਰ ਕੀਤਾ ਹੈ ਜਿਵੇਂ- ਗਿਆਨ ਕਲਾ,ਧਿਆਨ ਕਲਾ,ਹਠ ਕਲਾ,ਸੰਜਮ ਕਲਾ,ਧਰਮ ਕਲਾ,ਵਿੱਦਿਆ ਕਲਾ,ਜਤ ਕਲਾ,ਸਤ ਕਲਾ,ਅਕਲ ਕਲਾ,ਨਿਯਮ ਕਲਾ,ਚਾਤਰਤਾ ਕਲਾ,ਬ੍ਰਹਮ ਕਲਾ,ਪ੍ਰੇਮ ਕਲਾ,ਦਾਨ ਕਲਾ ਆਦਿ।ਚੰਗਾ ਤੇ ਸੁਚੱਜਾ ਜੀਵਨ ਜਿਉਣ ਲਈ ਇਹਨਾਂ ਕਲਾਵਾਂ ਨੂੰ ਸਿੱਖਣਾ ਬਹੁਤ ਜ਼ਰੂਰੀ ਹੈ। ਭਾਰਤੀ ਸੰਸਕ੍ਰਿਤੀ ਵਿੱਚ ਦਾਨ ਦੇ ਦੋ ਤਰ੍ਹਾਂ ਦੇ ਰੂਪਾਂ ਦੀ ਗੱਲ ਕੀਤੀ ਗਈ -ਇਕ ਨਿੱਤ ਅਤੇ ਦੂਜਾ ਨੈਮਿਤਿਕ।ਪਹਿਲਾ ਰੋਜ਼ ਕੀਤੇ ਜਾਣ ਵਾਲਾ ਦਾਨ ਅਤੇ ਦੂਜਾ ਕਿਸੇ ਵਿਸ਼ੇਸ਼ ਕਾਰਨ ਨਾਲ ਕੀਤੇ ਜਾਣ ਵਾਲਾ ਦਾਨ।ਚੌਹਾਂ ਵਰਣਾਂ ਲਈ ਦਾਨ ਕਰਨਾ ਲਾਜ਼ਮੀ ਹੈ ਪਰ ਦਾਨ ਦਾ ਅਧਿਕਾਰੀ ਕੇਵਲ ਬ੍ਰਾਹਮਣ ਨੂੰ ਹੀ ਮੰਨਿਆ ਗਿਆ।ਗੁਰੂ ਗ੍ਰੰਥ ਸਾਹਿਬ ਵਿੱਚ ਮਨੁੱਖ ਦੀ ਜੀਵਨ ਜਾਚ ਵਿੱਚ ਦਾਨ ਦਾ ਉਚੇਰਾ ਮਹੱਤਵ ਦਰਸਾਇਆ ਗਿਆ ਹੈ।ਸ਼ਰਤ ਇਹ ਹੈ ਕਿ ਦਾਨ ਦੇਣ ਵਾਲਾ ਦਸਾਂ ਨਹੁੰਆਂ ਦੀ ਕਿਰਤ ਵਿੱਚੋਂ ਕੁਝ ਦੇਵੇ। 'ਘਾਲਿ ਖਾਇ ਕਿਛੁ ਹਥਹੁ ਦੇਇ।ਨਾਨਕ ਰਾਹੁ ਪਛਾਣਹਿ ਸੇਇ'॥ਦਾਨ ਉਸੇ ਵਸਤੂ ਦਾ ਹੁੰਦਾ ਹੈ ਜੋ ਆਪਣੀ ਹੋਵੇ।ਸਿੱਖ ਧਰਮ ਵਿੱਚ ਕਿਸੇ ਖਾਸ ਵਰਗ ਨੂੰ ਦਾਨ ਦਾ ਅਧਿਕਾਰੀ ਨਹੀਂ ਦੱਸਿਆ ਗਿਆ ਅਤੇ ਨਾ ਹੀ ਕਿਸੇ ਖਾਸ ਮੌਕੇ ਜਾਂ ਖਾਸ ਅਵਸਥਾ ਵਿੱਚ ਦੇਣ ਦਾ ਜ਼ਿਕਰ ਹੈ। ਧਰਮ-ਅਰਥ ਕਾਰਜਾਂ ਲਈ 'ਦਸਵੰਧ' ਦੀ ਪਾਲਣਾ ਕਰਨ ਲਈ ਕਿਹਾ ਗਿਆ।'ਆਸਾ ਦੀ ਵਾਰ' ਵਿੱਚ ਗੁਰੂ ਨਾਨਕ ਸਾਹਿਬ ਲਿਖਦੇ ਹਨ-'ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ'॥ ਗੁਰਮਤਿ ਵਿਚ ਪਰੰਪਰਿਕ ਅਤੇ ਖਾਸ ਅਨੁਸ਼ਠਾਨਿਕ ਰਹੁ-ਰੀਤਾਂ ਨੂੰ ਸਵੀਕ੍ਰਿਤੀ ਨਹੀਂ ਦਿੱਤੀ ਗਈ।

ਦਾਨ ਕੇਵਲ ਪੈਸੇ ਦਾ ਹੀ ਨਹੀਂ ਹੋਰ ਵੀ ਕਈ ਤਰ੍ਹਾਂ ਨਾਲ ਹੋ ਸਕਦਾ ਹੈ,ਜਿਵੇਂ ਅੰਗ ਦਾਨ,ਖ਼ੂਨ ਦਾਨ,ਵਿੱਦਿਆ ਦਾਨ,ਗਿਆਨ ਦਾਨ,ਲੋਕ ਭਲਾਈ ਦੇ ਕੰਮਾਂ ਵਿੱਚ ਲੱਗੀਆਂ ਸੰਸਥਾਵਾਂ ਲਈ ਸਮਾਂ ਕੱਢਣਾ,ਲੋਕਾਂ ਵਿੱਚ ਕਿਸੇ ਤਰ੍ਹਾਂ ਦੀ ਜਾਗਰਤੀ ਪੈਦਾ ਕਰਨ ਲਈ ਜਤਨ ਕਰਨੇ ਆਦਿ।ਸਭ ਤੋਂ ਮਹੱਤਵਪੂਰਨ ਹੈ ਵਿੱਦਿਅਕ ਸੰਸਥਾਵਾਂ ਵਿੱਚ ਗਰੀਬ ਵਿਦਿਆਰਥੀਆਂ ਦੀ ਮਦਦ ਕਰਨਾ,ਨਿਆਸਰਿਆਂ,ਯਤੀਮਾਂ,ਰੋਗੀਆਂ,ਦੁਖੀਆਂ ਨੂੰ ਆਸਰਾ ਦੇਣਾ ਜਾਂ ਉਸ ਲਈ ਕਿਸੇ ਸਮਰੱਥ ਵਿਅਕਤੀਆਂ,ਸੰਸਥਾਵਾਂ ਦਾ ਧਿਆਨ ਦੁਆਉਣ ਦੇ ਜਤਨ ਕਰਨਾ।

ਦਾਨ ਤੇ ਭੇਟ ਵਿਚ ਅੰਤਰ---------

ਕਾਨੂੰਨੀ ਵਿਸ਼ਾ ਕੋਸ਼ ਅਨੁਸਾਰ ਆਮ ਜਨਤਾ ਜਾਂ ਲੋੜਵੰਦ ਨੂੰ ਦਿੱਤੀ ਵਸਤ ਦਾਨ ਹੁੰਦੀ ਹੈ।ਇਸ ਦਾ ਲਾਭ ਅਮੀਰ ਗਰੀਬ ਇਕ ਸਮਾਨ ਲੈ ਸਕਦੇ ਹਨ।ਪ੍ਰਮਾਤਮਾ ਦੇ ਨਾਂ 'ਤੇ ਜਾਂ ਪਿਆਰ ਸਵਰੂਪ ਦਿੱਤੀ ਵਸਤ ਭੇਟ ਅਖਵਾਉਂਦੀ ਹੈ।

ਦਾਨ ਦੇਣਾ ਇਕ ਕਲਾ ਕਿਵੇਂ ਹੈ ?

ਦਾਨ(ਦੇਣ ਦਾ ਕਰਮ) ਦੇ ਸਮਾਨਾਰਥੀ ਸ਼ਬਦ ਖੈਰ,ਤਿਆਗ,ਦਾਤ,ਧਰਮ,ਪੁੰਨ,ਬਖਸ਼ਿਸ਼ ਆਦਿ ਹਨ।ਕਿਸੇ ਵਸਤੂ ਤੋਂ ਆਪਣਾ ਅਧਿਕਾਰ ਸਮਾਪਤ ਕਰਕੇ ਕਿਸੇ ਦੂਸਰੇ ਦਾ ਅਧਿਕਾਰ ਸਥਾਪਿਤ ਕਰਨਾ ਹੈ।ਦਾਨੀ ਸੁਭਾਅ ਵਾਲੇ ਦਾਨ ਇਸ ਲਈ ਨਹੀਂ ਕਰਦੇ ਕਿ ਸੰਸਾਰ ਵਿਚ ਉਹਨਾਂ ਦੀ ਵਾਹ-ਵਾਹ ਹੋਵੇਗੀ ਤੇ ਉਹ ਇਸ ਯੋਗ ਹਨ।ਨਾ ਹੀ ਇਹ ਸੋਚ ਕੇ ਕਰਦੇ ਹਨ ਕਿ ਮੌਤ ਤੋਂ ਬਾਅਦ ਉਹਨਾਂ ਨੂੰ ਕੋਈ ਫਾਇਦਾ ਹੋਵੇਗਾ।ਇਸ ਦੁਨੀਆਂ ਵਿੱਚ ਹਰ ਕੋਈ ਮੰਗਤਾ ਹੈ।ਸਿੱਖ ਅਰਦਾਸ ਵਿੱਚ ਕਈ ਤਰ੍ਹਾਂ ਦੇ ਦਾਨ ਦੀ ਜਾਚਨਾ ਕਰਦਾ ਹੈ।ਕੋਈ ਮਨੁੱਖਾਂ ਨੂੰ ਬਣਾਉਣ ਵਾਲੇ ਤੋਂ ਮੰਗ ਰਿਹਾ ਹੈ ਅਤੇ ਕੋਈ ਉਸਦੇ ਬਣਾਏ ਮਨੁੱਖਾਂ ਤੋਂ।ਦਾਨੀ ਵਿਅਕਤੀ ਪਰਉਪਕਾਰ ਦੀ ਭਾਵਨਾ ਨਾਲ ਹਉਮੈਂ ਰਹਿਤ ਹੋ ਕੇ ਦਾਨ ਕਰਦਾ ਹੈ।ਦਾਨ ਦੀ ਕਲਾ ਜਾਣਨ ਵਾਲਾ ਇਹ ਭਲੀ-ਭਾਂਤ ਸਮਝਦਾ ਹੈ ਕਿ ਕਿਹੜਾ ਦਾਨ ਪ੍ਰਤੱਖ ਰੂਪ ਵਿੱਚ ਅਤੇ ਕਿਹੜਾ ਅਪ੍ਰਤੱਖ ਰੂਪ ਵਿੱਚ ਕੀਤਾ ਜਾਣਾ ਚਾਹੀਦਾ ਹੈ।ਕਿੱਥੇ ਦਾਨ ਕੀਤਾ ਜਾਵੇ ਅਤੇ ਕੀ ਦਾਨ ਕੀਤਾ ਜਾਵੇ ਤਾਂ ਜੋ ਦਾਨ ਸਹੀ ਥਾਂ ਤੇ ਸਾਰਥਕ ਹੋ ਸਕੇ।ਬਿਨਾਂ ਸੋਚੇ ਸਮਝੇ ਕਿਰਤ ਕਮਾਈ ਕਿਸੇ ਕਿਸੇ ਵਿਹਲੜ ਦੇ ਹੱਥ ਦੇ ਦੇਣਾ ਦਾਨ ਨਹੀਂ।ਇਹ ਉਸ ਲਈ ਐਸ਼ਪ੍ਰਸਤੀ ਦਾ ਸਾਧਨ ਹੀ ਬਣੇਗੀ।ਦਾਨ ਦਸਵੰਧ ਦੇਣ ਵਾਲਾ ਵਿਵੇਕਸ਼ੀਲ ਤੇ ਗਿਆਨਵਾਨ ਹੋਣਾ ਚਾਹੀਦਾ ਹੈ।ਕੁਝ ਦਾਨ ਜੋ ਕਿਸੇ ਗਰੀਬ ਦੀ ਧੀ ਦੇ ਵਿਆਹ ਵਿਚ ਮਦਦ ਕਰਕੇ ਜਾਂ ਨਿੱਜੀ ਤੌਰ ਤੇ ਕਿਸੇ ਦੀ ਮਦਦ ਕਰਕੇ ਕੀਤੇ ਜਾਂਦੇ ਹਨ ਜਾਂ ਜਿੱਥੇ ਕਿਸੇ ਦੇ ਸਵੈ-ਮਾਣ ਨੂੰ ਠੇਸ ਪਹੁੰਚਦੀ ਹੋਵੇ,ਪ੍ਰਚਾਰੇ ਨਹੀਂ ਜਾਣੇ ਚਾਹੀਦੇ।ਪਰ ਕੁਝ ਦਾਨ ਜਿਸਨੂੰ ਦੇਖ ਕੇ ਦੂਜਿਆਂ ਨੂੰ ਵੀ ਪ੍ਰੇਰਨਾ ਮਿਲੇ,ਲੋੜ ਦਾ ਪਤਾ ਲੱਗੇ,ਉਤਸ਼ਾਹ ਵਧੇ,ਜਿਸ ਨਾਲ ਹੋਰ ਲੋਕ ਵੀ ਮਦਦ ਲਈ ਆ ਜੁੜਨ,ਇਕ ਕਾਫਲਾ ਬਣ ਜਾਵੇ,ਇਕ ਸੰਸਥਾ ਦਾ ਰੂਪ ਬਣ ਜਾਵੇ,ਜ਼ਰੂਰ ਪ੍ਰਚਾਰੇ ਜਾਣੇ ਚਾਹੀਦੇ ਹਨ।ਦੇਖਿਆ ਜਾਂਦਾ ਹੈ ਕਿ ਕਈ ਵਾਰ ਕੁਝ ਲੋਕ ਕਿਸੇ ਨੂੰ ਕੋਈ ਖਾਣ ਵਾਲੀ ਚੀਜ਼ ਜਾਂ ਰੋਟੀ ਆਦਿਕ ਦੇ ਕੇ ਫੋਟੋਆਂ ਕਰਕੇ ਸ਼ੋਸ਼ਲ ਮੀਡੀਆ ਤੇ ਪਾ ਦਿੰਦੇ ਹਨ ਜੋ ਸਾਡੀ ਨਿਮਰਤਾ ਨਹੀਂ ਬਲਕਿ ਹੰਕਾਰ ਤੇ ਹੋਛੇਪਣ ਨੂੰ ਦਰਸਾਉਂਦਾ ਹੈ। ਇਸੇ ਕਲਾ ਦੀ ਗੱਲ ਗੁਰਮਤਿ ਵਿਚ ਕੀਤੀ ਗਈ ਹੈ-"ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥ ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ॥

ਨਾਨਕੁ ਆਖੈ ਰਾਹੁ ਏਹੁ ਹੋਰਿ ਗੱਲਾਂ ਸੈਤਾਨੁ"॥

# ਸ਼ਿਆਮੇ ਦੀ ਕੁੰਡੀ



ਸਾਡੇ ਆਲੇ ਸ਼ਿਆਮੇ ਸਿੱਧੂ ਕਿਆ ਨੂੰ ਭਾਈ ਐਤਕੀ ਬਿਜਲੀ ਦਾ ਬਿਲ ਆ ਗਿਆ।ਸ਼ਿਆਮੇ ਨੂੰ ਆਪ ਨੂੰ ਆਓਂਦਾ ਨਹੀਂ ਇੱਲ ਤੋਂ ਕੁੱਕੜ।ਅਖੇ ਬੇਬੇ ਤੇਜ਼ੀ ਨੂੰ ਲਿਆ ਬੁਲਾ ਕੇ, ਵਿਖਾਈਏ ਬਿਲ ਵੀ ਦਸ ਵੀਹ ਰੁਪਏ ਆਏ ਹੋਣਗੇ।ਆਪਾਂ ਤਾਂ ਸਾਰਾ ਕੁੱਝ ਕੁੰਡੀ ਤੇ ਕਰਦਿਆਂ।ਕੁੰਡੀ ਤਾਂ ਦਿਨ ਰਾਤ ਨਹੀਂ ਲਾਹੁੰਦੇ ।ਚੱਲ ਤਰੀਖ ਪੁੱਛਲਾਂਗੇ ਕਿਤੇ ਲੰਘ ਜਾਵੇ।ਭਰ ਆਵਾਂਗੇ ਵਕਤ ਨਾਲ ਹੀ।

ਬੇਬੇ ਗਈ ਤੇਜ਼ੀ ਨੂੰ ਲੈਣ ਆ ਗਿਆ ਤੇਜ਼ੀ।ਸ਼ਿਆਮ ਸਿਓਂ ਮੁੱਛਾਂ ਤੇ ਖੱਬੇ ਹੱਥ ਦੀ ਉਂਗਲ ਤੇ ਅੰਗੂਠਾ ਜਿਹਾ ਫੇਰ ਕੇ ਕਹਿੰਦਾ ਭਤੀਜ਼ ਬੈਠ ਮੰਜੇ ਤੇ।ਹੋਰ ਚਾਹ ਪੀਵੇਂਗਾ ਘੁੱਟ ਕੁ,, ਤੇਜੀ ਕਹਿੰਦਾ ਚਾਹ ਨੀ ਪੀਣੀ ਮੈਂ ਜਾਣਾ ।ਕੰਮ ਸੀ ਕੋਈ ਚਾਚਾ ,ਹਾਂ ਭਤੀਜ਼ ਕੰਮ ਸੀ ਆਹ ਬਿਲ ਵੇਖੀਂ ਮੰਜੇ ਤੇ ਪਏ ਸਿਰਹਾਣੇ ਥੱਲਿਓਂ ਬਿਲ ਕੱਢਿਆ।ਤੇਜ਼ੀ ਨੂੰ ਫੜਾ ਦਿੱਤਾ ਸ਼ੇਰਾ ਦੱਸੀ ਕੀ ਤਰੀਕ ਆ ਭਰਨ ਦੀ ਦਸ ਵੀਹ ਆਏ ਨੇ ਸਮੇਂ ਨਾਲ ਭਰ ਆਵਾਂਗੇ।ਕੀ ਗੱਲ ਕਰਦਾ ਚਾਚਾ ਦਸ ਵੀਹ ਕਿਵੇਂ ਤੇਜ਼ੀ ਨੇ ਕਿਹਾ...?ਹੋਰ ਕਿੰਨੇ ਆਓਂਣਗੇ ਆਪਾਂ ਤਾਂ ਸਾਰਾ ਕੁੱਝ ਹੀੜਕੁੰਡੀ ਤੇ ਕਰਦਿਆਂ ਸ਼ਿਆਮੇ ਨੇ ਕਿਹਾ।ਨਾਲੇ ਹੁਣ ਤਾਂ ਫੀਟਿੰਗ ਵੀ ਕਰਵਾ ਲਈ ਦੋ ਮਹੀਨੇ ਹੋਗੇ। ਤੇਜ਼ੀ ਨੇ ਕਿਹਾ ਬਿਲ ਦੇ 2743 ਰੁਪਏ ਨੇ।ਸ਼ਿਆਮਾ ਕੱਢੇ ਅੱਖਾਂ ਜਿਹੀਆਂ ਇਹ ਕੀ,,,,?,,ਬੇਬੇ ਕਹੇ ਮੈਂਨੂੰ ਕੀ ਪਤਾ ਆਪਾਂ ਤਾਂ ਕੁੰਡੀ ਲਾਓਨਿਆਂ ।ਹੁਣ ਤਾਂ ਆਪਾਂ ਕੁੰਡੀ ਲਾਓਂਣ ਦੀ ਵੀ ਥਾਂ ਬਦਲੀਆ ਸ਼ਿਆਮੇ ਨੇ ਕਿਹਾ।ਤੇਜ਼ੀ ਕਹਿੰਦਾ ਐਵੇ ਕਿਵੇਂ ਹੋ ਗਿਆ ਚਾਚਾ ਇਹ।ਸ਼ਿਆਮਾ ਚੱਲ ਪਿਆ ਮਾਣ ਆਦਰ ਕਰਨ।ਬੇਬੇ ਕਹਿੰਦੀ ਨਿਚਲਾ ਬੈਠਜਾ ਹੋਰ ਨਾ ਮੈਥੋਂ ਘੇਸਲੇ ਖਾ ਲਈਂ।ਸ਼ਿਆਮਾ ਕਹਿੰਦਾ ਚੱਲ ਬੇਬੇ ਜੋ ਹੋ ਗਿਆ ਕੋਈ ਨਾ,ਹੁਣ ਚਾਹ ਬਣਾ ਹੀਟਰ ਤੇ ਘੁੱਟ ਨਾਲੇ ਤੇਜ਼ੀ ਪੀ ਲਊ।ਜਾ ਓਏ ਤੇਜ਼ੀ ਕੁੰਡੀ ਲਾ ਹੀਟਰ ਚਲਾਈਏ।ਸਵੇਰੇ ਬਿਜਲੀ ਆਲੇ ਫਿਰਦੇ ਸੀ।ਓਦੋਂ ਉਤਾਰਨੀ ਪਈ।

ਤੇਜ਼ੀ ਕਹਿੰਦਾ ਚਾਚਾ ਕੁੰਡੀ ਕਿੱਥੋਂ ਲਾਓਂਣੀਆਂ।ਸਿਆਮਾ ਕਹਿੰਦਾ ਭਤੀਜ਼ ਓਥੇ ਲਾ ਦੇ ਇੱਟਾਂ ਜਿਹੀਆਂ ਦੇ ਓਹਲੇ।ਤੇਜ਼ੀ ਕੁੰਡੀ ਲਾਓਂਣ ਪੌੜੀ ਤੇ ਚੜ੍ਹ ਜਾਂਦਾ।ਤੇਜ਼ੀ ਦਿਮਾਗ ਲਾ ਕੇ ਸੋਚ ਦਾ ਕਿ ਇਹ ਤਾਰ ਕਿੱਧਰ ਜਾਂਦੀ ਆਹ ਕਿੱਧਰ ਨੂੰ।ਤੇਜ਼ੀ ਕਹਿੰਦਾ ਚਾਚਾ ਇੱਥੇ ਨਹੀਂ ਕੁੰਡੀ ਲਾਓਂਣ ਵਾਲਾ ਜੋੜ।ਸ਼ਿਆਮਾ ਕਹਿੰਦਾ ਕਿਓਂ ਭੁਕਾਈ ਮਾਰਦਾ ਆਹ ਵੇਖ ਲੈ ਗੌਰ ਨਾਲ ਮੋਮੀ ਕਾਗਜ਼ ਜਿਹਾ ਬੰਨਿਆਂ ਹੋਇਆ। ਤੇਜ਼ੀ ਕਹਿੰਦਾ ਚਾਚਾ ਇੱਥੋਂ ਕੁੰਡੀ ਲਾਓਂਣਾ ਤੂੰ।ਹੋਰ ਯਰ ਕਿੱਥੋਂ ਲੱਗੂ ਇੱਥੋਂ ਹੀ ਲੱਗਦੀਆ।ਰੋਜ ਲਾਓਂਨਿਆਂ ਹੀਟਰ ਚੱਲਦਾ,ਗਰਮੀਆਂ ਚ ਫਰਿਜ਼ ਕੂਲਰ ਮੋਟਰ ਸਭ ਚਲਾਇਆ ਇੱਥੋਂ ਹੀ ਹੋਰ ਕਿੱਥੋਂ।ਤੇਜ਼ੀ ਉੱਚੀ ਹੱਸਿਆ ਕਿ ਜਾ ਓਏ ਤੇਰੇ ਚਾਚਿਆ ।ਇਹ ਤਾਂ ਮੀਟਰ ਚੋਂ ਆਓਂਦੀਆ ਤਾਰ।ਬੇਬੇ ਹੱਥੋਂ ਚਾਹ ਆਲੀ ਪਤੀਲੀ ਥਾਂ ਤੇ ਹੀ ਸੁਟ ਗਈ।ਤੇ ਸਿਆਮਾ ਆਪਣੀ ਕਰਤੂਤ ਤੇ ਹੱਸਿਆ ਵੀ ਤੇ 2743 ਨੂੰ ਵੇਖ ਕੇ ਦੁਖੀ ਵੀ ਹੋਇਆ।ਸ਼ਿਆਮਾ ਕਹਿੰਦਾ ਬੇਬੇ ਫਿਰ ਆਪਾਂ ਮੀਟਰ ਚੋਂ ਹੀ ਕੁੰਡੀ ਲਾਓਂਦੇ ਰਹੇ ਹਾਹਾਹਾਹਾ ਜਮਾਂ ਜੱਗੋ ਤੇਰਵੀਂ ਹੋ ਗਈ ਗਰੀਬ ਨਾਲ ਰੱਬਾ।

ਮੱਖਣ ਸ਼ੇਰੋਂ ਵਾਲਾ
ਸੰਪਰਕ 98787-98726

# ਚੰਗੇ ਕਰਮ ਯਾਦ ਕਰਵਾਉਂਦੀ ਮੌਤ



ਅਸੀ ਮਨੁੱਖ ਜਾਤਿ ਨਾ ਜਾਨੇ ਕਿੰਨਿਆਂ ਯੋਨਿਆਂ ਤੋਂ ਬਾਅਦ ਜਾ ਕੇ ਧਰਤੀ ਤੇ ਸਮਾਜ ਵਿੱਚ ਜਨਮ ਲੈਂਦੇ ਹਾਂ ਜਨਮ ਲੈ ਕੇ ਆਪਾਂ ਇਸ ਸਮਾਜ ਵਿੱਚ ਆਪਣੇ ਕਈ ਰਿਸ਼ਤੇ ਬਣਾਉਂਦੇ ਹਾਂ ਮਾਂ ਦਾ ਰਿਸ਼ਤਾ, ਪਿਤਾ ਦਾ ਰਿਸ਼ਤਾ, ਭੈਣ ਭਰਾ ਦਾ ਰਿਸ਼ਤਾ ਜਾਂ ਫੇਰ ਦੋਸਤੀ ਦਾ ਰਿਸ਼ਤਾ ਪਰ ਸਾਡੇ ਇਨਸਾਨਾਂ ਦੀ ਸਬ ਤੋਂ ਬੁਰੀ ਆਦਤ ਇਹ ਹੈ ਕਿ ਅਸਾਂ ਜਿਉਂਦੇ ਜੀ ਆਪਣੀ ਹੋਸ਼ ਵਿੱਚ ਜਾਨੇ ਅਨਜਾਨੇ ਵਿੱਚ ਹਜਾਰਾਂ ਦੀ ਗਿਣਤੀ ਵਿੱਚ ਬੁਰੇ ਕਰਮ ਕਰਦੇ ਹਨ ਲੜ੍ਹਾਈ ਦੀ ਭਾਵਨਾ, ਈਰਖਾ ਦੀ ਭਾਵਨਾ, ਮਦਦ ਨਾ ਕਰਨ ਦੀ ਭਾਵਨਾ, ਨਾ ਝੁੱਕਣ ਦੀ ਭਾਵਨਾ ਪਰ ਇਨ੍ਹਾਂ ਭਾਵਨਾਵਾਂ ਨੂੰ ਜਨਮ ਦੇ ਕੇ ਅਸੀ ਕਿਤੇ ਨਾ ਕਿਤੇ ਆਪਣੇ ਬੁਰੇ ਕਰਮਾ ਨੂੰ ਸੱਦਾ ਦੇ ਰਹੇ ਹੁੰਦੇ ਹਨ। ਇਹ ਉਸ ਰੱਬ ਦਾ ਹੀ ਚੱਕਰ ਹੈ ਕਿ ਸਾਨੂੰ ਕਦੇ ਵੀ ਜਿਉਂਦੇ ਜੀ ਕਿਸੇ ਦੀ ਕਦਰ ਨਹੀ ਪੈਂਦੀ ਪਰ ਇੱਕ ਸਮੇਂ ਤੇ ਆ ਕੇ ਮਨੁੱਖ ਨੂੰ ਜਰੂਰ ਉਸ ਇਨਸਾਨ ਦੇ ਚੰਗੇ ਕਰਮਾਂ ਦਾ ਪਤਾ ਲੱਗਦਾ ਹੈ ਤੇ ਉਹ ਸਮਾਂ ਹੈ ਮੌਤ ਦਾ ਸਮਾਂ। ਜਦ ਇਨਸਾਨ ਉਸ ਸੱਚੇ ਰੱਬ ਦਵਾਰੇ ਚਲਾ ਜਾਂਦਾ ਹੈ ਤਾਂ ਇਨਸਾਨ ਦੀ ਸੋਚ ਹੀ ਬਦਲ ਜਾਂਦੀ ਹੈ ਤੇ ਫੇਰ ਉਹ ਬਸ ਉਸ ਇਨਸਾਨ ਦਿਆਂ ਚੰਗੀਆਂ ਗੱਲਾਂ ਤੇ ਚੰਗਾ ਕਰਮਾਂ ਨੂੰ ਯਾਦ ਕਰਦਾ ਹੈ ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਸਮਾਂ ਜਾਂ ਫੇਰ ਇਹ ਚੰਗੀਆਂ ਗੱਲਾਂ ਸਾਨੂੰ ਉਸ ਇਨਸਾਨ ਦੇ ਜੀਉਦੇ ਜੀ ਨਹੀ ਆਉਦੀਆਂ।

ਅੱਜ ਜਿਸ ਤਰ੍ਹਾਂ ਦਾ ਸਮਾਜ ਹੈ ਉਸ ਵਿੱਚ ਕਿਸੇ ਵੀ ਇਨਸਾਨ ਵਿੱਚ ਸਬਰ ਦਾ ਮਾਧਾ ਨਹੀ ਹੈ, ਭੈਣ ਭਰਾ ਛੋਟੀਆਂ ਛੋਟੀਆਂ ਜਿਹੀਆਂ ਗੱਲਾਂ ਤੇ ਮੂੰਹ ਵੱਟ ਕੇ ਪੂਰੀ ਜਿੰਦਗੀ ਲਈ ਰਿਸ਼ਤਾ ਤੋੜ ਦਿੰਦੇ ਹਨ, ਪੁੱਤ ਆਪਣੇ ਮਾਂ ਪਿਉ ਤੋਂ ਵੱਖਰਾ ਹੋ ਜਾਂਦਾ ਹੈ ਤੇ ਬਸ ਪੂਰੀ ਜਿੰਦਗੀ ਮਾਂ ਪਿਉ ਬੱਚਿਆਂ ਨੂੰ ਇੱਕਠੇ ਕਰਨ ਵਿੱਚ ਲਾ ਦਿੰਦੇ ਹਨ ਪਰ ਇਕ ਜਹਿਰ ਵਰਗੀ ਸੱਚਾਈ ਇਹ ਹੈ ਕਿ ਬੱਚੇ ਇੱਕਠੇ ਹੋ ਜਾਂਦੇ ਹਨ ਪਰ ਆਪਣਿਆ ਦੀ ਕੁਰਬਾਨੀ ਯਾਨਿ ਮਾਂ ਪਿਉ ਦੀ ਮੌਤ ਤੋ ਬਾਅਦ।

ਜਿਉਦੇ ਜੀ ਅਸੀ ਇੱਕ ਦੂੱਜੇ ਵਿੱਚ ਸੋ ਕੰਮਿਆ ਕੱਡਦੇ ਹਨ, ਸੋ ਬੁਰਾ ਭਲਾ ਕਹਿੰਦੇ ਹਨ ਪਰ ਉਸ ਇਨਸਾਨ ਦੀ ਅੰਤਿਮ ਵਿਦਾਈ ਵੇਲੇ ਹੀ ਸਾਨੂੰ ਕਿਉ ਉਸ ਦੇ ਚੰਗੇ ਕਰਮ ਯਾਦ ਆਉਂਦੇ ਹਨ, ਜੇ ਇਹ ਹੀ ਮਨੁੱਖ ਆਪਣੇ ਅੰਦਰ ਕਦਰ ਦੀ ਭਾਵਨਾ ਰੱਖੇ, ਸੇਵਾ ਕਰੇ ਜਾਂ ਹਰ ਇੱਕ ਦੇ ਨਾਲ ਪ੍ਰੇਮ ਵਰਗੇ ਸੰਬੰਧ ਰੱਖੇ ਤਾਂ ਇਸ ਦੁਨਿਆਂ ਵਿੱਚ ਮੌਤ ਦੀ ਉਮਰ ਘੱਟ ਜਾਵੇਗੀ ਤੇ ਕਿਸੇ ਇਨਸਾਨ ਦੇ ਜਾਨ ਵੇਲੇ ਸਾਡੇ ਇਸ ਮਨ ਵਿੱਚ ਕਿਸੇ ਵੀ ਤਰ੍ਹਾਂ ਦਾ ਸ਼ਿਕਵਾ ਨਹੀ ਰਹੇਗਾ।

ਮੈਂ ਬਹੁਤੀ ਵਾਰੀ ਆਪਣੇ ਆਸ ਪਾਸ ਇਹ ਵੇਖਿਆ ਹੈ ਕਿ ਹਰ ਇੱਕ ਦੀ ਜੁਬਾਨ ਵਿੱਚ ਇੱਕ ਹੀ ਗੱਲ ਹੁੰਦੀ ਹੈ ਕਿ ਸਾਡੇ ਕੋਲ ਸਮਾਂ ਨਹੀ ਜਾਂ ਮੈਂ ਕੰਮ ਵਿੱਚ ਰੁਝਿਆ ਹਾਂ ਪਰ ਇਹ ਸਮਾਂ ਤਾਂ ਸਾਨੂੰ ਕਦੇ ਨਹੀ ਛਡੇਗਾ ਕਿਉਕਿ ਅਸੀ ਸਾਰੇ ਇਸ ਦੇ ਗੁਲਾਮ ਬਣ ਚੁੱਕੇ ਹਾਂ, ਘੜੀ ਦੀਆਂ ਸੂਈਆਂ ਬਦਲਦੇ ਹੀ ਮਨੁੱਖ ਦੇ ਕੰਮ ਬਦਲ ਜਾਂਦੇ ਹਨ ਪਰ ਮਨੁੱਖ ਨੂੰ ਇਸ ਸਮੇਂ ਦੇ ਚੱਕਰ ਤੇ ਇਸ ਸਮੇਂ ਦੇ ਜਾਲ ਤੋਂ ਆਜਾਦ ਹੋਣ ਦੀ ਲੋੜ ਹੈ। ਅੱਜ ਬਹੁਤੇ ਪਰਿਵਾਰ ਅਜਿਹੇ ਹਨ ਜਿਨ੍ਹਾਂ ਵਿੱਚ ਸਾਰੇ ਵੱਖ ਵੱਖ ਰਹਿੰਦੇ ਹਨ ਤੇ ਮਾਤਾ ਪਿਤਾ ਪੂਰੀ ਜਿੰਦਗੀ ਇਹ ਕਹਿੰਦੇ ਰਹਿਣਗੇ ਕਿ ਇੱਕ ਵਾਰ ਉਨ੍ਹਾ ਨੂੰ ਆ ਕੇ ਮਿਲ ਲਵੋ ਪਰ ਸਮਾਂ ਏਨੀ ਛੇਤੀ ਕਦੇ ਕਿਸੇ ਨੂੰ ਨਹੀ ਛੱਡਦਾ ਤੇ ਹੁੰਦਾ ਵੀ ਇੰਝ ਹੀ ਹੈ ਕਿ ਉਹ ਬੱਚੇ ਸਮੇ ਦਾ ਕਾਰਣ ਦੇ ਕੇ ਆਪਣੇ ਮਾਤਾ ਪਿਤਾ ਨੂੰ ਮਿਲਣ ਨਹੀ ਆਉਦੇ ਫੇਰ ਚਾਹੇ ਬੇਸ਼ਕ ਉਹ ਉਨ੍ਹਾਂ ਦੀ ਮੌਤ ਤੋ ਬਾਅਦ ਸਾਰੇ ਕੰਮ ਛੱਡ ਕੇ ਆ ਜਾਵਣ। ਪਰ ਜੇ ਇਹ ਹੀ ਮਨੁੱਖ ਸਮੇਂ ਨੂੰ ਆਪਣੇ ਹਿਸਾਬ ਨਾਲ ਚਲਾ ਕੇ ਜਿੰਦਗੀ ਜਿਉਣਾ ਸ਼ੁਰੂ ਕਰਨ ਤਾਂ ਆਪਣੇ ਪੁੱਤਰਾਂ ਨੂੰ ਮਿਲਣ ਨੂੰ ਤਰਸਣ ਵਾਲੀ ਆਤਮਾ ਨੂੰ ਕਿੰਨੀ ਸ਼ਾਂਤੀ ਮਿਲੇਗੀ।

ਪਰ ਜਿੰਦਗੀ ਦਾ ਇੱਕ ਅਟੁੱਟ ਹਿੱਸਾ ਤੇ ਨਾ ਬਦਲਣ ਵਾਲੀ ਸੱਚਾਈ ਹੈ ਮੌਤ ਤੇ ਸੱਚ ਵਿੱਚ ਮੌਤ ਬਹੁਤ ਤਾਕਤਵਰ ਹੁੰਦੀ ਹੈ ਕਿਉਂਕ ਇਹ ਰੱਬ ਨੂੰ ਪਿਆਰੇ ਹੋ ਚੁੱਕੇ ਬੰਦੇ ਦੀ ਹਰ ਇੱਕ ਚੰਗੀਆਂ ਗੱਲਾਂ ਤੇ ਹਰ ਇੱਕ ਚੰਗੇ ਕਰਮਾਂ ਨੂੰ ਸਾਨੂੰ ਯਾਦ ਕਰਵਾਉਂਦੀ ਹੈ ਸਾਡੀਆਂ ਅੱਖਾਂ ਵਿੱਚ ਅਥਰੂ ਦੇ ਰੂਪ ਵਿੱਚ ਤਰਸਣ ਪਾ ਕੇ ਸਾਡੀ ਆਤਮਾ ਨੂੰ ਇਹ ਅਹਿਸਾਸ ਦਵਾਉਦੀ ਹੈ ਕਿ ਇਹ ਆਤਮਾ ਚੰਗੀ ਸੀ। ਮੌਤ ਦੇ ਰਾਹ ਹਰ ਇੱਕ ਨੇ ਜਾਉਣਾ ਹੈ ਪਰ ਮੌਤ ਤੋ ਪਹਿਲਾਂ ਜਿਹੜੀ ਚੀਜ ਤਾਕਤਵਰ ਹੈ ਉਹ ਹੈ ਸਮਾਂ ਤੇ ਜੇ ਅਸੀ ਜਿਉਂਦੇ ਜੀ ਉਸ ਇਨਸਾਨ ਦੀ ਕਦਰ ਕਰਿਏ ਤਾਂ ਇਸ ਦੁਨੀਆ ਵਿੱਚ ਸਬ ਪਾਸੇ ਸੁੱਖ ਹੀ ਸੁੱਖ ਹੋਵੇਗਾ ਕਿਉਂਕਿ ਜੇ ਉਹ ਬੰਦਾ ਰੱਬ ਨੂੰ ਪਿਆਰਾ ਹੋ ਗਿਆ ਤਾਂ ਸਾਡੇ ਰੋਣ ਤੇ, ਕੋਸਣ ਤੇ, ਕੁਰਲਾਉਣ ਤੇ ਵੀ ਉਹ ਵਾਪਿਸ ਨਹੀ ਆਵੇਗਾ।

ਜਾਨਵੀ ਬਿੱਠਲ
97819-29714



# ਚਿੱਠੀਆਂ ਤੋਂ ਵੱਟਸਐਪ ਸੁਨੇਹਿਆਂ ਤੱਕ

ਅਜਕੱਲ੍ਹ ਮੁੱਖ ਦਫਤਰ ਤੋਂ ਜਾਰੀ ਹੁੰਦੇ ਪੱਤਰ 'ਤੇ ਹੋਏ ਦਸਤਖ਼ਤਾਂ ਦੀ ਹਾਲੇ ਸਿਆਹੀ ਵੀ ਨਹੀਂ ਸੁੱਕੀ ਹੁੰਦੀ ਕਿ ਉਹ ਸਕਿੰਟਾਂ ਵਿੱਚ ਲੰਬਾ ਸਫ਼ਰ ਤੈਅ ਕਰ ਲੈਂਦਾ ਹੈ। ਅੱਖ ਦੇ ਫੋਰ ਵਿੱਚ ਹੀ ਉਹ ਅਣਗਿਣਤ ਗਰੁੱਪਾਂ ਦਾ ਸ਼ਿੰਗਾਰ ਬਣ ਜਾਂਦਾ ਹੈ। ਕਦੇ ਸੰਚਾਰ ਦੇ ਸਾਧਨ ਇੰਨੇ ਤੇਜ਼ ਰਫ਼ਤਾਰ ਹੋ ਜਾਣਗੇ, ਸੋਚ ਤੋਂ ਪਰ੍ਹਾਂ ਦੀ ਗੱਲ ਹੁੰਦੀ ਸੀ। 1996 ਦੀ ਪਹਿਲੀ ਤਿਮਾਹੀ ਵਿੱਚ ਸਾਡੇ ਪਿੰਡ ਅਖ਼ਬਾਰ ਆਉਣੀ ਸ਼ੁਰੂ ਹੋਈ ਸੀ। ਅਖਬਾਰਾਂ ਵੰਡਣ ਵਾਲਾ ਅੱਛਰ ਸਿੰਘ ਬੜਾ ਹਿੰਮਤੀ ਅਤੇ ਸਿਰੜੀ ਬੰਦਾ ਸੀ। ਕਈ ਪਿੰਡਾਂ ਵਿੱਚੋਂ ਹੋ ਕੇ ਸਾਈਕਲ ਰਾਹੀਂ 75-80 ਕਿਲੋਮੀਟਰ ਦਾ ਪੈਂਡਾ ਮਾਰ ਦਿਨ ਚੜ੍ਹਦੇ ਤੱਕ ਉਹ ਅਖ਼ਬਾਰ ਘਰੋ-ਘਰੀ ਪੁੱਜਦੀ ਕਰ ਦਿੰਦਾ ਸੀ। ਉਨ੍ਹਾਂ ਦਿਨਾਂ ਵਿੱਚ ਇੱਕ ਅਖ਼ਬਾਰੀ ਖ਼ਬਰ ਪੜ੍ਹੀ ਸੀ ਕਿ ਭਵਿੱਖ ਵਿੱਚ ਅਜਿਹੇ ਫੋਨ ਆ ਜਾਣਗੇ ਜਿਨ੍ਹਾਂ ਰਾਹੀਂ ਪਤਾ ਲਗ ਜਾਇਆ ਕਰੂਗਾ ਕਿ ਬੰਦਾ ਐਸ ਵੇਲੇ ਕਿੱਥੇ ਹੈ। ਖ਼ਬਰ ਪੜ੍ਹ ਕੇ ਬੜੀ ਹੈਰਾਨੀ ਹੋਈ ਕਿ ਕੀ ਅਜਿਹਾ ਵੀ ਹੋ ਸਕਦਾ ਹੈ। ਨਤੀਜਾ ਸਾਡੇ ਸਾਹਮਣੇ ਹੈ। ਹੁਣ ਇਹ ਮੋਬਾਈਲ ਸਾਰਿਆਂ ਦੇ ਖੀਸੇ ਦਾ ਸ਼ਿੰਗਾਰ ਬਣਿਆ ਹੋਇਆ ਹੈ। ਇੱਥੋਂ ਤੱਕ ਕਿ ਇਸਨੇ ਸਾਰਿਆਂ ਨੂੰ ਜਕੜ ਲਿਆ ਲਗਦਾ ਹੈ। ਜੇ ਕਿਤੇ ਮੋਬਾਈਲ ਘਰ ਰਹਿ ਜਾਵੇ ਤਾਂ ਬੰਦਾ ਗੁਆਚਿਆ-ਗੁਆਚਿਆ ਮਹਿਸੂਸ ਕਰਦਾ ਹੈ।

**ਮੋਬਾਇਲ ਘਰ ਰਹਿ ਜਾਏ ਬੰਦਾ ਹੀ ਗੁਆਚ ਜਾਂਦਾ**

ਸਾਡੇ ਪ੍ਰਾਇਮਰੀ ਜਮਾਤਾਂ ਵਿੱਚ ਪੜ੍ਹਨ ਵੇਲੇ ਸਕੂਲਾਂ ਵਿੱਚ ਆਪਸੀ ਸੰਚਾਰ ਦਾ ਜ਼ਰੀਆ ਸਿਰਫ ਰੁੱਕੇ ਹੁੰਦੇ ਸਨ। ਕਾਗਜ਼ ਦੇ ਇੱਕ ਟੁਕੜੇ 'ਤੇ ਸੁਨੇਹਾ ਲਿਖ ਕੇ ਸਕੂਲ ਦੀ ਸਭ ਤੋਂ ਵੱਡੀ ਜਮਾਤ ਭਾਵ ਪੰਜਵੀਂ ਦੇ ਦੋ ਮੁੰਡੇ ਲਾਗਲੇ ਪਿੰਡ ਦੇ ਸਕੂਲ ਲਈ ਭੇਜੇ ਜਾਂਦੇ ਸਨ। ਕਈ ਮੁੰਡੇ ਪਹਿਲਾਂ ਹੀ ਇਸ ਤਾਕ ਵਿੱਚ ਹੁੰਦੇ ਸਨ ਕਿ ਉਨ੍ਹਾਂ ਨੂੰ ਕਦੋਂ ਰੁੱਕਾ ਦੇ ਕੇ ਭੇਜਿਆ ਜਾਵੇ। ਇਹ ਮੁੰਡੇ ਦੂਜੇ ਸਕੂਲ ਤੱਕ ਪਗਡੰਡੀ ਰਾਹੀਂ ਪੈਦਲ ਜਾਂ ਖੇਤੋ-ਖੇਤੀਂ ਬੜੇ ਚਾਈਂ-ਚਾਈਂ ਜਾਂਦੇ। ਇੱਕ ਵਾਰ ਸਕੂਲੋਂ ਇਸ ਕੰਮ ਲਈ ਰਵਾਨਾ ਹੋਏ,ਛੁੱਟੀ ਹੋਣ ਤੱਕ ਹੀ ਸਕੂਲ ਵੜਦੇ। ਜਦੋਂ ਕਦੇ ਰਸਤੇ ਵਿੱਚ ਗੰਨੇ ਭੰਨ ਕੇ ਚੂਪਣ ਅਤੇ ਖੇਤਾਂ ਵਿੱਚੋਂ ਮੂਲੀਆਂ ਪੁੱਟ ਕੇ ਖਾਣ ਦੇ ਉਲਾਂਭੇ ਮਾਸਟਰ ਜੀ ਨੂੰ ਮਿਲਦੇ ਤਾਂ ਇਨ੍ਹਾਂ ਮੁੰਡਿਆਂ ਨੂੰ ਬਲੈਕਲਿਸਟ ਕਰਕੇ ਹੋਰਾਂ ਦੀ ਡਿਊਟੀ ਲਗ ਜਾਂਦੀ। ਜਿਸ ਸਕੂਲ ਵਿੱਚ ਇਹ ਰੁੱਕਾ ਪਹੁੰਚਦਾ, ਉਹ ਅਗਾਂਹ ਆਪਣੇ ਬੱਚਿਆਂ ਰਾਹੀਂ ਅਗਲੇ ਸਕੂਲ ਭੇਜ ਦਿੰਦੇ। ਇਸੇ ਤਰ੍ਹਾਂ ਅਗਾਂਹ ਲੜੀ ਬਣ ਜਾਂਦੀ। ਰੁੱਕਿਆਂ ਵਿੱਚ ਜੋ ਲਿਖਿਆ ਹੁੰਦਾ, ਬੱਚੇ ਉਹ ਰਸਤੇ ਵਿੱਚ ਹੀ ਪੜ੍ਹ ਲੈਂਦੇ।

**ਇੰਟਰਨੈੱਟ ਦੀ ਆਮਦ ਨੇ ਜ਼ਿੰਦਗੀ ਵਿੱਚੋਂ ਸਹਿਜਤਾ ਖਤਮ ਕੀਤੀ**

ਸਾਡੇ ਇੱਕ ਅਧਿਆਪਕ ਨੇ ਇੱਕ ਵਾਰ ਨਵੀਂ ਤਰਕੀਬ ਸੋਚੀ ਕਿ ਬੱਚੇ ਰੁੱਕੇ ਵਿੱਚ ਲਿਖੇ ਸੁਨੇਹੇ ਨੂੰ ਨਾ ਪੜ੍ਹ ਸਕਣ। ਉਹ ਲਿਖਦੇ ਸਮੇਂ ਉਰਦੂ ਵਾਂਗ ਸੱਜੇ ਪਾਸਿਓਂ ਖੱਬੇ ਵੱਲ ਨੂੰ ਪੰਜਾਬੀ ਦੇ ਪੁੱਠੇ ਅੱਖ਼ਰ ਲਿਖਦੇ ਸਨ ਜੋ ਸ਼ੀਸੇ ਵਿੱਚ ਦੇਖ ਕੇ ਹੀ ਪੜ੍ਹੇ ਜਾ ਸਕਦੇ ਸਨ। ਮਾਸਟਰ ਜੀ ਵਲੋਂ ਇਹ ਇੱਕ ਤਰ੍ਹਾਂ ਨਾਲ਼ ਸੀਲਬੰਦ ਚਿੱਠੀ ਹੁੰਦੀ ਸੀ। ਮਾਸਟਰ ਜੀ ਦੀ ਪੁੱਠੇ ਅੱਖ਼ਰ ਲਿਖਣ ਦੀ ਮੁਹਾਰਤ ਇੰਨੀ ਹੋ ਗਈ ਸੀ ਕਿ ਉਹ ਬੜੀ ਤੇਜ਼ੀ ਨਾਲ਼ ਇਹ ਕੰਮ ਕਰਦੇ ਸਨ। ਸਪੀਡ ਨਾਲ ਪੁੱਠੇ ਅੱਖ਼ਰ ਲਿਖਣੇ ਮੈਂ ਮਾਸਟਰ ਜੀ ਵੱਲ ਦੇਖ ਕੇ ਸਿੱਖੇ। ਕਰੀਬ ਬਾਰਾਂ ਕੁ ਸਾਲ ਪਹਿਲਾਂ ਸਕੂਲਾਂ ਵਿੱਚ ਕੰਪਿਊਟਰਾਂ ਦੀ ਪਹਿਲੀ ਖੇਪ ਪਹੁੰਚੀ। ਭਾਵੇਂ ਸੂਚਨਾਵਾਂ ਦਾ ਆਦਾਨ-ਪ੍ਰਦਾਨ ਹੁਣ ਵਰਗਾ ਤੇਜ਼ ਨਹੀਂ ਸੀ ਪਰ ਇੱਕ ਨਵੇਂ ਦੌਰ ਦਾ ਮੁੱਢ ਜ਼ਰੂਰ ਬੱਝਿਆ। ਵਕਤ ਨੇ ਅੰਗੜਾਈ ਲਈ। ਉਸ ਤੋਂ ਪਹਿਲਾਂ ਸਕੂਲਾਂ ਵਿੱਚ ਕਰਵਾਈਆਂ ਜਾਂਦੀਆਂ ਮਹੀਨਾਵਾਰ ਗਤੀਵਿਧੀਆਂ ਦੀ ਵੰਡ ਵਾਲਾ ਵਿੱਦਿਅਕ ਕੈਲੰਡਰ ਸਕੂਲਾਂ ਤੱਕ ਪਹੁੰਚਣਾ ਯਕੀਨੀ ਨਹੀਂ ਸੀ ਹੁੰਦਾ। ਮਹੀਨਾਵਾਰ ਮੀਟਿੰਗ ਵਿੱਚ ਜੇ ਕਿਤੇ ਮਿਲ ਗਿਆ ਤਾਂ ਮਿਲ ਗਿਆ , ਫਿਰ ਕਿੱਥੇ ਲੱਭਦਾ ਸੀ। ਇਹ ਕੈਲੰਡਰ ਹੁਣ ਵਰਗਾ ਰੰਗੀਨ ਅਤੇ ਵਧੀਆ ਨਹੀਂ, ਸਗੋਂ ਇੱਕ ਸਾਦੇ ਕਾਗਜ਼ 'ਤੇ ਮਸ਼ੀਨ ਨਾਲ਼ ਟਾਈਪ ਕੀਤਾ ਹੁੰਦਾ ਸੀ। ਸਾਡਾ ਇਸ ਵਿੱਦਿਅਕ ਕੈਲੰਡਰ ਦਾ ਪਿੱਛਾ ਕਰਨ ਦਾ ਮਕਸਦ ਨਵੰਬਰ ਮਹੀਨੇ ਵਿੱਚ ਵਿੱਦਿਅਕ ਟੂਰ ਲੈ ਕੇ ਜਾਣਾ ਹੁੰਦਾ ਸੀ। ਇਸ ਅਨੁਸਾਰ ਹੀ ਸਾਡਾ ਵਿੱਦਿਅਕ ਯਾਤਰਾ ਦਾ ਸਮੁੱਚਾ ਪ੍ਰੋਗਰਾਮ ਤੈਅ ਹੁੰਦਾ ਸੀ। ਇੱਕ ਸਾਲ ਤਾਂ ਇਹ ਕੈਲੰਡਰ ਸਾਡੇ ਹੱਥ ਲਗ ਗਿਆ, ਜਿਸਨੂੰ ਮੁੱਖ ਰੱਖ ਕੇ ਅਸੀਂ ਟੂਰ ਦੀ ਯੋਜਨਾ ਬਣਾ ਲਈ। ਦੂਜੇ ਸਾਲ ਅਸੀਂ ਇਸ ਕੈਲੰਡਰ ਨੂੰ ਲੱਭਦੇ ਜ਼ਿਲ੍ਹਾ ਦਫਤਰ ਤੋਂ ਮੁੱਖ ਦਫਤਰ ਪਹੁੰਚ ਗਏ। ਰਾਤ ਵੀ ਰਹਿਣਾ ਪਿਆ ਪਰ ਵਿੱਦਿਅਕ ਕੈਲੰਡਰ ਨਾ ਮਿਲਿਆ। ਦੂਜੇ ਦਿਨ ਨਿਰਾਸ਼ ਖਾਲੀ ਹੱਥ ਪਰਤੇ। ਸਕੂਲਾਂ ਵਿੱਚ ਦੇਰ ਸ਼ਾਮ ਵੇਲੇ ਅਚਾਨਕ ਐਲਾਨੀਆਂ ਜਾਂਦੀਆਂ ਛੁੱਟੀਆਂ ਦਾ ਵੀ ਸਵੇਰੇ ਸਕੂਲ ਜਾ ਕੇ ਹੀ ਪਤਾ ਲਗਦਾ ਹੁੰਦਾ ਸੀ।

ਹੁਣ ਇੰਟਰਨੈੱਟ ਦੀ ਪਹੁੰਚ ਅਤੇ ਤੇਜ਼ੀ ਨਾਲ਼ ਸਮੇਂ ਵਿੱਚ ਜ਼ਿਕਰਯੋਗ ਤਬਦੀਲੀ ਆਈ ਹੈ। ਵਾਟਸਐਪ ਗਰੁੱਪਾਂ ਰਾਹੀਂ ਜੇ ਕੋਈ ਪੁਰਾਣੀ ਤੋਂ ਪੁਰਾਣੀ ਚਿੱਠੀ ਦੀ ਮੰਗ ਕਰਦਾ ਹੈ ਤਾਂ ਸਕਿੰਟਾਂ ਵਿੱਚ ਹੀ ਪ੍ਰਾਪਤ ਹੋ ਜਾਂਦੀ ਹੈ। ਸੂਚਨਾਵਾਂ ਦਾ ਆਦਾਨ-ਪ੍ਰਦਾਨ ਇੰਨਾ ਤੇਜ਼ ਅਤੇ ਸੁਖਾਲਾ ਹੋ ਜਾਵੇਗਾ, ਸ਼ਾਇਦ ਕਿਸੇ ਨੇ ਕਲਪਨਾ ਵੀ ਨਹੀਂ ਸੀ ਕੀਤੀ। ਜੇਕਰ ਇਸ ਤਕਨਾਲਜੀ ਦੀ ਯੋਗ ਵਰਤੋਂ ਕੀਤੀ ਜਾਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਵੇਗੀ। ਸਾਡੇ ਅਸਲ ਕੰਮ 'ਤੇ ਇਸ ਸਹੂਲਤ ਦਾ ਮਾੜਾ ਪ੍ਰਭਾਵ ਨਹੀਂ ਪੈਣਾ ਚਾਹੀਦਾ। ਲੰਬੇ ਪੜਾਅ ਤੋਂ ਬਾਅਦ ਮਿਲੀ ਇਹ ਵੱਡੀ ਸਹੂਲਤ ਕਿਸੇ ਲਈ ਸਮੱਸਿਆ ਨਾ ਬਣੇ, ਇਸ ਗੱਲ 'ਤੇ ਗੌਰ ਕਰਨਾ ਸਾਡਾ ਫਰਜ਼ ਹੈ ਅਤੇ ਧਰਮ ਵੀ।

**ਅਮਰੀਕ ਸਿੰਘ ਦਿਆਲ**
**ਸੰਪਰਕ: 94638- 51568**

***ਸਿੱਠਣੀ ਸ਼ਬਦ ਦਾ ਮੂਲ ਸ਼ਬਦ 'ਸਿੱਠ' ਹੈ, ਜਿਸਦਾ ਅਰਥ ਹੈ ਹਾਸੇ ਮਖੌਲ ਰਾਹੀਂ ਵਿਅੰਗ ਕਰਨਾ। ਵਿਆਹ ਵਿੱਚ ਵਿਆਂਦੜ ਮੁੰਡੇ-ਕੁੜੀ ਦੇ ਨਾਨਕੇ ਪਿੰਡ ਦੀਆਂ ਔਰਤਾਂ ਅਤੇ ਦਾਦਕੇ ਪਿੰਡ ਦੀਆਂ ਔਰਤਾਂ ਵਿੱਚ ਹੁੰਦੇ ਸ਼ਾਬਦਿਕ ਮੁਕਾਬਲੇ ਨੂੰ ਹੀ ਸਿੱਠਣੀਆਂ ਕਿਹਾ ਜਾਂਦਾ ਹੈ, ਜਿਸ ਵਿੱਚ ਕੋਈ ਵੀ ਹਾਰ ਮੰਨਣ ਨੂੰ ਤਿਆਰ ਨਹੀਂ ਹੁੰਦਾ। ਦਾਦਕੇ ਅਤੇ ਨਾਨਕੇ ਪਿੰਡ ਦੀਆਂ ਔਰਤਾਂ ਇਕੱਠੀਆਂ ਹੋ ਕੇ ਇਕ-ਦੂਜੇ ਦੀ ਸ਼ਕਲ-ਸੂਰਤ, ਪਹਿਰਾਵੇ, ਖਾਣ-ਪੀਣ ਦੀਆਂ ਆਦਤਾਂ, ਆਰਥਿਕ ਸਥਿਤੀ ਉਪਰ ਵਿਅੰਗ ਕਰਦੀਆਂ ਹਨ, ਜਿਵੇਂ ਦਾਦਕੀਆਂ ਆਖਦੀਆਂ ਹਨ:-***





• ਜਸਪ੍ਰੀਤ ਕੌਰ ਸੰਘਾ
ਪਿੰਡ ਤਨੂੰਲੀ, ਹੁਸ਼ਿਆਰਪੁਰ

# ਹੁਣ ਕਿੱਧਰ ਗਈਆਂ ਵੇ....

ਪੰਜਾਬੀ ਲੋਕ ਗੀਤ ਪੰਜਾਬੀ ਸੱਭਿਆਚਾਰ ਦੀ ਜਿੰਦ-ਜਾਨ ਹਨ। ਇਹ ਲੋਕ ਗੀਤ ਲੋਕਾਂ ਦੁਆਰਾ ਆਪ ਸਿਰਜੇ ਗਏ ਹਨ। ਇਸੇ ਲਈ ਤਾਂ ਪੰਜਾਬੀਆਂ ਦੇ ਦਿਲਾਂ ਅੰਦਰ ਧੜਕਦੇ ਹਨ। ਪੰਜਾਬੀਆਂ ਕੋਲ ਖੁਸ਼ੀ ਹੋਵੇ ਜਾਂ ਗਮੀ, ਹਰ ਮੌਕੇ ਨਾਲ ਸੰਬੰਧਤ ਲੋਕ ਗੀਤ ਹਨ। ਸੁਹਾਗ, ਘੋੜੀਆਂ, ਛੰਦ, ਟੱਪੇ, ਮਾਹੀਏ ਇਹ ਸਾਰੇ ਲੋਕ ਗੀਤਾਂ ਦੇ ਹੀ ਵੱਖਰੇ-ਵੱਖਰੇ ਰੂਪ ਹਨ। ਇਹ ਸਾਰੇ ਲੋਕ ਗੀਤ ਪੰਜਾਬੀ ਸੱਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੇ ਹਨ। ਇਨ੍ਹਾਂ ਲੋਕ ਗੀਤਾਂ ਦਾ ਇਕ ਹੋਰ ਰੂਪ ਹੈ 'ਸਿੱਠਣੀਆਂ', ਜੋ ਵਿਆਹ ਦੀਆਂ ਰਸਮਾਂ ਨਾਲ ਸੰਬੰਧਤ ਹੁੰਦੀਆਂ ਹਨ। ਇਹ ਔਰਤਾਂ ਦਾ ਲੋਕ ਗੀਤ ਹੈ, ਜਿਸ ਨੂੰ ਉਹ ਰਲ ਕੇ ਗਾਉਂਦੀਆਂ ਹਨ। ਸਿੱਠਣੀਆਂ ਇਕ ਤਰ੍ਹਾਂ ਦੀਆਂ ਮਿੱਠੀਆਂ ਗਾਲਾਂ ਹਨ, ਜੋ ਵਿਆਹ ਦੀਆਂ ਰੌਣਕਾਂ ਨੂੰ ਚਾਰ ਚੰਨ ਲਗਾ ਦਿੰਦੀਆਂ ਹਨ।

ਸਿੱਠਣੀ ਸ਼ਬਦ ਦਾ ਮੂਲ ਸ਼ਬਦ 'ਸਿੱਠ' ਹੈ, ਜਿਸਦਾ ਅਰਥ ਹੈ ਹਾਸੇ ਮਖੌਲ ਰਾਹੀਂ ਵਿਅੰਗ ਕਰਨਾ। ਵਿਆਹ ਵਿੱਚ ਵਿਆਂਦੜ ਮੁੰਡੇ-ਕੁੜੀ ਦੇ ਨਾਨਕੇ ਪਿੰਡ ਦੀਆਂ ਔਰਤਾਂ ਅਤੇ ਦਾਦਕੇ ਪਿੰਡ ਦੀਆਂ ਔਰਤਾਂ ਵਿੱਚ ਹੁੰਦੇ ਸ਼ਾਬਦਿਕ ਮੁਕਾਬਲੇ ਨੂੰ ਹੀ ਸਿੱਠਣੀਆਂ ਕਿਹਾ ਜਾਂਦਾ ਹੈ, ਜਿਸ ਵਿੱਚ ਕੋਈ ਵੀ ਹਾਰ ਮੰਨਣ ਨੂੰ ਤਿਆਰ ਨਹੀਂ ਹੁੰਦਾ। ਦਾਦਕੇ ਅਤੇ ਨਾਨਕੇ ਪਿੰਡ ਦੀਆਂ ਔਰਤਾਂ ਇਕੱਠੀਆਂ ਹੋ ਕੇ ਇਕ-ਦੂਜੇ ਦੀ ਸ਼ਕਲ-ਸੂਰਤ, ਪਹਿਰਾਵੇ, ਖਾਣ-ਪੀਣ ਦੀਆਂ ਆਦਤਾਂ, ਆਰਥਿਕ ਸਥਿਤੀ ਉਪਰ ਵਿਅੰਗ ਕਰਦੀਆਂ ਹਨ, ਜਿਵੇਂ ਦਾਦਕੀਆਂ ਆਖਦੀਆਂ ਹਨ:-

'ਛੱਜ ਓਹਲੇ ਛਾਨਣੀ, ਪਰਾਤ ਓਹਲੇ ਡੋਈ ਓਏ,
ਨਾਨਕਿਆਂ ਦਾ ਮੇਲ ਆਇਆ
ਚੱਜ ਦੀ ਨਾ ਕੋਈ ਓਏ।'

ਅੱਗੋਂ ਨਾਨਕੀਆਂ ਵੀ ਚੁੱਪ ਨਹੀਂ ਬੈਠਦੀਆਂ, ਸਗੋਂ ਦਾਦਕੀਆਂ ਨੂੰ ਮੂੰਹ ਤੋੜ ਜਵਾਬ ਦਿੰਦੀਆਂ ਹਨ:-

'ਛੱਜ ਓਹਲੇ ਛਾਨਣੀ, ਪਰਾਤ ਓਹਲੇ ਤਵਾ ਓਏ,
ਦਾਦਕਿਆਂ ਦਾ ਮੇਲ ਦੇਖਿਆ
ਨਿਰਾ ਸੂਰੀਆਂ ਦੀ ਰਵਾ ਓਏ।'

ਇਨ੍ਹਾਂ ਸਿੱਠਣੀਆਂ ਵਿੱਚ ਵਿਆਂਦੜ ਨੂੰ ਸੰਬੋਧਿਤ ਕਰਕੇ ਵੀ ਨਾਨਕੀਆਂ-ਦਾਦਕੀਆਂ ਇਕ-ਦੂਜੇ ਨੂੰ ਵਿਅੰਗ ਕੱਸਦੀਆਂ ਹਨ, ਜਿਵੇਂ:-

'ਹੁਣ ਕਿਧਰ ਗਈਆਂ ਵੇ, ਪਾਲੀ ਤੇਰੀਆਂ ਨਾਨਕੀਆਂ,
ਹੁਣ ਭੇਡਾਂ ਦੇ ਵਾੜੇ ਵੇ, ਪਾਲੀ ਤੇਰੀ ਨਾਨਕੀਆਂ।'

ਅੱਗੋਂ ਨਾਨਕੀਆਂ ਜਵਾਬ ਦਿੰਦੀਆਂ ਹਨ:-

ਅਸੀਂ ਹਾਜ਼ਰ ਖੜੀਆਂ ਵੇ ਪਾਲੀ ਤੇਰੀਆਂ ਨਾਨਕੀਆਂ,
ਖਾਧੇ ਸੀ ਲੱਡੂ, ਜੰਮੇ ਸੀ ਡੱਡੂ
ਹੁਣ ਛੱਪੜ 'ਤੇ ਗਈਆਂ ਵੇ
ਪਾਲੀ ਤੇਰੀਆਂ ਦਾਦਕੀਆਂ।'

ਦਾਦਕੀਆਂ ਦੁਆਰਾ ਵਿਆਂਦੜ ਦੀ ਮਾਸੀ ਨੂੰ ਵੀ ਖੂਬ ਮਖੌਲ ਕੀਤਾ ਜਾਂਦਾ ਹੈ:-

'ਸਾਰੀਆਂ ਤੇ ਮੇਲਣਾਂ ਸੋਹਣੀਆਂ ਸੁਨੱਖੀਆਂ,
ਮਾਸੀ ਕੁੜੀਓ ਟੀਰੀ
ਪੈਸੇ ਦੀ ਇਕ ਵਿਕਦੀ
ਲੈ ਲਓ ਲਾਲ ਭੰਬੀਰੀ
ਪੈਸੇ ਦੀ ਇਕ ਵਿਕਦੀ।'

ਨਾਨਕੇ ਮੇਲ ਦਾ ਧੁਰਾ ਮਾਮੀ ਹੁੰਦੀ ਹੈ। ਇਸ ਲਈ ਦਾਦਕੀਆਂ ਵੱਲੋਂ ਵਿਆਂਦੜ ਦੀ ਮਾਮੀ 'ਤੇ ਵਿਸ਼ੇਸ਼ ਵਿਅੰਗ ਕੱਸੇ ਜਾਂਦੇ ਹਨ। ਸਾਰੀਆਂ ਦਾਦਕੀਆਂ ਦਾ ਨਿਸ਼ਾਨਾ ਮਾਮੀ ਹੀ ਹੁੰਦੀ ਹੈ:-

'ਮਾਮੀ ਡਾਰੀ ਚੜ੍ਹ ਗਈ ਡੇਕ,
ਟੁੱਟ ਗਿਆ ਡਾਹਣਾ ਆ ਗਈ ਹੇਠ
ਬਚੋ ਬਚੋ ਵੇ ਮੁੰਡਿਓ
ਚੁੱਕ ਲਓ, ਚੁੱਕ ਲਓ ਵੇ ਮੁੰਡਿਓ।'

ਜਾਂ

'ਮਾਮੀ ਡਾਰੀ ਨੇ ਜੌੜੇ ਜੰਮੇ,
ਇਕ ਬੱਕਰੀ ਇਕ ਲੇਲਾ,
ਮਾਮੀ ਇਹ ਕੀ ਰੌਣਕ ਮੇਲਾ।'

ਲੜਕੀ ਦੇ ਵਿਆਹ ਸਮੇਂ ਮੇਲਣਾਂ ਸਿੱਠਣੀਆਂ ਰਾਹੀਂ ਲਾੜੇ ਤੇ ਉਸਦੇ ਮਾਪਿਆਂ, ਰਿਸ਼ਤੇਦਾਰਾਂ ਤੇ ਬਾਕੀ ਜਾਂਞੀਆਂ ਨੂੰ ਵੀ ਹਾਸਾ-ਮਖੌਲ ਕਰਦੀਆਂ ਹਨ। ਲੜਕੀ ਵਾਲੇ ਜੋ ਹਮੇਸ਼ਾ ਲੜਕੇ ਵਾਲਿਆਂ ਸਾਹਮਣੇ ਨਿਵਚੇ ਹਨ, ਇਨ੍ਹਾਂ ਸਿੱਠਣੀਆਂ ਰਾਹੀਂ ਉਨ੍ਹਾਂ ਨੂੰ ਵੀ ਆਪਣੇ ਮਨ ਦਾ ਗੁੱਸਾ ਕੱਢਣ ਦਾ ਮੌਕਾ ਮਿਲਦਾ ਹੈ। ਉਂਝ ਵੀ ਇਸ ਖੱਟੀ-ਮਿੱਠੀ ਨੋਕ-ਝੋਕ, ਮਸ਼ਕਰੀਆਂ ਦਾ ਕੋਈ ਬੁਰਾ ਨਹੀਂ ਮਨਾਉਂਦਾ। ਮੇਲਣਾਂ ਦੁਆਰਾ ਆਮ ਤੌਰ 'ਤੇ ਲਾੜੇ ਨੂੰ ਮੁੱਖ ਨਿਸ਼ਾਨਾ ਬਣਾਇਆ ਜਾਂਦਾ ਹੈ ਤੇ ਉਸਦੀ ਸੂਰਤ, ਪਹਿਰਾਵੇ, ਖਾਣ-ਪੀਣ 'ਤੇ ਵਿਅੰਗ ਕੱਸੇ ਜਾਂਦੇ ਹਨ, ਜਿਵੇਂ :-

'ਬਾਰਾਂ ਮਹੀਨੇ ਅਸੀਂ ਤੱਕਣ ਤੱਕਿਆ,
ਫੇਰ ਵੀ ਲਾੜਾ ਤੁਸੀਂ ਕਾਲਾ ਈ ਰੱਖਿਆ,
ਸਾਬਣ ਲਾਣਾ ਸੀ
ਸਾਬਣ ਲਾਣਾ ਸੀ
ਨਿਲੱਜਿਓ ਲੱਜ ਤਹਾਨੂੰ ਨਹੀਂ।'

ਲਾੜੇ ਦੀਆਂ ਸਾਲੀਆਂ ਦੁਆਰਾ ਵੀ ਲਾੜੇ ਨਾਲ ਮਸ਼ਕਰੀਆਂ ਕੀਤੀਆਂ ਜਾਂਦੀਆਂ ਹਨ, ਜਿਵੇਂ:-

'ਕਦੀ ਨਾ ਵਾਹੀਆਂ ਬੋਦੀਆਂ ਜੀਜਾ,
ਕਦੇ ਨਾ ਲਾਇਆ ਤੇਲ
ਤੇਰੇ ਵਰਗੇ ਬੋਗੀਏ,
ਸਾਡੇ ਮਹਿਲੀਂ ਵੇਚਣ ਤੇਲ।'

ਇਨ੍ਹਾਂ ਸਿੱਠਣੀਆਂ ਰਾਹੀਂ ਮੇਲਣਾਂ ਲਾੜੇ ਦੇ ਪਿਓ ਅਤੇ ਉਸਦੀ ਮਾਂ ਨੂੰ ਵੀ ਮਖੌਲ ਕਰਦੀਆਂ ਹਨ:-

'ਸਭ ਗੈਸ ਬੁਝਾ ਦਿਓ ਜੀ,
ਸਾਡਾ ਕੁੜਮ ਚਮੁਖੀਆ ਦੀਵਾ
ਸਭ ਮਿਰਚਾਂ ਘੋਟੋ ਜੀ,
ਸਾਡਾ ਕੁੜਮ ਘੋਟਣੇ ਵਰਗਾ।'

ਲਾੜੇ ਦੀ ਮਾਂ ਨੂੰ ਵੀ ਮੇਲਣਾਂ ਮਖੌਲ ਕਰਦੀਆਂ ਹੋਈਆਂ ਆਖਦੀਆਂ ਹਨ:-

ਲਾੜੇ ਦੀ ਮਾਂ ਬੜੀ ਚੰਗੀ,
ਏਦੇ ਗਲ ਵਿੱਚ ਪਾ ਦਿਓ ਅੰਗੀ,
ਇਹਦੀ ਰਾਹ ਵਿੱਚ ਡਾਹ ਦਿਓ ਮੰਜੀ,
ਇਹਦੇ ਥੱਲੇ ਲੁਆ ਦਿਓ ਘੁੰਗਰੂ,
ਜਦ ਤੁਰਦੀ ਤਾਂ ਕਰਦੀ ਆ
ਟੁਣ-ਟੁਣ-ਟੁਣ।'

ਮੇਲਣਾਂ ਦੁਆਰਾ ਵਿਚੋਲਿਆਂ ਅਤੇ ਲਾੜੇ ਦੀ ਭੈਣ ਨੂੰ ਵੀ ਨਹੀਂ ਬਖਸ਼ਿਆਂ ਜਾਂਦਾ:-

'ਕੁੜਮੋ ਕੁੜਮੀ ਵਰਤਣਗੇ,
ਵਿਚੋਲੇ ਬੈਠੇ ਤਰਸਣਗੇ।'

ਇਸੇ ਤਰ੍ਹਾਂ :-

ਨਿੱਕੀ ਜਿਹੀ ਕੋਠੜੀਏ ਤੈਂ ਵਿੱਚ ਮੇਰਾ ਆਟਾ,
ਲਾੜੇ ਦੀ ਭੈਣ ਉੱਧਲ ਚੱਲੀ, ਲੈ ਕੇ ਧੌਲਾ ਝਾਟਾ।'


FREE ADMISSION
FREE PARKING, FREE FOOD-CAKE-PAAN TASTING
FREE HENNA, PHOTOS,T-SHIRTS, BAGS & RAFFLES
Exclusive Events, Maliha Khan Makeup & Aisha's Wedding Decor Present:
Sumit Arya & Maliha Khan's
DULHAN EXPO
Bridal Show
Wedding Planning & Lifestyle Expos for The Sophisticated South Asian Bride
Events Coordinated by: Events by Srishti
• 70 Vendors Per Expo; 100 Unique Ones Total
• Attend Both Expos for Maximum Choices
• Plan All Types of Events, Not Just Weddings
NORTH JERSEY
SUNDAY Dec.8 2019
12-6PM
PALISADIUM USA
CLIFFSIDE PARK
700 Palisadium Dr, Cliffside Park NJ 07010
SOUTH JERSEY
SUNDAY Dec.15 2019
12-6PM
CROWNE PLAZA
CHERRY HILL
2349 W. Marlton Pike, Cherry Hill NJ 08002
OFFICIAL VENDORS:
Coordination: Events by Srishti; Video: Ravinder Arora; Photo: John Martin/ Jayesh Production; Sound/AV: Exclusive Events/DJ Ricky; Stage Decor: Aisha's Wedding Decor; Fashion Show Choreography: Karamjit Bhinder
MEDIA SPONSORS:
Television & Radio: B4U Network, Hum TV, Aaj Tak, Apna Punjab, AwesomeTV
Radio: Easy96.com, Swaarg Sangeet Radio, AWSM Radio
Magazines: Gujarat Darpan, Za's Pages, India Life & Times, Tiranga
Newspapers: Desi Talk, Apna Punjab, Weekly Probash, Urdu Times, Preetnama
Online Media: ApneeCommunity.com, Sulekha.com, NJWedding.com
Wedding Planning . Designer Fashion Shows
Live Entertainment . Tons of Free Amenities
Jewelry/Fashion Shopping . Open to Public
17 Years . 93 Expos
6-7 Expos Per Year
65-75 Booths Per Expo
All Wedding Service Providers Under 1 Roof: Mandap Designers, Florists, Lighting, PhotoBooths, Deejays, Vocal Artists, Instrumentalists, Dancers, Cake, Makeup Artists, Mehndi Artists, Fashion Designers, Jewelers, Invitations, Limousines, Paan, Horse & Carriages, Casual Fashion/Jewelry & Much More
COME PLAN YOUR
Weddings
Receptions
Birthdays
Anniversaries
Sweet Sixteens
Graduations
Retirements
Corporate Events
Baby Showers
For Booths/Stalls at DulhanExpos, and other Marketing Ideas, Please Call/Text SUMIT ARYA:
1.844.4DULHAN
732.754.1894
For FREE Entry Passes, Directions & Additional Information, Please Visit our Website:
DulhanExpo.com
DulhanExpo provides it's Vendors a Promotional Platform & the Brides/Visitors a 1-Stop Shopping Convenience.
Dulhan Inc. is not responsible for any Claims made by the Vendors & Delivery of Raffles and/or Deals offered by them.
Please spend time Evaluating their Talent, Quality and Professionalism and Check all the References before Hiring them.
Makeup: Rajani Gupta Makeovers